ISSN 2394-8507
ਭੇਟਾ : ₹ ੫/-

ਮਾਸਿਕ

ਗੁਰਮਤਿ ਪ੍ਰਕਾਸ਼

ਜਿਲਦ : ੬੯ ਕੱਤਕ-ਮੱਘਰ ਸੰਮਤ ਨਾਨਕਸ਼ਾਹੀ ੫੫੭ ਨਵੰਬਰ ੨੦੨੫ ਅੰਕ : ੮
Vol. : 69 November 2025 Issue : 8

ਵਿਸ਼ੇਸ਼ ਅੰਕ

ਗੁਰਦੁਆਰਾ ਸੀਸ ਗੰਜ ਸਾਹਿਬ, ਦਿੱਲੀ
(ਸ਼ਹੀਦੀ ਅਸਥਾਨ ਪਾ: ਨੌਵੀਂ)



ਸੰਦੇਸ਼

ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਚਲਾਏ ਗਏ ਨਾਨਕ ਨਿਰਮਲ ਪੰਥ ਦੀਆਂ ਰੂਹਾਨੀ ਪਰੰਪਰਾਵਾਂ ਨੂੰ ਜਿੱਥੇ ਅਗਲੇਰੇ ਗੁਰੂ ਸਾਹਿਬਾਨ ਨੇ ਅੱਗੇ ਤੋਰਿਆ, ਉੱਥੇ ਪੰਚਮ ਪਾਤਸ਼ਾਹ ਦੀ ਸ਼ਹਾਦਤ ਨੇ ਇਸ ਵਿਚ ਇਕ ਨਵਾਂ ਮੋੜ ਲਿਆਂਦਾ ਜੋ ਕਿ ਬਾਅਦ ਵਿਚ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਤਕ ਸਿਖਰ 'ਤੇ ਪਹੁੰਚਿਆ। ਨੌਵੇਂ ਗੁਰੂ ਜੀ ਨੇ ਧਰਮ ਦੇ ਰੱਖਿਅਕ ਬਣ ਕੇ ਜਿੱਥੇ ਦੀਨਾਂ-ਮਜ਼ਲੂਮਾਂ ਦੀ ਰੱਖਿਆ ਕੀਤੀ, ਉੱਥੇ ਉਨ੍ਹਾਂ ਨੇ ਪੂਰੇ ਸੰਸਾਰ ਨੂੰ ਇਹ ਵੀ ਸੰਦੇਸ਼ ਦਿੱਤਾ ਕਿ ਮਨੁੱਖੀ ਹੱਕਾਂ ਦੀ ਰਾਖੀ ਕਿਵੇਂ ਕੀਤੀ ਜਾਂਦੀ ਹੈ। ਇਹ ਇਤਿਹਾਸ ਦੀ ਅਜਿਹੀ ਸ਼ਹਾਦਤ ਹੈ ਜਿਸ ਵਿਚ ਦੂਜਿਆਂ ਦਾ ਭਲਾ ਕਰਨਾ ਮੁੱਖ ਮੰਤਵ ਸੀ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਜਿੱਥੇ ਉਨ੍ਹਾਂ ਦੀ ਇਸ ਅਦੁੱਤੀ ਸ਼ਹਾਦਤ ਕਰਕੇ ਯਾਦ ਕੀਤਾ ਜਾਂਦਾ ਹੈ, ਉੱਥੇ ਗੁਰੂ ਜੀ ਨੇ ਆਪਣੀ ਬਾਣੀ ਰਾਹੀਂ ਮਨੁੱਖਤਾ ਨੂੰ ਇੱਕ ਅਕਾਲ ਪੁਰਖ ਦੇ ਲੜ ਲੱਗਣ ਅਤੇ ਨਿਰਭੈਤਾ ਵਾਲਾ ਜੀਵਨ ਜੀਉਣ ਦਾ ਵੀ ਉਪਦੇਸ਼ ਦਿੱਤਾ। ਗੁਰੂ ਜੀ ਬਾਬਾ ਬਕਾਲਾ ਸਾਹਿਬ ਦੀ ਪਾਵਨ ਧਰਤ ਸੁਹਾਵੀ ਉੱਪਰ ਅਕਾਲ ਪੁਰਖ ਦੇ ਸਿਮਰਨ ਵਿਚ ਲੀਨ ਰਹੇ। ਇੱਥੇ ਹੀ ਭਾਈ ਮੱਖਣ ਸ਼ਾਹ ਜੀ ਲੁਬਾਣਾ ਨੇ ਦੰਭੀ ਗੁਰੂਆਂ ਦਾ ਪਾਜ ਉਘਾੜਿਆ ਅਤੇ ਸੱਚੇ ਗੁਰੂ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਛਾਣ ਕਰ 'ਸਾਚਾ ਗੁਰੂ ਲਾਧੋ ਰੇ' ਕਹਿ ਪੱਲਾ ਫੇਰਿਆ। ਲੋਕਾਈ ਨੂੰ ਸੱਚ ਨਾਲ ਜੋੜਨ ਅਤੇ ਸੱਚ ਦਾ ਮਾਰਗ ਦੱਸਣ ਲਈ ਗੁਰੂ ਜੀ ਨੇ ਲੰਮੀਆਂ ਧਰਮ ਪ੍ਰਚਾਰ ਯਾਤਰਾਵਾਂ ਵੀ ਕੀਤੀਆਂ ਅਤੇ ਲੋਕਾਂ ਦੇ ਦੁਖੜੇ ਦੂਰ ਕੀਤੇ। ਇਤਿਹਾਸ ਗਵਾਹ ਹੈ ਕਿ ਸ਼ਰਨ ਆਏ ਕਸ਼ਮੀਰੀ ਪੰਡਿਤਾਂ ਅਤੇ ਦੀਨਾਂ-ਮਜ਼ਲੂਮਾਂ ਦੇ ਧਰਮ ਦੀ ਰਾਖੀ ਲਈ ਆਪ ਜੀ ਨੇ ਦਿੱਲੀ ਜਾ ਕੇ ਸ਼ਹਾਦਤ ਦਿੱਤੀ। ਗੁਰੂ ਜੀ ਦੀ ਸ਼ਹੀਦੀ ਉਪਰੰਤ ਗੁਰੂ-ਘਰ ਦੇ ਪ੍ਰੇਮੀ ਗੁਰਸਿੱਖ ਭਾਈ ਜੈਤਾ ਜੀ ਨੇ ਗੁਰੂ ਜੀ ਦੇ ਸੀਸ ਨੂੰ ਸਤਿਕਾਰ ਸਹਿਤ ਜਿੱਥੇ ਦਸਮੇਸ਼ ਪਿਤਾ ਜੀ ਕੋਲ ਸ੍ਰੀ ਅਨੰਦਪੁਰ ਸਾਹਿਬ ਪਹੁੰਚਾਇਆ, ਉੱਥੇ ਭਾਈ ਲੱਖੀ ਸ਼ਾਹ ਜੀ ਵਣਜਾਰਾ ਨੇ ਆਪਣੇ ਘਰ ਨੂੰ ਅੱਗ ਲਗਾ ਕੇ ਗੁਰੂ ਜੀ ਦੇ ਧੜ ਦਾ ਸਸਕਾਰ ਕੀਤਾ। ਗੁਰੂ ਜੀ ਦੁਆਰਾ ਮਨੁੱਖਤਾ ਉੱਪਰ ਕੀਤੇ ਗਏ ਪਰਉਪਕਾਰਾਂ ਸਦਕਾ ਗੁਰੂ ਜੀ ਨੂੰ 'ਧਰਮ ਦੀ ਚਾਦਰ' ਅਤੇ 'ਸ੍ਰਿਸ਼ਟੀ ਦੀ ਚਾਦਰ' ਕਹਿ ਕੇ ਸਤਿਕਾਰਿਆ ਜਾਂਦਾ ਹੈ।

ਐਸੇ ਦੀਨ-ਦਿਆਲ, ਮਜ਼ਲੂਮਾਂ ਦੇ ਰੱਖਿਅਕ, ਹੱਕ-ਸੱਚ ਦੇ ਰਾਖੇ, ਨੌਵੇਂ ਗੁਰੂ ਜੀ ਅਤੇ ਉਨ੍ਹਾਂ ਦੇ ਨਾਲ ਸ਼ਹੀਦ ਹੋਏ ਸਿੱਖਾਂ- ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀ 350-ਸਾਲਾ ਸ਼ਹੀਦੀ ਸ਼ਤਾਬਦੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ 350-ਸਾਲਾ ਗੁਰਿਆਈ ਦਿਵਸ ਨੂੰ ਨਵੰਬਰ ਮਹੀਨੇ ਸਮੁੱਚਾ ਸੰਸਾਰ ਬੜੀ ਸ਼ਰਧਾ ਅਤੇ ਭਾਵਨਾ ਨਾਲ ਮਨਾ ਰਿਹਾ ਹੈ। ਇਸ ਮੌਕੇ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਿੱਥੇ ਵੱਖ-ਵੱਖ ਪ੍ਰੋਗਰਾਮ ਉਲੀਕੇ ਗਏ ਹਨ, ਉੱਥੇ ਸੰਗਤ ਨੂੰ ਗੁਰ-ਇਤਿਹਾਸ ਅਤੇ ਨੌਵੇਂ ਗੁਰੂ ਜੀ ਦੀ ਬਾਣੀ ਦੇ ਫ਼ਲਸਫ਼ੇ ਤੋਂ ਜਾਣੂ ਕਰਵਾਉਣ ਹਿੱਤ ਆਪਣੇ ਮਾਸਿਕ ਪੱਤਰ 'ਗੁਰਮਤਿ ਪ੍ਰਕਾਸ਼' ਦਾ ਇਹ ਅੰਕ ਇਸ ਸ਼ਤਾਬਦੀ ਨੂੰ ਸਮਰਪਿਤ ਕਰ ਕੇ ਵਿਸ਼ੇਸ਼ ਅੰਕ ਦੇ ਰੂਪ ਵਿਚ ਪ੍ਰਕਾਸ਼ਿਤ ਕੀਤਾ ਗਿਆ ਹੈ। ਸਾਡਾ ਸਭ ਦਾ ਇਹ ਫ਼ਰਜ਼ ਬਣਦਾ ਹੈ ਕਿ ਅਸੀਂ ਗੁਰੂ ਜੀ ਦਾ ਗੁਣਗਾਣ ਕਰਦੇ ਹੋਏ ਇਸ ਵਿਸ਼ੇਸ਼ ਅੰਕ ਵਿਚਲੀਆਂ ਰਚਨਾਵਾਂ ਨੂੰ ਪੜ੍ਹ ਕੇ ਅਤੇ ਵਿਚਾਰ ਕੇ ਗੁਰੂ ਜੀ ਦੇ ਜੀਵਨ ਫ਼ਲਸਫ਼ੇ ਅਤੇ ਸ਼ਹਾਦਤ ਦੇ ਮੰਤਵ ਤੋਂ ਜਾਣੂ ਹੋਈਏ।

ਗੁਰੂ-ਪੰਥ ਦੇ ਦਾਸ

ਐਡਵੋਕੇਟ ਹਰਜਿੰਦਰ ਸਿੰਘ
ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ।

ਬਲਵਿੰਦਰ ਸਿੰਘ ਕਾਹਲਵਾਂ
ਸਕੱਤਰ, ਧਰਮ ਪ੍ਰਚਾਰ ਕਮੇਟੀ,
ਸ੍ਰੀ ਅੰਮ੍ਰਿਤਸਰ।

ੴ ਸਤਿਗੁਰ ਪ੍ਰਸਾਦਿ॥

ਗੁਰਮਤਿ ਸਾਚੀ ਸਾਚਾ ਵੀਚਾਰੁ॥

ਗੁਰਮਤਿ ਪ੍ਰਕਾਸ਼

(ਧਰਮ ਪ੍ਰਚਾਰ ਕਮੇਟੀ ਦਾ ਮਾਸਿਕ-ਪੱਤਰ)

ਕੱਤਕ-ਮੱਘਰ, ਸੰਮਤ ਨਾਨਕਸ਼ਾਹੀ ੫੫੭ ਨਵੰਬਰ 2025

ਜਿਲਦ ੬੯ (Vol. 69) ਅੰਕ ੦੮ (Issue 08)

ਸੰਪਾਦਕ
ਸਤਵਿੰਦਰ ਸਿੰਘ
ਸਹਾਇਕ ਸੰਪਾਦਕ
ਬਿਕਰਮਜੀਤ ਸਿੰਘ

ਚੰਦਾ

(ਦੇਸ਼)		(ਵਿਦੇਸ਼)	
ਪ੍ਰਤੀ ਕਾਪੀ	₹ 5	ਸਾਲਾਨਾ	₹ 1250
ਸਾਲਾਨਾ	₹ 50	ਪੰਜ ਸਾਲ	₹ 5000
ਪੰਜ ਸਾਲ	₹ 250	ਲਾਈਫ਼	₹ 10000
ਲਾਈਫ਼	₹ 500		

ਚੰਦਾ ਭੇਜਣ ਦਾ ਪਤਾ

ਸਕੱਤਰ
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ-੧੪੩੦੦੬

Secretary
Dharam Parchar Committee
(S.G.P.C.)
Sri Amritsar-143006

ਫੋਨ : 0183-2553956-59 ਐਕਸ 304 ਫੈਕਸ : 0183-2553919
website : www.sgpc.net
e-mail :gurmatparkashmonthly@gmail.com,
gyan_gurmat@yahoo.com

ਡਾਕ ਰਾਹੀਂ ਗੁਰਮਤਿ ਪ੍ਰਕਾਸ਼ ਨਾ ਪੁੱਜਣ ਬਾਰੇ ਉਪਰੋਕਤ ਫੋਨ ਨੰਬਰ ਮਿਲਾ ਕੇ ਇੰਚਾਰਜ ਗੁਰਮਤਿ ਪ੍ਰਕਾਸ਼ ਨਾਲ ਐਕਸ: 303 ਤੇ ਸੰਪਰਕ ਕਰੋ ਜੀ।

Approved for School libraries by the Director of Public Instructions Punjab
Vide Circular No. 4580-2/25-58-B-49154 Dated Oct. 1958

ਤਤਕਰਾ

ਗੁਰਬਾਣੀ ਵਿਚਾਰ		੫
ਸੰਪਾਦਕੀ		੬
ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਜੀਵਨ-ਆਦਰਸ਼	-ਡਾ. ਮਹੀਪ ਸਿੰਘ	੯
ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਜੀਵਨ	-ਡਾ. ਧਰਮ ਸਿੰਘ	੧੭
ਤਿਲਕ ਜੰਞੂ ਰਾਖਾ ਪ੍ਰਭ ਤਾ ਕਾ	-ਸ. ਗੁਰਚਰਨਜੀਤ ਸਿੰਘ ਲਾਂਬਾ	੨੫
ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਸੰਬੰਧੀ ਫ਼ਾਰਸੀ ਸਰੋਤਾਂ ਦਾ ਮੁਲਾਂਕਣ	-ਡਾ. ਪਿਆਰ ਸਿੰਘ	੨੯
ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀਆਂ ਸਮਕਾਲੀ ਪਰਸਥਿਤੀਆਂ	-ਡਾ. ਭਾਈ ਜੋਧ ਸਿੰਘ	੩੪
ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ	-ਸ. ਪਰਮਜੀਤ ਸਿੰਘ 'ਸੁਚਿੰਤਨ'	੪੪
ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ : ਮਨੁੱਖੀ ਅਧਿਕਾਰਾਂ ਦੇ ਸੰਦਰਭ 'ਚ	-ਬੀਬੀ ਮਨਮੋਹਨ ਕੌਰ	੫੬
ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸੇਵਕ ਅਤੇ ਸਨਮੁਖ ਸ਼ਹੀਦ...	-ਡਾ. ਰਾਜਵਿੰਦਰ ਸਿੰਘ 'ਜੋਗਾ'	੬੩
ਸਾਹਿਬ-ਏ-ਕਮਾਲ: ਸ੍ਰੀ ਗੁਰੂ ਗੋਬਿੰਦ ਸਿੰਘ ਜੀ	-ਪ੍ਰੋ. ਕਿਰਪਾਲ ਸਿੰਘ ਬਡੂੰਗਰ	੭੬
ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ: ਭਾਈ ਨੰਦ ਲਾਲ ਜੀ ਦੀ ਨਜ਼ਰ ਵਿਚ	-ਸ. ਰਣਧੀਰ ਸਿੰਘ	੮੨
ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਵਿਚਾਰਧਾਰਾ	-ਡਾ. ਤਾਰਨ ਸਿੰਘ	੮੪
ਤੇਗ ਹੇਠਾਂ ਬੈਠਿਆਂ ਜਦ ਇਸ਼ਕ ਸੀ	-ਡਾ. ਸਰਬਜੀਤ ਕੌਰ ਸੰਧਾਵਾਲੀਆ	੯੪
ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵਿਚ ਆਏ ਸੰਕੇਤ	-ਸਤਵਿੰਦਰ ਸਿੰਘ ਫੂਲਪੁਰ	੯੮
ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵਿਚ ਜਗਤ...	-ਸ. ਸੁਖਦੇਵ ਸਿੰਘ ਸ਼ਾਂਤ	੧੦੬
ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਦਾ ਉਪਦੇਸ਼	-ਬਿਕਰਮਜੀਤ ਸਿੰਘ ਜੀਤ	੧੧੩
ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਰਚਿਤ ਸਲੋਕ: ਇਕ ਅਧਿਐਨ	-ਡਾ. ਰਣਜੀਤ ਕੌਰ ਪੰਨਵਾਂ	੧੧੯
ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ	-ਡਾ. ਸ਼ਿਆਮ ਸੁੰਦਰ ਦੀਪਤੀ	੧੨੩
ਗੁਰਮਤਿ ਦੇ ਅਨਮੋਲ ਵਿਚਾਰ	-ਭਾਈ ਰੇਸ਼ਮ ਸਿੰਘ	੧੨੫
ਨਵੰਬਰ ਅਤੇ ਦਸੰਬਰ ੨੦੨੫ ਈ. ਦੇ ਗੁਰਪੁਰਬ ਅਤੇ ਇਤਿਹਾਸਿਕ ਦਿਹਾੜੇ		੧੨੭
ਖ਼ਬਰਨਾਮਾ		੧੨੯

ਗੁਰਬਾਣੀ ਵਿਚਾਰ

ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ॥
ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ॥
ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ॥
ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ॥
ਤਿਨ ਦੁਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ॥
ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ॥
ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ॥
ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ॥
ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ॥੧੦॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੫)

ਪੰਚਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ 'ਬਾਰਹ ਮਾਹਾ ਮਾਂਝ' ਦੀ ਇਸ ਪਾਵਨ ਪਉੜੀ ਦੇ ਮਾਧਿਆਮ ਦੁਆਰਾ ਮੱਘਰ ਮਹੀਨੇ ਦੀ ਰੁੱਤ ਅਤੇ ਇਸ ਨਾਲ ਜੁੜੇ ਸੱਭਿਆਚਾਰ ਦੇ ਪ੍ਰਥਾਏ ਮਨੁੱਖ-ਮਾਤਰ ਨੂੰ ਮਨੁੱਖਾ ਜੀਵਨ ਰੂਪੀ ਮੱਘਰ ਮਹੀਨਾ ਪ੍ਰਭੂ ਦੇ ਨਾਮ-ਸਿਮਰਨ ਅਤੇ ਸ਼ੁਭ ਅਮਲਾਂ ਦੁਆਰਾ ਸਫਲ ਕਰਨ ਦਾ ਗੁਰਮਤਿ ਗਾਡੀ ਮਾਰਗ ਦਰਸਾਉਂਦੇ ਹਨ। ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਮੱਘਰ ਮਹੀਨੇ ਦੀ ਠੰਡੀ ਮਿੱਠੀ ਬਹਾਰ ਵਿਚ ਉਹ ਜੀਵ-ਇਸਤਰੀਆਂ ਜੋ ਪਰਮੇਸਰ ਪਤੀ ਨਾਲ ਬੈਠੀਆਂ ਹਨ, ਉਹ ਸੋਭਦੀਆਂ ਹਨ। ਜਿਨ੍ਹਾਂ ਨੂੰ ਮਾਲਕ ਪ੍ਰਭੂ ਨੇ ਆਪਣੇ ਨਾਮ ਨਾਲ ਮੇਲ ਲਿਆ ਹੈ, ਉਨ੍ਹਾਂ ਦੀ ਸੋਭਾ ਕੀ ਕਹੀ ਜਾ ਸਕਦੀ ਹੈ? ਉਨ੍ਹਾਂ ਦਾ ਸਮੁੱਚਾ ਆਪਾ ਪਰਮਾਤਮਾ ਦੇ ਸੱਚੇ ਨਾਮ ਨਾਲ ਜੁੜ ਕੇ ਵਧਦਾ-ਫੁਲਦਾ ਹੈ, ਭਾਵ ਉਹ ਸਰੀਰਕ ਅਤੇ ਮਾਨਸਿਕ ਦੋਹਾਂ ਪੱਖਾਂ ਤੋਂ ਅਰੋਗ ਰਹਿੰਦੀਆਂ ਹਨ। ਗੁਰੂ ਜੀ ਪਰਮਾਤਮਾ ਦੇ ਸੱਚੇ ਨਾਮ ਨਾਲ ਜੁੜੇ ਮਨੁੱਖਾਂ ਦੀ ਸੁਖਾਵੀਂ ਅਨੰਦਮਈ ਮਾਨਸਿਕ-ਆਤਮਿਕ ਅਵਸਥਾ ਦਰਸਾਉਣ ਮਗਰੋਂ ਉਸ ਦੇ ਸੱਚੇ ਨਾਮ ਨੂੰ ਭੁੱਲੇ ਹੋਏ ਮਨੁੱਖਾਂ ਦੀ ਦੁਖਦਾਇਕ ਹਾਲਤ ਦਾ ਵਰਣਨ ਕਰਦੇ ਹੋਏ ਫੁਰਮਾਨ ਕਰਦੇ ਹਨ ਕਿ ਜਿਹੜੀਆਂ ਜੀਵ-ਇਸਤਰੀਆਂ ਚੰਗੀ ਸੰਗਤ ਤੋਂ ਬਾਹਰ ਜਾਂ ਦੂਰ ਰਹਿੰਦੀਆਂ ਹਨ ਉਹ ਇਕੱਲੀਆਂ ਰਹਿ ਜਾਂਦੀਆਂ ਹਨ ਭਾਵ ਉਨ੍ਹਾਂ ਨੂੰ ਇਹ ਮਨੁੱਖਾ ਜਨਮ ਪਾ ਕੇ ਵੀ ਪਿਆਰੇ ਪਰਮਾਤਮਾ ਦਾ ਮਿਲਾਪ ਹਾਸਲ ਨਹੀਂ ਹੁੰਦਾ। ਉਹ ਦੁਖ ਦੀ ਦਲਦਲ ਵਿਚ ਹੀ ਫਸੀਆਂ ਰਹਿੰਦੀਆਂ ਹਨ, ਉਨ੍ਹਾਂ ਨੂੰ ਕੋਈ ਨਾ ਕੋਈ ਦੁਖ ਲੱਗਾ ਹੀ ਰਹਿੰਦਾ ਹੈ। ਉਹ ਜਮਾਂ ਭਾਵ ਸਰੀਰਕ ਮੌਤ ਦੇ ਸਹਿਮ ਦੇ ਕਾਬੂ 'ਚ ਹੁੰਦੀਆਂ ਹਨ। ਸਤਿਗੁਰੂ ਜੀ ਫਿਰ ਦੁਬਾਰਾ ਸਹੀ ਜੀਵਨ-ਮਾਰਗ 'ਤੇ ਤੁਰੀਆਂ ਜੀਵ-ਇਸਤਰੀਆਂ ਦੀ ਚੰਗੀ ਅਵਸਥਾ ਦਾ ਵਰਣਨ ਕਰਦਿਆਂ ਕਥਨ ਕਰਦੇ ਹਨ ਕਿ ਜਿਨ੍ਹਾਂ ਜੀਵ-ਇਸਤਰੀਆਂ ਨੇ ਮਾਲਕ ਨੂੰ ਚਿਤਵਿਆ ਹੈ ਉਹ ਸੁਚੇਤ ਖੜ੍ਹੀਆਂ ਦਿੱਸਦੀਆਂ ਹਨ। ਕਹਿਣ ਤੋਂ ਭਾਵ ਉਹ ਵਿਕਾਰਾਂ ਤੇ ਔਗੁਣਾਂ ਤੋਂ ਸਦਾ ਬਚ ਕੇ ਰਹਿੰਦੀਆਂ ਹਨ। ਉਨ੍ਹਾਂ ਦੇ ਹਿਰਦੇ ਰੂਪੀ ਗਲੇ 'ਚ ਸਮਝੋ ਰਤਨਾਂ, ਜਵਾਹਰਾਂ ਤੇ ਲਾਲਾਂ ਦੇ ਹਾਰ ਸੋਭਦੇ ਹਨ। ਸਤਿਗੁਰੂ ਜੀ ਅੰਤ ਵਿਚ ਫੁਰਮਾਨ ਕਰਦੇ ਹਨ ਕਿਹੇ ਨਾਨਕ! ਉਨ੍ਹਾਂ ਸਤਸੰਗੀਆਂ ਦੀ ਚਰਨ-ਧੂੜ ਦੀ ਲੋਚਾ ਕਰੀਏ ਜੋ ਪ੍ਰਭੂ ਦੀ ਸਰਨ ਵਿਚ ਰਹਿੰਦੇ ਹਨ। ਜੇਕਰ ਜੀਵਨ-ਰੂਪੀ ਮੱਘਰ ਮਹੀਨੇ 'ਚ ਮਾਲਕ ਨੂੰ ਯਾਦ ਕਰ ਲਿਆ ਤਾਂ ਦੋਬਾਰਾ ਜਨਮ ਨਹੀਂ ਲੈਣਾ ਪਵੇਗਾ, ਮਾਲਕ ਨਾਲ ਪੂਰਨ ਮਿਲਾਪ ਹੋ ਜਾਵੇਗਾ!

ਸੰਪਾਦਕੀ...

ਲਾਸਾਨੀ ਸ਼ਹਾਦਤ

ਗੁਰੂ ਸਾਹਿਬਾਨ ਦਾ ਰੁਹਾਨੀ ਮਿਸ਼ਨ ਸੀ- ਜੀਵਾਂ ਦੇ ਦੁੱਖਾਂ-ਕਲੇਸ਼ਾਂ ਦਾ ਨਾਸ਼ ਕਰਨਾ, ਮਨੁੱਖਤਾ ਅੰਦਰੋਂ ਨਫ਼ਰਤ, ਝਗੜੇ, ਈਰਖਾ, ਖੁਦਗਰਜ਼ੀ ਅਤੇ ਧੱਕੇਸ਼ਾਹੀ ਖਤਮ ਕਰਨੀ, ਜੀਵਾਂ ਅੰਦਰ ਪ੍ਰਭੂ ਦੀ ਪ੍ਰੇਮਾ ਭਗਤੀ ਪੈਦਾ ਕਰਨੀ, ***ਏਕੁ ਪਿਤਾ ਏਕਸ ਕੇ ਹਮ ਬਾਰਿਕ*** *ਅਤੇ* ***ਨਾ ਕੋ ਬੈਰੀ ਨਹੀ ਬਿਗਾਨਾ*** *ਦਾ ਅਹਿਸਾਸ ਕਰਾਉਣਾ ਅਤੇ ਆਤਮਿਕ ਤੌਰ 'ਤੇ ਮੁਰਦਾ ਹੋ ਚੁੱਕੀ ਲੋਕਾਈ ਅੰਦਰ ਅਧਿਆਤਮਿਕ ਜੀਵਨ ਦੀ ਰੌਂ ਪੈਦਾ ਕਰਨੀ। ਇਸੇ ਲਈ ਮ੍ਰਿਤ ਭਾਰਤ ਨੂੰ ਅੰਮ੍ਰਿਤਦਾਨ ਦੁਆਰਾ ਸਜੀਵ ਕਰਨ ਵਾਲੇ ਜਗਤ-ਗੁਰੂ, ਨਾਨਕ ਨਿਰੰਕਾਰੀ ਦੀ ਪਰਮ ਜੋਤ ਨੇ ਦਸ ਜਾਮੇ ਧਾਰਨ ਕੀਤੇ ਸਨ।*

ਇਸੇ ਤਹਿਤ ਜਦੋਂ ਭਾਰਤ ਅੰਦਰ ਧਰਮ ਪਰਿਵਰਤਨ ਦੀ ਸੰਕਟਮਈ ਘੜੀ ਵਿਚ ਕਸ਼ਮੀਰੀ ਪੰਡਿਤਾਂ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਯਾਦ ਕੀਤਾ ਸੀ ਤਾਂ ਉਸ ਸਮੇਂ ਅਨਾਥ ਭਾਰਤ ਦੇ ਸਹਾਇਕ ਬਣ ਸ੍ਰੀ ਗੁਰੂ ਤੇਗ ਬਹਾਦਰ ਜੀ ਸਹਾਈ ਹੋਏ, ਮਜ਼ਲੂਮਾਂ ਦੀ ਬਾਂਹ ਫੜੀ ਅਤੇ ਆਪਣੀ ਸ਼ਹਾਦਤ ਦੇ ਕੇ ***'ਬਾਂਹਿ ਗਹੇ ਕੀ ਲਾਜ'*** *ਰੱਖ ਵਿਖਾਈ ਸੀ। ਸ਼ਰਨਾਗਤ ਪ੍ਰਤਿਪਾਲਕ ਗੁਰੂ ਜੀ ਨੇ ਸ਼ਰਨ ਆਇਆਂ ਦੇ ਧਰਮ ਦੀ ਰਾਖੀ ਕੀਤੀ ਸੀ।*

ਨੌਵੇਂ ਗੁਰੂ ਜੀ ਨੇ ਭਾਰਤੀ ਜਨਤਾ ਅੰਦਰ ਨਿਰਭਉ, ਨਿਰਵੈਰ ਅਤੇ ਸਵੈਮਾਣ ਪੈਦਾ ਕਰਨ ਲਈ ***ਜੋਧ ਮਹਾਬਲ ਸੂਰ*** *ਵਾਲੀ ਉੱਚ ਅਧਿਆਤਮਿਕ ਅਵਸਥਾ ਪੈਦਾ ਕੀਤੀ। ਇਸ ਅਵਸਥਾ ਲਈ* ***ਸੁਰਤਿ ਮਤਿ ਮਨਿ ਬੁਧਿ*** *ਦੀ ਨਵੇਂ ਸਿਰੇ ਤੋਂ ਅਨੂਪਮ ਘਾੜਤ ਲਈ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਕੋਲ ਜੁਗਤੀ ਸੀ, 'ਨਾਮ-ਸਿਮਰਨ'। ਨਾਮ-ਸਿਮਰਨ ਦੁਆਰਾ ਇਸ ਨਵੀਂ ਘਾੜਤ ਸਦਕਾ ਹੀ ਜੀਵਾਂ ਅੰਦਰ ਰੁਹਾਨੀ ਖੇੜਾ ਪੈਦਾ ਹੋਣਾ ਸੀ। ਸੁਰਤ ਬਲਵਾਨ ਹੋਣੀ ਸੀ। ਬਲਵਾਨ ਸੁਰਤ ਨੇ ਹੀ ਸਰੀਰ ਅੰਦਰ ਤਾਣ (ਬਲ) ਪੈਦਾ ਕਰਨਾ ਸੀ। ਇਸ ਰੁਹਾਨੀਅਤ ਭਰਪੂਰ ਬਲ ਨੇ ਜ਼ੁਲਮੀ ਬਲ ਨੂੰ ਪਛਾੜ ਕੇ ਧਾਰਮਿਕ ਸਹਿਣਸ਼ੀਲਤਾ ਵਾਲੇ ਧਰਮੀ ਰਾਜ ਦੀ ਸਥਾਪਨਾ ਕਰਨੀ ਸੀ। ਇਸ ਨਵੀਂ ਘਾੜਤ ਨਾਲ ਸਤ, ਸੰਤੋਖ, ਨੇਕੀ, ਦਇਆ, ਧਰਮ, ਧੀਰਜ ਆਦਿ ਸਦਗੁਣਾਂ ਵਾਲੇ ਰੁਹਾਨੀ ਜਿਊੜਿਆਂ ਦਾ ਸਮਾਜ ਬਣਨਾ ਸੀ, ਜਿਸ ਵਿਚ ਕਿਸੇ ਨਾਲ ਜਾਤ-ਪਾਤ, ਉੱਚ-ਨੀਚ ਦਾ ਵਿਤਕਰਾ ਨਾ ਹੋਵੇ। ਇਸ ਜੁਗ-ਬਦਲੀ ਵਾਲੇ ਰੁਹਾਨੀ ਮਿਸ਼ਨ ਨੂੰ ਸਾਕਾਰ ਕਰਨ ਲਈ ਨੌਵੇਂ ਪਾਤਸ਼ਾਹ ਨੇ ਆਪਣੇ ਪੂਰਬਲੇ ਗੁਰੂ ਸਾਹਿਬਾਨ ਵਾਂਗ ਨਾਮ-ਸਿਮਰਨ ਨੂੰ ਆਧਾਰ ਬਣਾਇਆ ਅਤੇ ਨਾਮ-ਸਿਮਰਨ ਦੀ ਸ਼ਕਤੀ ਨਾਲ ਜ਼ੁਲਮ ਅਤੇ ਜ਼ਾਲਮ ਨੂੰ ਠੱਲ੍ਹ ਪਾਉਣ ਦੀ ਜਾਚ*

ਸਿਖਾਈ। ਇਸੇ ਤਹਿਤ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਔਰਗਜ਼ੇਬ ਦੁਆਰਾ ਭਾਰਤ-ਵਾਸੀਆਂ ਦੀ ਕੀਤੀ ਜਾ ਰਹੀ ਧਾਰਮਿਕ ਬੇਹੁਰਮਤੀ ਨੂੰ ਆਪਣਾ ਸੀਸ ਦੇ ਕੇ ਰੋਕਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ **ੴ** ਤੋਂ ਲੈ ਕੇ **ਅਠਾਰਹ ਦਸ ਬੀਸ** ਤਕ ਬਾਰ-ਬਾਰ ਨਾਮ-ਸਿਮਰਨ ਦੀ ਗੱਲ ਆਈ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਪਣੀ ਬਾਣੀ ਅੰਦਰ ਬਾਰ-ਬਾਰ, **ਕਹੈ ਨਾਨਕੁ ਰਾਮੁ ਭਜਿ ਲੈ, ਹਰਿ ਜਸੁ ਰੇ ਮਨਾ ਗਾਇ ਲੈ, ਕਹੁ ਨਾਨਕ ਹਰਿ ਭਜੁ ਮਨਾ, ਕਹੁ ਨਾਨਕ ਮਨ ਸਿਮਰੁ ਤਿਹ, ਰਾਮੁ ਸਿਮਰਿ ਰਾਮੁ ਸਿਮਰਿ ਇਹੈ ਤੇਰੈ ਕਾਜਿ ਹੈ** ਦਾ ਉਪਦੇਸ਼ ਦ੍ਰਿੜ੍ਹ ਕਰਵਾਇਆ ਹੈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਪਣੇ ਜੀਵਨ-ਕਾਲ ਦੌਰਾਨ ਮਨੁੱਖਤਾ ਦੇ ਉੱਧਾਰ ਲਈ ਪ੍ਰਚਾਰ ਯਾਤਰਾਵਾਂ ਕੀਤੀਆਂ। ਨਾਮ-ਸਿਮਰਨ ਦਾ ਉਪਦੇਸ਼ ਦਿੱਤਾ। **ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ** ਵਾਲੀ ਆਦਰਸ਼ਕ ਜੀਵਨ-ਜੁਗਤੀ ਸਮਝਾਈ। ਲੋਕਾਂ ਵਿਚ ਵਿਚਰ ਕੇ ਉਨ੍ਹਾਂ ਦੇ ਦੁਖੜੇ ਸੁਣੇ ਅਤੇ ਹੱਲ ਕੀਤੇ। ਧਰਮ ਦੀ ਅਜ਼ਾਦੀ ਲਈ ਅਨਯਾਯ-ਕਾਲਕ ਗੁਰੂ ਜੀ ਨੇ ਆਪਾ ਨਿਛਾਵਰ ਕਰ ਕੇ ਆਪਣੇ ਸਰੀਰ ਰੂਪੀ ਚਾਦਰ ਨਾਲ ਮਨੁੱਖਤਾ ਦੇ ਦੁੱਖਾਂ ਨੂੰ ਢੱਕ ਲਿਆ। ਇਸੇ ਲਈ ਆਪ ਜੀ ਨੂੰ 'ਧਰਮ ਦੀ ਚਾਦਰ' ਅਤੇ 'ਸ੍ਰਿਸ਼ਟੀ ਦੀ ਚਾਦਰ' ਕਹਿ ਕੇ ਸਤਿਕਾਰਿਆ ਜਾਂਦਾ ਹੈ ਪਰੰਤੂ ਵਰਤਮਾਨ ਵਿਚ ਸਾਡੇ ਦੇਸ਼ ਅੰਦਰ ਹੀ ਗੁਰੂ ਸਾਹਿਬਾਨ ਵੱਲੋਂ ਕੀਤੇ ਪਰਉਪਕਾਰਾਂ ਨੂੰ ਭੁਲਾ ਦਿੱਤਾ ਗਿਆ। ਉਨ੍ਹਾਂ ਦੀਆਂ ਸਿੱਖਿਆਵਾਂ ਦੇ ਉਲਟ **ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ** ਦੀ ਥਾਂ 'ਤੇ ਅੱਜ ਧਾਰਮਿਕ ਕੱਟੜਤਾ ਦਾ ਯੁੱਗ ਫਿਰ ਪ੍ਰਜਵਲਿਤ ਹੋ ਚੁਕਾ ਹੈ। ਘੱਟ-ਗਿਣਤੀਆਂ ਨੂੰ ਮੁੜ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਬਸ, ਜੇ ਕੁਝ ਬਦਲਿਆ ਹੈ ਤਾਂ ਉਹ ਹੈ- ਹਕੂਮਤ। ਉਦੋਂ ਔਰਗਜ਼ੇਬ ਦੇ ਰਾਜ ਵਿਚ ਭਾਰਤ-ਵਾਸੀਆਂ 'ਤੇ ਅੰਨ੍ਹਾ ਜ਼ੁਲਮ ਹੋ ਰਿਹਾ ਸੀ ਤੇ ਹੁਣ ਮੌਜੂਦਾ ਕੇਂਦਰ ਦੀ ਸਰਕਾਰ ਘੱਟ-ਗਿਣਤੀਆਂ ਖਾਸ ਕਰਕੇ ਸਿੱਖਾਂ ਨੂੰ ਆਪਣੇ ਹੀ ਦੇਸ਼ ਵਿਚ ਬੇਗਾਨਗੀ ਦਾ ਅਹਿਸਾਸ ਕਰਵਾ ਰਹੀ ਹੈ, ਜਿਸ ਦੀ ਇਕ ਵੱਡੀ ਮਿਸਾਲ ਕਈ ਚਿਰਾਂ ਤੋਂ ਲਟਕ ਰਹੀ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਹੈ। ਸਿੱਖ ਕੌਮ ਨੂੰ ਕਈ ਪੱਖਾਂ ਤੋਂ ਸਮੇਂ-ਸਮੇਂ ਨੀਵਾਂ ਵਿਖਾਉਣ ਦੀ ਕੋਸ਼ਿਸ਼ ਵੀ ਸਿੱਧੇ ਜਾਂ ਅਸਿੱਧੇ ਤੌਰ 'ਤੇ ਵੀ ਕੀਤੀ ਜਾ ਰਹੀ ਹੈ। ਜਿਹੜੇ ਨੌਵੇਂ ਪਾਤਸ਼ਾਹ ਨੇ ਦਿੱਲੀ ਦੇ ਚਾਂਦਨੀ ਚੌਕ ਵਿਚ ਦੂਸਰਿਆਂ ਦੇ ਧਰਮ ਦੀ ਅਜ਼ਾਦੀ ਕਰਕੇ ਆਪਣੀ ਸ਼ਹਾਦਤ ਦਿੱਤੀ ਸੀ ਉਸ ਨੂੰ ਭੁਲ-ਭੁਲਾ ਕੇ ਹਾਕਮਾਂ ਵੱਲੋਂ ਆਪਣੀਆਂ ਮਨ-ਮਰਜ਼ੀਆਂ ਕੀਤੀਆਂ ਜਾ ਰਹੀਆਂ ਹਨ ਜੋ ਕਿ ਬੇਹੱਦ ਨਿੰਦਣਯੋਗ ਵਰਤਾਰਾ ਹੈ। ਘੱਟ-ਗਿਣਤੀਆਂ ਖ਼ਿਲਾਫ ਪੈਦਾ ਕੀਤੀ ਜਾਂ ਰਹੀ ਨਫਰਤ ਜਿੱਥੇ ਦੇਸ਼ ਨੂੰ ਅਸਥਿਰਤਾ

ਦੇ ਮਹੌਲ ਵੱਲ ਲਿਜਾ ਰਹੀ ਹੈ, ਉੱਥੇ ਮਨੁੱਖੀ ਅਧਿਕਾਰਾਂ ਦਾ ਵੀ ਘਾਣ ਹੋ ਰਿਹਾ ਹੈ।

ਵਿਸ਼ਵ ਪੱਧਰ ਉੱਪਰ ਅੱਜ ਜੋ ਮਨੁੱਖੀ ਅਧਿਕਾਰਾਂ ਅਤੇ ਵਿਸ਼ਵ ਸ਼ਾਂਤੀ ਦੀ ਗੱਲ ਕੀਤੀ ਜਾ ਰਹੀ ਹੈ, ਉਸ ਦਾ ਜਿੱਥੇ ਗੁਰਬਾਣੀ ਅੰਦਰ ਲਗਪਗ ੫੫੦-ਸਾਲ ਪਹਿਲਾਂ ਭਰਪੂਰ ਉਲੇਖ ਹੋਇਆ ਮਿਲਦਾ ਹੈ, ਉੱਥੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਅੱਜ ਤੋਂ ੩੫੦ ਸਾਲ ਪਹਿਲਾਂ ਧਰਮ ਦੀ ਅਜ਼ਾਦੀ ਦੇ ਅਧਿਕਾਰ ਲਈ ਆਪਣੀ ਸ਼ਹਾਦਤ ਦੇ ਕੇ ਇਸ ਨੂੰ ਵਿਵਹਾਰਿਕ ਰੂਪ ਵਿਚ ਲਾਗੂ ਕਰ ਦਿੱਤਾ ਸੀ। ਸਾਨੂੰ ਅਜਿਹੇ ਦੀਨ-ਦਇਆਲ, ਪਰਉਪਕਾਰੀ ਸਤਿਗੁਰੂ ਜੀ ਦੀ ੩੫੦ ਸਾਲਾ ਸ਼ਹੀਦੀ ਸ਼ਤਾਬਦੀ ਮਨਾਉਣ ਸਮੇਂ ਉਨ੍ਹਾਂ ਦੀਆਂ ਸਿੱਖਿਆਵਾਂ 'ਤੇ ਚੱਲਣਾ ਚਾਹੀਦਾ ਹੈ ਤੇ ਸਰਕਾਰਾਂ ਨੂੰ ਵੀ ਗੁਰੂ ਸਾਹਿਬ ਦੀ ਪਰਉਪਕਾਰੀ ਤੇ ਲਾਸਾਨੀ ਸ਼ਹੀਦੀ ਤੋਂ ਪ੍ਰੇਰਨਾ ਲੈਂਦੇ ਹੋਏ ਵਰ੍ਹਿਆਂ ਤੋਂ ਇਨਸਾਫ ਮੰਗ ਰਹੀ ਸਿੱਖ ਕੌਮ ਦੀਆਂ ਮੰਗਾਂ ਵੱਲ ਧਿਆਨ ਦੇਣਾ ਚਾਹੀਦਾ ਹੈ।

'ਗੁਰਮਤਿ ਪ੍ਰਕਾਸ਼' ਦਾ ਹਥਲਾ ਅੰਕ ਅਸੀਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀ ੩੫੦-ਸਾਲਾ ਸ਼ਹੀਦੀ ਸ਼ਤਾਬਦੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ੩੫੦-ਸਾਲਾ ਗੁਰਿਆਈ ਨੂੰ ਸਮਰਪਿਤ ਕਰਦਿਆਂ ਹੋਇਆਂ ਪ੍ਰਕਾਸ਼ਿਤ ਕਰ ਰਹੇ ਹਾਂ। ਇਸ ਅੰਕ ਵਿਚ ਜਿੱਥੇ ਪਾਠਕ-ਜਨਾਂ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ ਤੇ ਸ਼ਹਾਦਤ ਬਾਰੇ ਜਾਣਕਾਰੀ ਮਿਲੇਗੀ, ਉੱਥੇ ਉਨ੍ਹਾਂ ਦੁਆਰਾ ਉਚਰਿਤ ਬਾਣੀ ਵਿਚਲੇ ਵੱਖ-ਵੱਖ ਸਰੋਕਾਰਾਂ ਅਤੇ ਉਪਦੇਸ਼ਾਂ ਸੰਬੰਧੀ ਜਾਣਕਾਰੀ ਹਾਸਲ ਕਰ ਕੇ ਆਤਮਿਕ ਅਤੇ ਰੂਹਾਨੀ ਅਨੰਦ ਮਿਲੇਗਾ।

*ਅਜਿਹੇ ਮੌਕੇ 'ਤੇ **ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ** ਦੇ ਅਨੁਸਾਰ ਸਾਨੂੰ ਗੁਰੂ-ਦਰਸਾਏ ਮਾਰਗ ਉੱਪਰ ਚੱਲਦਿਆਂ ਹੋਇਆਂ ਪਰਮਾਤਮਾ ਦਾ ਨਾਮ-ਸਿਮਰਨ ਕਰ ਕੇ ਗੁਰੂ ਸਾਹਿਬ ਦੇ ਰੂਹਾਨੀ ਮਾਰਗ ਦੇ ਪਾਂਧੀ ਬਣਨਾ ਚਾਹੀਦਾ ਹੈ। ਨਿਰਭਉ-ਨਿਰਵੈਰ ਜਿਹੇ ਸਦਗੁਣਾਂ ਨੂੰ ਆਪਣੇ ਹਿਰਦੇ ਅੰਦਰ ਧਾਰਨ ਕਰ ਕੇ ਗੁਰੂ ਸਾਹਿਬਾਨ ਦੇ ਆਸ਼ਿਆਂ ਵਾਲੇ ਆਦਰਸ਼ਕ ਸਮਾਜ ਦੀ ਸਿਰਜਣਾ ਲਈ ਉੱਦਮਸ਼ੀਲ ਹੋਣਾ ਚਾਹੀਦਾ ਹੈ, ਤਾਂ ਹੀ ਅਸੀਂ ਗੁਰੂ ਜੀ ਦੀਆਂ ਖੁਸ਼ੀਆਂ ਅਤੇ ਬਖਸ਼ਿਸ਼ਾਂ ਦੇ ਪਾਤਰ ਬਣ ਸਕਾਂਗੇ ਅਤੇ ਗੁਰੂ ਜੀ ਹਮੇਸ਼ਾਂ ਸਾਡੇ ਅੰਗ-ਸੰਗ ਸਹਾਈ ਹੋਣਗੇ।*

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਜੀਵਨ-ਆਦਰਸ਼

*-ਡਾ. ਮਹੀਪ ਸਿੰਘ**

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ-ਆਦਰਸ਼ ਦਾ ਇਕ ਪੱਖ ਉਨ੍ਹਾਂ ਦਾ ਜੀਵਨ ਅਤੇ ਦੂਜਾ ਪੱਖ ਉਨ੍ਹਾਂ ਦੀ ਬਾਣੀ ਹੈ। ਗੁਰੂ ਸਾਹਿਬ ਦੀ ਬਾਣੀ ਵਿਚ ਪ੍ਰਗਟਾਵੇ ਦੀ ਇਕ ਬੜੀ ਦਿਲ-ਖਿੱਚਵੀਂ ਸਰਲਤਾ ਹੈ, ਜਿਹੜੀ ਪਾਠਕ ਨਾਲ ਆਪਣਾ ਸਿੱਧਾ ਤੇ ਡੂੰਘਾ ਸੰਬੰਧ ਉਤਪੰਨ ਕਰ ਲੈਂਦੀ ਹੈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਦਾ ਰਚਨਾ-ਪੱਖ ਦੋ ਸਥਿਤੀਆਂ ਨੂੰ ਸਮਾਨੰਤਰ ਢੰਗ ਨਾਲ ਸਾਡੇ ਸਾਹਮਣੇ ਰਖਦਾ ਹੈ। ਇਕ ਸਥਿਤੀ ਹੈ ਦੁਨਿਆਵੀ, ਜਿਸ ਵਿਚ ਧਨ-ਦੌਲਤ, ਪਤਨੀ-ਪੁੱਤਰ, ਲੋਭ, ਮੋਹ, ਕਾਮ, ਕ੍ਰੋਧ ਤੇ ਹੰਕਾਰ ਆਦਿਕ ਮਾਨਸਿਕ ਪ੍ਰਵਿਰਤੀਆਂ ਹਨ। ਇਸ ਪੱਖ ਨੂੰ 'ਮਾਇਆ' ਦਾ ਨਾਂ ਦਿੱਤਾ ਜਾ ਸਕਦਾ ਹੈ। ਦੂਜੀ ਸਥਿਤੀ ਵਾਹਿਗੁਰੂ-ਪਰਮਾਤਮਾ ਦੀ ਹੈ, ਜਿਸ ਵਿਚ ਮਾਇਆ ਤੋਂ ਮੁਕਤੀ, ਉਸ ਤੋਂ ਉਭਰ ਕੇ ਅਕਾਲ ਪੁਰਖ ਨਾਲ ਜੁੜਨ ਦੀ ਗੱਲ ਨੂੰ ਬਾਰ-ਬਾਰ ਦ੍ਰਿੜ੍ਹਾਇਆ ਗਿਆ ਹੈ। ਇਸ ਪੱਖ ਨੂੰ 'ਨਾਮ' ਕਿਹਾ ਗਿਆ ਹੈ।

ਮਨੁੱਖੀ ਸੰਕਟ ਕੀ ਹੈ? ਸੰਸਾਰ ਦੇ ਸਾਰੇ ਸੰਬੰਧ-ਰਿਸ਼ਤੇ, ਸਾਰੀਆਂ ਸੁਖ ਤੇ ਅਨੰਦ ਦੇਣ ਵਾਲੀਆਂ ਵਸਤਾਂ ਮਨੁੱਖ ਲਈ ਹਨ। ਮਨੁੱਖ ਸਾਧ ਹੈ, ਇਹ ਸਾਰੀਆਂ ਚੀਜ਼ਾਂ ਸਾਧਨ ਹਨ। ਇਹ ਚੀਜ਼ਾਂ ਮਨੁੱਖ ਨੂੰ ਵਿਆਪਕ ਬਣਾਉਂਦੀਆਂ ਹਨ, ਉਸ ਨੂੰ ਪੂਰਨਤਾ ਦਿੰਦੀਆਂ ਹਨ ਤੇ ਉਸ ਦੇ ਜੀਵਨ ਨੂੰ ਸਾਰਥਕ ਬਣਾਉਂਦੀਆਂ ਹਨ। ਪਰ ਹੁੰਦਾ ਕੀ ਹੈ? ਮਨੁੱਖ ਆਪਣੇ ਸੰਬੰਧਾਂ, ਸੁਖਾਂ, ਸਹੂਲਤਾਂ ਦਾ ਇੰਨਾ ਦਾਸ ਬਣ ਜਾਂਦਾ ਹੈ ਕਿ ਇਹ ਸਾਰੀਆਂ ਚੀਜ਼ਾਂ ਉਸ ਲਈ ਨਾ ਹੋ ਕੇ- ਉਹ ਇਨ੍ਹਾਂ ਚੀਜ਼ਾਂ ਲਈ ਹੋ ਜਾਂਦਾ ਹੈ। ਨਤੀਜਾ ਇਹ ਹੁੰਦਾ ਹੈ ਕਿ ਵਿਆਪਕਤਾ ਦੀ ਥਾਂ ਉਸ ਦੇ ਹੱਥ ਲਘੂਤਾ ਆਉਂਦੀ ਹੈ, ਪੂਰਨਤਾ ਦੀ ਬਜਾਏ ਉਹ ਟੁੱਟੇ-ਪਾਟੇ ਅਧੂਰੇਪਨ ਦਾ ਸ਼ਿਕਾਰ ਹੋ ਜਾਂਦਾ ਹੈ ਤੇ ਸਾਰਥਕਤਾ ਤੋਂ ਦੂਰੇਡਾ ਹੋ ਕੇ ਜੀਵਨ ਦੀ ਨਿਰਾਰਥਕਤਾ ਦੀ ਪੰਡ ਢੋਣ ਲੱਗ ਪੈਂਦਾ ਹੈ। ਉਸ ਅੱਗੇ ਕੋਈ ਵੱਡਾ ਆਦਰਸ਼ ਨਹੀਂ ਰਹਿੰਦਾ। ਸੁਖ ਦੀ ਭਾਲ ਵਿਚ ਉਹ ਕੂਕਰ ਬਣਿਆ ਦੁਆਰੇ-ਦੁਆਰੇ ਡੋਲਦਾ ਫਿਰਦਾ ਹੈ। ਤੇ ਜੇ ਉਸ ਨੂੰ ਕੁਝ ਲੱਭ ਜਾਏ ਤਾਂ ਕੰਚਨ, ਕਾਮਨੀ, ਨਿੱਕੇ-ਨਿੱਕੇ ਮਾਣ-ਅਪਮਾਨ, ਸੁਖ-ਦੁਖ, ਹਰਖ-ਸੋਕ, ਉਸਤਤ-ਨਿੰਦਿਆ ਵਿਚ ਘਿਰ ਕੇ ਰਹਿ ਜਾਂਦਾ ਹੈ।

ਗੁਰੂ ਸਾਹਿਬ ਆਪਣੀ ਬਾਣੀ ਦੁਆਰਾ ਮਨੁੱਖ ਨੂੰ ਇਨ੍ਹਾਂ ਦੋਹਾਂ ਸਥਿਤੀਆਂ ਦਾ

---

* *ਗੁਰਪੁਰਵਾਸੀ*

ਸਾਹਮਣਾ ਕਰਾਉਂਦੇ ਹਨ ਅਤੇ ਫਿਰ 'ਮਾਇਆ' ਤੋਂ ਉਭਰ ਕੇ ਨਾਮ ਨਾਲ ਜੁੜਨ ਦੀ ਪ੍ਰੇਰਨਾ ਦਿੰਦੇ ਹਨ।

ਗੁਰੂ ਸਾਹਿਬ ਦੇ ਵੇਲੇ ਦਾ ਸਮਾਜ ਆਪਣੇ ਵੱਡੇ ਜੀਵਨ ਆਦਰਸ਼ਾਂ ਨੂੰ ਭੁੱਲ ਕੇ ਕੰਚਨ-ਕਾਮਨੀ ਦੀ ਸੇਵਾ ਵਿਚ ਹੀ ਡੁੱਬਿਆ ਹੋਇਆ ਸੀ। ਇਹੋ ਜਿਹੇ ਵਿਅਕਤੀ ਦੀ ਮਨੋਦਸ਼ਾ ਪ੍ਰਗਟਾਉਂਦੇ ਹੋਏ ਉਨ੍ਹਾਂ ਫੁਰਮਾਇਆ:

ਕਹਉ ਕਹਾ ਅਪਨੀ ਅਧਮਾਈ॥
ਉਰਝਿਓ ਕਨਕ ਕਾਮਨੀ ਕੇ ਰਸ ਨਹ ਕੀਰਤਿ ਪ੍ਰਭ ਗਾਈ॥੧॥ਰਹਾਉ॥
ਜਗ ਝੂਠੇ ਕਉ ਸਾਚੁ ਜਾਨਿ ਕੈ ਤਾ ਸਿਉ ਰੁਚ ਉਪਜਾਈ॥
ਦੀਨ ਬੰਧ ਸਿਮਰਿਓ ਨਹੀ ਕਬਹੂ ਹੋਤ ਜੁ ਸੰਗਿ ਸਹਾਈ॥੧॥
ਮਗਨ ਰਹਿਓ ਮਾਇਆ ਮੈ ਨਿਸ ਦਿਨਿ ਛੁਟੀ ਨ ਮਨ ਕੀ ਕਾਈ॥
ਕਹਿ ਨਾਨਕ ਅਬਿ ਨਾਹਿ ਅਨਤ ਗਤਿ ਬਿਨੁ ਹਰਿ ਕੀ ਸਰਨਾਈ॥੨॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੭੧੮)

ਇਸ ਇਕ ਸ਼ਬਦ ਤੋਂ ਅਨੇਕ ਗੱਲਾਂ ਉਭਰ ਆਉਂਦੀਆਂ ਹਨ। ਮਾਇਆ ਦੇ ਪ੍ਰਪੰਚ ਵਿਚ ਫਸਿਆ ਹੋਇਆ ਮਨੁੱਖ ਸੋਨੇ ਤੇ ਇਸਤਰੀ ਵਿਚ ਫਸ ਕੇ ਰਹਿ ਜਾਂਦਾ ਹੈ। ਸੰਸਾਰ ਦੀਆਂ ਝੂਠੀਆਂ ਵਸਤਾਂ ਨੂੰ ਸੱਚ ਮੰਨ ਲੈਂਦਾ ਹੈ। ਕਿਉਂਕਿ ਉਹ ਰਾਤ-ਦਿਨ ਮਾਇਆ ਵਿਚ ਰੁੱਝਿਆ ਰਹਿੰਦਾ ਹੈ, ਇਸ ਲਈ ਉਸ ਦੇ ਮਨ ਤੋਂ ਅਗਿਆਨ ਦੀ ਕਾਈ ਦੂਰ ਨਹੀਂ ਹੁੰਦੀ। ਇਹੋ ਜੇਹੇ ਬੰਦੇ ਲਈ ਹਰਿ ਦੀ ਸ਼ਰਨ ਵਿਚ ਆਏ ਬਿਨਾਂ ਹੋਰ ਕਿਤੇ ਗਤੀ ਨਹੀਂ।

ਗੁਰੂ ਸਾਹਿਬ ਮਨੁੱਖ ਨੂੰ ਉਸ ਦੇ ਮੋਹ ਦੀਆਂ ਨਿੱਕੀਆਂ-ਨਿੱਕੀਆਂ ਹੱਦਾਂ ਤੋਂ ਕੱਢ ਕੇ ਵਾਹਿਗੁਰੂ ਨਾਮ ਦੀ ਵਿਆਪਕ ਜ਼ਮੀਨ ਉਤੇ ਲਿਆਉਣਾ ਚਾਹੁੰਦੇ ਸਨ, ਜਿੱਥੋਂ ਉਹ ਆਪਣੇ ਆਪ ਨੂੰ, ਆਪਣੇ ਸਮਾਜ ਤੇ ਚੌਗਿਰਦੇ ਨੂੰ ਵੇਖ ਸਕੇ। ਮਨੁੱਖ ਨੂੰ ਉਹ ਜਿਸ ਪਰਮਾਤਮਾ ਨਾਲ ਜੋੜਨਾ ਚਾਹੁੰਦੇ ਸਨ, ਉਹ ਉਸ ਤੋਂ ਕਿਤੇ ਦੂਰ ਦਾ ਵਾਸੀ ਪਰਮਾਤਮਾ ਨਹੀਂ ਸੀ। ਉਹ ਤਾਂ ਉਸ ਦੇ ਅੰਦਰ ਵੱਸੀ ਹੋਈ ਸਚਾਈ ਸੀ, ਜਿਸ ਨੂੰ ਉਹ ਆਪਣੀ ਸੰਕੁਚਿਤ ਮੋਹ ਦ੍ਰਿਸ਼ਟੀ ਨਾਲ ਭੁਲਾ ਬੈਠਾ ਸੀ। ਇਸੇ ਲਈ, ਉਨ੍ਹਾਂ ਲੋਕਾਂ ਲਈ, ਜਿਹੜੇ ਆਪਣੇ ਆਪ ਨੂੰ ਮਾਇਆ ਤੋਂ ਮੁਕਤ ਕਰ ਕੇ ਪਰਮਾਤਮਾ ਦੀ ਭਾਲ ਵਿਚ ਜੰਗਲਾਂ ਵਿਚ ਭਟਕਣ ਲਈ ਤੁਰ ਜਾਂਦੇ ਸਨ ਤੇ ਆਪਣੇ ਆਪ ਨੂੰ ਇਕ ਦੂਜੇ ਕਿਸਮ ਦੀ ਹੱਦ ਵਿਚ ਘੇਰ ਲੈਂਦੇ ਸਨ, ਕਿਹਾ- ਉਸ ਪਰਮਾਤਮਾ ਨੂੰ ਲੱਭਣ ਲਈ ਬਨਾਂ ਵਿਚ ਜਾਣ ਦੀ ਲੋੜ ਨਹੀਂ। ਉਹ ਤਾਂ ਤੁਹਾਡੇ ਅੰਦਰ ਉਸੇ ਤਰ੍ਹਾਂ ਵੱਸਿਆ ਹੋਇਆ ਹੈ, ਜਿਵੇਂ ਫੁੱਲ ਵਿਚ ਉਸ ਦੀ ਵਾਸ਼ਨਾ ਤੇ ਸ਼ੀਸ਼ੇ ਵਿਚ ਪਰਛਾਵਾਂ। ਇਸ ਲਈ ਸਭ ਤੋਂ ਪਹਿਲਾਂ ਆਪਣੇ ਆਪ ਨੂੰ ਪਛਾਣੋਂ ਕਿਉਂਕਿ ਆਪਣੇ ਆਪ ਨੂੰ ਪਛਾਣੇ ਬਗੈਰ ਅੰਦਰੋਂ ਭੁਲੇਖੇ ਦੀ ਛਾਈ ਮਿਟਦੀ ਨਹੀਂ।[੧]

ਮਨੁੱਖ ਆਪਣੇ ਆਪ ਨੂੰ ਪਛਾਣ ਕੇ ਜਿਸ ਵਾਹਿਗੁਰੂ ਨਾਲ ਜੁੜਦਾ ਹੈ, ਉਹ ਗੁਣਾਂ ਦੀ ਖਾਨ ਹੈ, ਪਰ ਗੁਰੂ ਸਾਹਿਬ ਉਸ ਦੇ ਕੁਝ ਵਿਸ਼ੇਸ਼ ਗੁਣਾਂ ਵਲ ਇਸ਼ਾਰਾ ਕਰਦੇ ਹਨ–

ਪਤਿਤ ਉਧਾਰਨ ਭੈ ਹਰਨ ਹਰਿ ਅਨਾਥ ਕੇ ਨਾਥ॥
ਕਹੁ ਨਾਨਕ ਤਿਹ ਜਾਨੀਐ ਸਦਾ ਬਸਤੁ ਤੁਮ ਸਾਥਿ॥੬॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੬)

ਉਹ ਪਤਿਤਾਂ ਦਾ ਉਧਾਰਕ ਹੈ, ਭੈ ਦਾ ਨਾਸ਼ ਕਰਨ ਵਾਲਾ ਹੈ ਤੇ ਅਨਾਥਾਂ ਦਾ ਨਾਥ ਹੈ। ਨਾਲ ਹੀ, ਉਹ ਸਦਾ ਸਾਡੇ ਨਾਲ ਰਹਿੰਦਾ ਹੈ।

ਉਸ ਵੇਲੇ ਦਾ ਸਮਾਜ ਕਿਹੋ ਜਿਹਾ ਸੀ? ਲੋਕੀਂ ਕਿਤੇ ਹਕੂਮਤ ਵੱਲੋਂ ਪਤਿਤ ਕੀਤੇ ਜਾ ਰਹੇ ਸਨ ਤੇ ਕਿਤੇ ਉਸ ਸਮਾਜ ਵੱਲੋਂ ਵੀ, ਜਿਹੜਾ ਕਿਸੇ ਨੀਵੀਂ ਜਾਤ ਦੇ ਬੰਦੇ ਦੀ ਛਾਂ ਪੈ ਜਾਣ ਨਾਲ ਹੀ ਬੰਦੇ ਨੂੰ ਪਤਿਤ ਮੰਨ ਲੈਂਦਾ ਸੀ। ਦੂਜੀ ਗੱਲ–ਉਸ ਸਮਾਜ ਵਿਚ ਰਹਿਣ ਵਾਲਾ ਬੰਦਾ ਭੈ ਵਿਚ ਸੀ, ਡਰਿਆ ਤੇ ਸਹਿਮਿਆ ਹੋਇਆ, ਆਪਣੇ ਆਪ ਨੂੰ ਅਨਾਥ ਮਹਿਸੂਸ ਕਰ ਰਿਹਾ ਸੀ। ਗੁਰੂ ਸਾਹਿਬ ਨੇ ਕਿਹਾ– ਉਸ ਪਰਮਾਤਮਾ ਦਾ ਸਾਥ ਸਾਨੂੰ ਭੈ ਤੋਂ ਮੁਕਤ ਕਰਦਾ ਹੈ। ਗੁਰੂ ਨਾਨਕ ਦੇਵ ਜੀ ਨੇ 'ਜਪੁ ਜੀ' ਵਿਚ ਅਕਾਲ ਪੁਰਖ ਦੇ ਅਨੇਕ ਗੁਣਾਂ ਵਿਚ ਇਕ ਗੁਣ ਉਸ ਦਾ 'ਨਿਰਭਉ' ਹੋਣਾ ਵੀ ਦੱਸਿਆ ਸੀ। ਉਸ ਨੂੰ ਕਿਸੇ ਦਾ ਭੈ ਨਹੀਂ ਅਤੇ ਉਸ ਦੀ ਓਟ ਮਨੁੱਖ ਨੂੰ ਵੀ ਨਿਰਭਉ ਬਣਾਉਂਦੀ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਕਿਹਾ– ਕਲਜੁਗ ਵਿਚ ਹਰੀ ਦਾ ਨਾਂ ਭੈ ਨਾਸ਼ ਕਰਦਾ ਹੈ, ਬੁਰੀ ਮੱਤ ਨੂੰ ਨਸ਼ਟ ਕਰਦਾ ਹੈ। ਇਸ ਲਈ ਜਿਹੜੇ ਇਸ ਨੂੰ ਸਿਮਰਦੇ ਹਨ, ਉਨ੍ਹਾਂ ਦੇ ਸਾਰੇ ਕੰਮ ਰਾਸ ਹੁੰਦੇ ਹਨ।[੨]

ਜਦੋਂ ਮਨੁੱਖ ਦੇ ਸਾਹਮਣੇ ਕੋਈ ਵੱਡਾ ਆਦਰਸ਼ ਨਹੀਂ ਹੁੰਦਾ ਤਾਂ ਉਸ ਦਾ ਸਾਰਾ ਧਿਆਨ ਕਿਸੇ ਵੀ ਤਰ੍ਹਾਂ ਵਧ ਤੋਂ ਵਧ ਦੌਲਤ ਇਕੱਠੀ ਕਰਨ ਤੇ ਉਸ ਨੂੰ ਆਪਣੀ ਪਤਨੀ–ਬੱਚਿਆਂ ਤੇ ਖਰਚ ਕਰਨ ਵਿਚ ਲੱਗ ਜਾਂਦਾ ਹੈ।[੩] ਇਹੋ ਜੇਹਾ ਮਨੁੱਖ–

ਮਦਿ ਮਾਇਆ ਕੈ ਭਇਓ ਬਾਵਰੋ ਹਰਿ ਜਸੁ ਨਹਿ ਉਚਰੈ॥
ਕਰਿ ਪਰਪੰਚੁ ਜਗਤ ਕਉ ਡਹਕੈ ਅਪਨੋ ਉਦਰੁ ਭਰੈ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੫੩੬)

ਮਾਇਆ ਦੇ ਨਸ਼ੇ ਵਿਚ ਕਮਲਾ ਹੋਇਆ ਬੰਦਾ ਜਵਾਨੀ ਧਨ ਅਤੇ ਵਡਿਆਈ ਤੋਂ ਇਲਾਵਾ ਹੋਰ ਕੁਝ ਨਹੀਂ ਵੇਖ ਸਕਦਾ।[੪] ਤੇ ਵਧੇਰੀ ਦੌਲਤ ਢੂੰਢਣ ਲਈ ਇਧਰ–ਉਧਰ ਨਸਦਾ ਫਿਰਦਾ ਹੈ।[੫] ਸੁਖ ਦੀ ਤਲਾਸ਼ ਕਰਦਾ ਹੈ, ਪਰ ਦੁਖ ਇਕੱਠੇ ਕਰਦਾ ਹੈ। ਸੁਖ ਦੀ ਖ਼ਾਤਰ ਉਹ ਜਣੇ–ਖਣੇ ਦੀ ਸੇਵਾ ਕਰਦਾ ਹੈ ਤੇ ਉਨ੍ਹਾਂ ਦੇ ਦਰਵਾਜ਼ਿਆਂ ਉਤੇ ਕੁੱਤੇ ਵਾਂਗ ਫਿਰਦਾ ਹੈ।[੬]

ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਮਾਇਆ ਵਿਚ ਖਚਿਤ ਜਿਸ ਮਨ ਜਾਂ

ਮਨੁੱਖ ਦੀ ਤਸਵੀਰ ਖਿੱਚੀ ਹੈ, ਉਹ ਉਸ ਵੇਲੇ ਦੇ ਸਮਾਜ ਦੀ ਹੀ ਤਸਵੀਰ ਸੀ। ਉਹ ਇਹੋ ਜਿਹਾ ਸਮਾਜ ਸੀ ਜਿਸ ਦੇ ਬੰਦੇ ਆਪਣੇ ਨਿੱਜੀ ਸੁਖ ਦੀ ਭਾਲ ਵਿਚ ਲੀਨ ਸਨ, ਤੇ ਉੱਚ ਪੱਧਰ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਨੂੰ ਭੁਲਾ ਬੈਠੇ ਸਨ। ਲੋਕੀਂ ਵੇਦ ਪੁਰਾਣ ਤਾਂ ਸੁਣਦੇ ਸਨ, "ਉੱਤਮ ਮਾਰਗ ਕੀ ਹੈ?" ਇਹ ਵੀ ਜਾਣਦੇ ਸਨ, ਪਰ ਜੀਵਨ ਵਿਚ ਉਸ ਦਾ ਪਾਲਣ ਨਹੀਂ ਸਨ ਕਰਦੇ ਅਤੇ ਇਸ ਤਰ੍ਹਾਂ ਆਪਣੇ ਦੁਰਲੱਭ ਮਨੁੱਖੀ ਜੀਵਨ ਨੂੰ ਬੇਅਰਥਾ ਕਰ ਰਹੇ ਸਨ।[੭]

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਤੋਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਆਪਣੇ ਵੇਲੇ ਦੇ ਸਮਾਜ ਦੀ ਤਸਵੀਰ ਖਿੱਚੀ ਸੀ। ਉਨ੍ਹਾਂ ਲਿਖਿਆ ਸੀ ਹੁਣ ਲੋਭ ਹੀ ਰਾਜਾ ਬਣ ਗਿਆ ਹੈ, ਹਰ ਤਰ੍ਹਾਂ ਦਾ ਪਾਪ ਇਸ ਦਾ ਵਜ਼ੀਰ ਹੈ, ਝੂਠ ਇਸ ਦਾ ਸਿਕਦਾਰ ਹੈ। ਲੋਭ ਅਤੇ ਪਾਪ ਦੇ ਦਰਬਾਰ ਵਿਚ ਕਾਮ ਨਾਇਬ ਹੈ, ਤੇ ਉਸ ਦੀ ਸਲਾਹ ਨਾਲ ਸਾਰੇ ਕਾਰਜ ਹੁੰਦੇ ਹਨ। ਆਮ ਜਨਤਾ ਗਿਆਨ ਵਿਹੂਣੀ ਹੋ ਕੇ ਅੰਨ੍ਹੀ ਹੋ ਗਈ ਹੈ। ਇਸ ਬੇਖ਼ਬਰੀ ਵਿਚ ਜਨਤਾ ਮੁਰਦਾਰ ਜਾਂ ਹਰਾਮ ਦੀ ਕਮਾਈ ਖਾ ਰਹੀ ਹੈ। ਜਿਹੜੇ ਆਪਣੇ ਆਪ ਨੂੰ ਸਿਆਣੇ ਦੱਸਦੇ ਹਨ ਉਹ ਵੀ ਇਸ ਰਾਜ ਦੇ ਹੀ ਵਾਜੇ ਵਜਾਉਂਦੇ ਹਨ ਤੇ ਇਸ ਦੇ ਰੂਪ ਦੇ ਸ਼ਿੰਗਾਰ ਵਿਚ ਰੁੱਝੇ ਹੋਏ ਹਨ। ਜੋਧੇ ਵੀ ਇਸ ਦੀ ਹੀ ਉੱਚੀ ਕੂਕ ਅਤੇ ਵਿਚਾਰ ਵਿਚ ਲੱਗੇ ਹੋਏ ਹਨ। ਪੰਡਤ ਆਪਣੀ ਸਾਰੀ ਦਲੀਲ ਅਤੇ ਅਕਲ ਨੂੰ ਧਨ ਇਕੱਠਾ ਕਰਨ ਵਿਚ ਲਗਾ ਰਹੇ ਹਨ। ਜਿਹੜੇ ਆਪਣੇ ਆਪ ਨੂੰ ਧਰਮੀ ਕਹਾਉਂਦੇ ਹਨ ਉਨ੍ਹਾਂ ਦਾ ਉੱਦੇਸ਼ ਸੰਸਾਰ ਦਾ ਭਲਾ ਕਰਨਾ ਨਹੀਂ, ਸਗੋਂ ਆਪਣੀ ਨਿੱਜੀ ਮੁਕਤੀ ਦੀ ਪ੍ਰਾਪਤੀ ਹੈ। ਜੋ ਲੋਕ ਆਪਣੇ ਆਪ ਨੂੰ ਜਤੀ ਅਖਵਾਉਂਦੇ ਹਨ, ਉਹ ਜਤ ਦੀ ਜੁਗਤੀ ਨੂੰ ਤਾਂ ਜਾਣਦੇ ਨਹੀਂ, ਬਸ ਇੰਜ ਹੀ ਘਰ-ਬਾਰ ਛੱਡ ਬਹਿੰਦੇ ਹਨ। ਸਾਰੇ ਲੋਕੀਂ ਆਪਣੇ ਆਪ ਨੂੰ ਪੂਰਾ ਸਮਝਦੇ ਹਨ, ਕੋਈ ਕਿਸੇ ਤੋਂ ਆਪਣੇ ਆਪ ਨੂੰ ਘੱਟ ਨਹੀਂ ਸਮਝਦਾ। ਪਰ ਜੇ ਉਨ੍ਹਾਂ ਨੂੰ ਅਕਾਲ ਪੁਰਖ ਦੀ ਪ੍ਰਵਾਨਗੀ ਦੀ ਸੱਚੀ ਤੱਕੜੀ ਵਿਚ ਪਾ ਕੇ ਤੋਲਿਆ ਜਾਵੇ, ਤਾਂ ਹੀ ਪਤਾ ਲੱਗਦਾ ਹੈ ਕਿ ਉਹ ਪੂਰੇ ਹਨ ਜਾਂ ਅਧੂਰੇ।[੮]

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵਿਚ ਸੰਸਾਰ ਦੀ ਨਾਸ਼ਮਾਨਤਾ ਦਾ ਸੁਰ ਮੁੱਖ ਹੈ। ਇਸ ਨਾਸ਼ਮਾਨਤਾ ਜਾਂ ਨਸ਼ਵਰਤਾ ਦੇ ਅਨੇਕ ਪਹਿਲੂ ਹਨ। ਉਨ੍ਹਾਂ ਦੇ ਸਾਹਮਣੇ ਗੱਲ ਇਹ ਨਹੀਂ ਸੀ ਕਿ ਇਹ ਸੰਸਾਰ ਝੂਠਾ ਹੈ ਇਸ ਲਈ ਮਨੁੱਖ ਨੂੰ ਸੱਚਾਈ ਲੱਭਣ ਲਈ ਇਸ ਨੂੰ ਛੱਡ ਦੇਣਾ ਚਾਹੀਦਾ ਹੈ, ਜਾਂ ਸੰਸਾਰ ਤੋਂ ਉਪਰਾਮ ਹੋ ਜਾਣਾ ਚਾਹੀਦਾ ਹੈ। ਉਨ੍ਹਾਂ ਦੇ ਸਾਹਮਣੇ ਜੋ ਸਮਾਜ ਸੀ ਉਹ ਸੰਸਾਰਿਕ ਸੁਖਾਂ ਦੀ ਨੱਸ-ਭੱਜ ਵਿਚ ਇਸ ਤਰ੍ਹਾਂ ਡੁੱਬਿਆ ਹੋਇਆ ਸੀ ਕਿ ਉਸ ਨੂੰ ਇਹ ਦੱਸਣਾ ਬੜਾ ਜ਼ਰੂਰੀ ਸੀ ਕਿ ਜੀਵਨ ਵਿਚ ਵੱਡੇ ਆਦਰਸ਼ਾਂ ਦੇ ਬਿਨਾਂ ਇਹ ਸਭ ਕੁਝ ਬੇਅਰਥਾ ਹੈ। ਇਕ ਪਾਸੇ ਹਕੂਮਤ ਨਾਲ ਜੁੜੇ ਬੰਦੇ ਸਨ ਜਿਹੜੇ ਆਪਣੀ ਤਾਕਤ ਦੇ ਨਸ਼ੇ ਵਿਚ

ਕਿਸੇ ਨੂੰ ਕੁਝ ਗਿਣਦੇ ਹੀ ਨਹੀਂ ਸਨ ਅਤੇ ਇਹ ਸਮਝਦੇ ਸਨ ਜਿਵੇਂ ਉਹ ਸਾਰਿਆਂ 'ਤੇ ਹਕੂਮਤ ਕਰਨ ਦਾ ਪੱਟਾ ਲਿਖਾ ਕੇ ਲਿਆਏ ਸਨ। ਅਜਿਹੇ ਲੋਕਾਂ ਲਈ ਉਨ੍ਹਾਂ ਕਿਹਾ, ਇਸ ਸੰਸਾਰ ਵਿਚ ਰਾਮ ਤੇ ਰਾਵਣ ਜੇਹੇ ਸ਼ਕਤੀਮਾਨ ਪੁਰਖ ਨਹੀਂ ਰਹੇ, ਜਿਨ੍ਹਾਂ ਦਾ ਇੰਨਾ ਵੱਡਾ ਪਰਿਵਾਰ ਸੀ,[੯] ਫਿਰ ਤੁਹਾਨੂੰ ਹੰਕਾਰ ਕਿਸ ਗੱਲ ਦਾ ਹੈ? ਪ੍ਰਿਥਵੀ ਦਾ ਰਾਜ ਤਾਂ ਰੇਤ ਦੀ ਕੰਧ ਵਾਂਗ ਹੈ।[੧੦]

ਦੂਜੇ ਪਾਸੇ ਉਹ ਲੋਕੀਂ ਸਨ ਜੋ ਜੀਵਨ ਦੇ ਮੋਹ ਅਤੇ ਲਾਲਸਾਵਾਂ ਵਿਚ ਇਸ ਕਦਰ ਡੁੱਬੇ ਹੋਏ ਸਨ ਕਿ ਉਸ ਲਈ ਹਰ ਤਰ੍ਹਾਂ ਦੀ ਬੇਇੱਜ਼ਤੀ ਸਹਾਰ ਰਹੇ ਸਨ ਅਤੇ ਆਪਣੇ ਸੈ੍ਵਮਾਣ ਨੂੰ ਪੂਰੀ ਤਰ੍ਹਾਂ ਭੁਲਾ ਬੈਠੇ ਸਨ। ਇਹੋ ਜਿਹੇ ਸਮਾਜ ਨੂੰ ਜੇ ਉਸ ਨੂੰ ਆਪਣੀ ਹੋਂਦ ਦਾ ਅਹਿਸਾਸ ਕਰਾਉਣਾ ਸੀ, ਜੇ ਉਸ ਵਿਚ ਆਤਮ-ਵਿਸ਼ਵਾਸ ਅਤੇ ਸੈ੍ਵਮਾਣ ਪੈਦਾ ਕਰਨਾ ਸੀ ਤਾਂ ਉਸ ਦੇ ਲੋਕਾਂ ਨੂੰ ਸੰਸਾਰ ਦੇ ਨਿੱਕੇ-ਨਿੱਕੇ ਮੋਹਾਂ, ਲਾਲਚਾਂ ਤੋਂ ਉੱਚਾ ਉਠਣਾ ਵੀ ਬੜ੍ਹਾ ਜ਼ਰੂਰੀ ਸੀ। ਉਨ੍ਹਾਂ ਨੂੰ ਇਹ ਸਮਝਾਇਆ ਜਾਣਾ ਵੀ ਜ਼ਰੂਰੀ ਸੀ ਕਿ ਜਿਸ ਨਾਸ਼ਵਾਨ ਸਰੀਰ ਨੂੰ ਬਚਾਉਣ ਦੇ ਲਈ ਉਹ ਹਰ ਤਰ੍ਹਾਂ ਦੀਆਂ ਕੋਝੀਆਂ ਹਰਕਤਾਂ ਕਰ ਰਿਹਾ ਹੈ, ਉਹ ਤਾਂ ਸਦਾ ਰਹਿਣਾ ਨਹੀਂ। ਅਸਲੀ ਸੱਚਾਈ ਤਾਂ ਮਨੁੱਖ ਦੇ ਅੰਦਰ ਵੱਸਣ ਵਾਲੀ ਆਤਮਾ-ਰਾਮ ਹੀ ਹੈ ਤੇ ਉਸੇ ਨੂੰ ਪਛਾਣਨ ਦੀ ਲੋੜ ਹੈ।[੧੧]

ਗੁਰੂ ਸਾਹਿਬਾਂ ਨੇ ਕਦੀ ਵੀ ਸੰਸਾਰ ਤਿਆਗ ਕੇ ਸੰਨਿਆਸੀ ਬਣਨ ਦਾ ਉਪਦੇਸ਼ ਨਹੀਂ ਦਿੱਤਾ। ਉਹ ਸੰਸਾਰ ਵਿਚ ਰਹਿੰਦਿਆਂ, ਸੰਸਾਰਕ ਜ਼ਿੰਮੇਵਾਰੀਆਂ ਨੂੰ ਨਿਭਾਉਂਦਿਆਂ ਅਤੇ ਉੱਦਮ ਕਰਦਿਆਂ ਜੀਵਨ ਬਤੀਤ ਕਰਨ ਲਈ ਕਹਿੰਦੇ ਸਨ। ਜਦੋਂ ਉਹ ਕਹਿੰਦੇ ਹਨ ਕਿ ਸੰਸਾਰ ਝੂਠਾ ਹੈ ਤਾਂ ਉਨ੍ਹਾਂ ਦਾ ਇਸ਼ਾਰਾ ਉਸ ਸੰਸਾਰਿਕਤਾ ਜਾਂ ਮਾਇਆ ਵੱਲ ਹੁੰਦਾ ਹੈ, ਜਿਸ ਵਿਚ ਫੱਸ ਕੇ ਮਨੁੱਖ ਆਪਣੇ ਵਿਆਪਕ ਕਰਤੱਵਾਂ ਨੂੰ ਭੁੱਲ ਜਾਂਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੀ ਕਿਹਾ ਸੀ-ਤੁਸੀਂ ਉੱਦਮ ਕਰਦੇ ਹੋਏ ਜੀਓ, ਕਮਾਉਂਦੇ ਹੋਏ ਸੁਖ ਪ੍ਰਾਪਤ ਕਰੋ, ਧਿਆਨ ਕਰਦੇ ਹੋਏ ਪ੍ਰਭੂ ਨੂੰ ਮਿਲੋ, ਤੁਹਾਡੀਆਂ ਸਾਰੀਆਂ ਚਿੰਤਾਵਾਂ ਦੂਰ ਹੋ ਜਾਣਗੀਆਂ।[੧੨] ਇਸ ਵਿਚ ਮਨੁੱਖ ਲਈ ਉੱਦਮ ਕਰਨਾ, ਪੈਸਾ ਕਮਾਉਣਾ ਅਤੇ ਨਾਲ ਹੀ ਅਕਾਲ ਪੁਰਖ ਦੀ ਵਿਆਪਕ ਸੱਤਾ ਨਾਲ ਜੁੜਨਾ, ਸਾਰੀ ਗੱਲ ਇਕੱਠੀ ਅਤੇ ਨਾਲੋਂ ਨਾਲ ਹੈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਨੁੱਖ ਨੂੰ ਉਸ ਮਾਨਸਿਕ ਪੱਧਰ 'ਤੇ ਲਿਆਉਣਾ ਚਾਹੁੰਦੇ ਸਨ, ਜਿੱਥੋਂ ਉਹ ਹਰ ਤਰ੍ਹਾਂ ਦੀ ਕੁਰਬਾਨੀ ਕਰ ਸਕੇ, ਆਪਣੀ ਜਾਨ ਨੂੰ ਜ਼ਾਲਮ ਦੇ ਸਿਰ ਤੇ ਕੱਚੇ ਠੀਕਰੇ ਵਾਂਗ ਤੋੜ ਸਕੇ, ਹੱਸਦਿਆਂ ਹੱਸਦਿਆਂ ਮਰਨ ਕਬੂਲ ਕਰ ਸਕੇ, ਆਪਣੇ ਮਨੋਰਥ ਦੀ ਪ੍ਰਾਪਤੀ ਲਈ ਸਿਰ ਨੂੰ ਤਲੀ 'ਤੇ ਰੱਖ ਸਕੇ। ਇਹ ਪੱਧਰ ਉਦੋਂ ਆਉਂਦਾ ਹੈ, ਜਦੋਂ ਉਹ ਦੁੱਖ ਵਿਚ ਦੁੱਖ ਨਹੀਂ ਮੰਨਦਾ, ਸੁਖ-ਸਨੇਹ ਦੀ ਇੱਛਿਆ ਨਹੀਂ ਕਰਦਾ, ਉਹ ਭੈ-ਮੁਕਤ ਹੁੰਦਾ ਹੈ। ਸੋਨੇ ਨੂੰ ਮਿੱਟੀ

ਵਾਂਗ ਸਮਝਦਾ ਹੈ ਉਹ ਨਿੰਦਿਆ, ਉਸਤਤ, ਲੋਭ, ਮੋਹ, ਹੰਕਾਰ ਤੋਂ ਉੱਪਰ ਉਠ ਜਾਂਦਾ ਹੈ, ਨਾ ਉਸ ਨੂੰ ਹਰਖ ਪ੍ਰਭਾਵਿਤ ਕਰਦਾ ਹੈ ਨਾ ਹੀ ਸੋਗ। ਉਸ ਨੂੰ ਨਿੱਜੀ ਮਾਣ-ਅਪਮਾਨ ਦੀ ਚਿੰਤਾ ਨਹੀਂ ਰਹਿੰਦੀ। ਆਸਾ, ਮਨਸਾ ਤਿਆਗ ਕੇ ਉਹ ਸੰਸਾਰਿਕਤਾ ਦੀਆਂ ਸਾਰੀਆਂ ਆਸ਼ਾਵਾਂ ਤੋਂ ਅਜ਼ਾਦ ਹੋ ਜਾਂਦਾ ਹੈ। ਕਾਮ-ਕ੍ਰੋਧ ਉਸ ਨੂੰ ਹੱਥ ਵੀ ਨਹੀਂ ਲਗਾ ਸਕਦੇ। ਉਸ ਦੇ ਹਿਰਦੇ ਵਿਚ ਮਾਇਆ ਦੀ ਥਾਂ ਬ੍ਰਹਮ ਦਾ ਨਿਵਾਸ ਹੋ ਜਾਂਦਾ ਹੈ।[੧੩]

ਇਸ ਲਈ ਇਹੋ ਜੇਹਾ ਮਨੁੱਖ ਮੌਤ ਦੀ ਰੱਤੀ ਭਰ ਚਿੰਤਾ ਨਹੀਂ ਕਰਦਾ, ਕਿਉਂਕਿ ਉਹ ਜਾਣਦਾ ਹੈ ਕਿ ਚਿੰਤਾ ਉਸ ਗੱਲ ਦੀ ਕੀਤੀ ਜਾਣੀ ਚਾਹੀਦੀ ਹੈ ਜਿਹੜੀ ਅਣਹੋਣੀ ਹੋਵੇ। ਜਿਹੜੇ ਜੀਵਨ ਨਾਲ ਚੰਮੜੇ ਰਹਿੰਦੇ ਹਨ, ਮੌਤ ਤਾਂ ਉਨ੍ਹਾਂ ਨੂੰ ਵੀ ਨਹੀਂ ਛੱਡਦੀ।[੧੪] ਗੁਰੂ ਸਾਹਿਬ ਮਨੁੱਖ ਨੂੰ ਸਾਵਧਾਨ ਕਰਦੇ ਹਨ ਕਿ ਉਹ ਜੀਵਨ ਦੀ ਸੱਚਾਈ ਵੱਲ, ਜੀਵਨ ਦੇ ਉੱਚੇ ਆਦਰਸ਼ਾਂ ਵੱਲ ਉਨਮੁਖ ਹੋਵੇ। ਨਹੀਂ ਤਾਂ ਜਿਵੇਂ ਟੁੱਟੇ ਘੜੇ ਵਿੱਚੋਂ ਪਾਣੀ ਸਿੰਮਦਾ ਰਹਿੰਦਾ ਹੈ, ਉਸ ਦਾ ਜੀਵਨ ਵੀ ਬੇਅਰਥੇ ਕੰਮਾਂ ਵਿਚ ਰੁੱਝ ਕੇ ਖਿਨ-ਖਿਨ ਘਟਦਾ ਚਲਿਆ ਜਾਂਦਾ ਹੈ।[੧੫]

ਗੁਰੂ ਸਾਹਿਬ ਮੁੜ-ਮੁੜ ਅਕਾਲ ਪੁਰਖ ਦੀ ਸ਼ਕਤੀ-ਜਿਹੜੀ ਮਨੁੱਖ ਦੇ ਆਪਣੇ ਅੰਦਰ ਦੀ ਹੀ ਸ਼ਕਤੀ ਹੈ, ਉੱਤੇ ਭਰੋਸਾ ਰੱਖਣ ਵੱਲ ਜ਼ੋਰ ਦਿੰਦੇ ਹਨ। ਜੀਵਨ ਵਿਚ ਇਕ ਵਕਤ ਇਹੋ ਜਿਹਾ ਆ ਜਾਂਦਾ ਹੈ ਜਦੋਂ ਮਨੁੱਖ ਅਨੁਭਵ ਕਰਦਾ ਹੈ ਕਿ ਉਸ ਦਾ ਬਲ ਛੁਟ ਗਿਆ ਹੈ, ਉਸ ਤੇ ਅਨੇਕ ਬੰਧਨ ਪੈ ਗਏ ਹਨ ਅਤੇ ਉਸ ਅੱਗੇ ਕੋਈ ਉਪਾਅ ਨਹੀਂ ਰਹਿ ਗਿਆ। ਆਪਣੇ ਇਕ ਦੋਹਰੇ ਵਿਚ ਉਹ ਇਸੇ ਤਰ੍ਹਾਂ ਦੀ ਮਨੋਦਸ਼ਾ ਦਾ ਚਿੱਤਰ ਖਿਚਦੇ ਹਨ:

ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ॥
ਕਹੁ ਨਾਨਕ ਅਬ ਓਟ ਹਰਿ ਗਜਿ ਜਿਉ ਹੋਹੁ ਸਹਾਇ॥੫੩॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੯)

ਫਿਰ ਉਹ ਆਪ ਹੀ ਇਸ ਮਨੋਦਸ਼ਾ ਦਾ ਸਮਾਧਾਨ ਕਰਦੇ ਹੋਏ ਕਹਿੰਦੇ ਹਨ:

ਬਲੁ ਹੋਆ ਬੰਧਨ ਛੂਟੇ ਸਭੁ ਕਿਛੁ ਹੋਤ ਉਪਾਇ॥
ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ॥੫੪॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੯)

ਮਨੁੱਖ ਦੇ ਜੀਵਨ ਵਿਚ ਇਕ ਸਮਾਂ ਇਹੋ ਜਿਹਾ ਆਉਂਦਾ ਹੈ, ਜਦ ਸਾਰੇ ਸੰਗੀ-ਸਾਥੀ ਉਸ ਨੂੰ ਬੇਸਹਾਰਾ ਛੱਡ ਕੇ ਨੱਸ ਜਾਂਦੇ ਹਨ:

ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥ॥
ਕਹੁ ਨਾਨਕ ਇਹ ਬਿਪਤਿ ਮੈ ਟੇਕ ਏਕ ਰਘੁਨਾਥ॥੫੫॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੯)

ਇਹੋ ਜਿਹੀ ਹਾਲਤ ਵਿਚ ਉਹ ਮਨੁੱਖ ਨੂੰ ਅਕਾਲ ਪੁਰਖ ਦੀ ਸ਼ਕਤੀ ਦਾ ਭਰੋਸਾ ਤੇ ਧਰਵਾਸ ਦਿੰਦੇ ਹੋਏ ਆਪ ਹੀ ਕਹਿੰਦੇ ਹਨ:

ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ॥
ਕਹੁ ਨਾਨਕ ਇਹ ਜਗਤ ਮੈ ਕਿਨ ਜਪਿਓ ਗੁਰਮੰਤੁ॥੫੬॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੯)

ਇਸ ਲਈ 'ਨਿਰਭੈ ਪਦ' ਪ੍ਰਾਪਤ ਕਰਨ ਦਾ ਇੱਕੋ ਇਕ ਉਪਾਅ ਹੈ ਕਿ ਮਨੁੱਖ ਆਪਣੇ ਮਨ ਵਿਚ 'ਮਾਇਆ' ਦੀ ਥਾਂ 'ਨਾਮ ਨੂੰ ਸਥਾਨ ਦੇਵੇ ਕਿਉਂਕਿ ਉਸ ਜੇਹਾ ਕੁਝ ਨਹੀਂ:

ਰਾਮ ਨਾਮੁ ਉਰ ਮੈ ਗਹਿਓ ਜਾ ਕੈ ਸਮ ਨਹੀ ਕੋਇ॥
ਜਿਹ ਸਿਮਰਤ ਸੰਕਟ ਮਿਟੈ ਦਰਸੁ ਤੁਹਾਰੋ ਹੋਇ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੯)

'ਨਿਰਭੈ ਪਦ' ਨੂੰ ਪ੍ਰਾਪਤ ਮਨੁੱਖ ਸਾਧਨਾ ਤੇ ਸ਼ਹੀਦੀ ਦੇ ਮਾਰਗ ਉੱਤੇ ਬੇਫ਼ਿਕਰ ਹੋ ਕੇ ਤੁਰ ਪੈਂਦਾ ਹੈ। ਨਾ ਉਹ ਕਿਸੇ ਤੋਂ ਡਰਦਾ ਹੈ ਤੇ ਨਾ ਹੀ ਕਿਸੇ ਨੂੰ ਡਰਾਉਂਦਾ ਹੈ–

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੭)

ਹਵਾਲੇ :

੧. *ਕਾਹੇ ਰੇ ਬਨ ਖੋਜਨ ਜਾਈ॥*
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥੧॥ਰਹਾਉ॥
ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥
ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥੧॥
ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ॥
ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ॥੨॥੧॥ *(ਸ੍ਰੀ ਗੁਰੂ ਗ੍ਰੰਥ ਸਾਹਿਬ, ੬੮੪)*

੨. *ਭੈ ਨਾਸਨ ਦੁਰਮਤਿ ਹਰਨ ਕਲਿ ਮੈ ਹਰਿ ਕੋ ਨਾਮੁ॥*
ਨਿਸਿ ਦਿਨੁ ਜੋ ਨਾਨਕ ਭਜੈ ਸਫਲ ਹੋਹਿ ਤਿਹ ਕਾਮ॥੨੦॥ *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੭)*

੩. *ਬਹੁ ਪਰਪੰਚ ਕਰਿ ਪਰ ਧਨ ਲਿਆਵੈ ਸੁਤ ਦਾਰਾ ਪਹਿ ਆਨਿ ਲੁਟਾਵੈ॥੧॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੬੫੬)*

੪. *ਸਾਧੋ ਇਹੁ ਜਗੁ ਭਰਮ ਭੁਲਾਨਾ॥*
ਰਾਮ ਨਾਮ ਕਾ ਸਿਮਰਨੁ ਛੋਡਿਆ ਮਾਇਆ ਹਾਥਿ ਬਿਕਾਨਾ॥੧॥ਰਹਾਉ॥
ਮਾਤ ਪਿਤਾ ਭਾਈ ਸੁਤ ਬਨਿਤਾ ਤਾ ਕੈ ਰਸਿ ਲਪਟਾਨਾ॥
ਜੋਬਨੁ ਧਨੁ ਪ੍ਰਭਤਾ ਕੈ ਮਦ ਮੈ ਅਹਿਨਿਸ ਰਹੈ ਦਿਵਾਨਾ॥੧॥ *(ਸ੍ਰੀ ਗੁਰੂ ਗ੍ਰੰਥ ਸਾਹਿਬ, ੬੮੪)*

੫. *ਬਿਰਥਾ ਕਹਉ ਕਉਨ ਸਿਉ ਮਨ ਕੀ॥*
ਲੋਭਿ ਗ੍ਰਸਿਓ ਦਸ ਹੂ ਦਿਸ ਧਾਵਤ ਆਸਾ ਲਾਗਿਓ ਧਨ ਕੀ॥੧॥ਰਹਾਉ॥ *(ਸ੍ਰੀ ਗੁਰੂ ਗ੍ਰੰਥ ਸਾਹਿਬ, ੪੧੧)*

੬. *ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ ਸੇਵ ਕਰਤ ਜਨ ਜਨ ਕੀ॥*

ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧ ਰਾਮ ਭਜਨ ਕੀ॥੧॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੪੧੧)

੭. ਕੋਊ ਮਾਈ ਭੂਲਿਓ ਮਨੁ ਸਮਝਾਵੈ॥
ਬੇਦ ਪੁਰਾਨ ਸਾਧ ਮਗ ਸੁਨਿ ਕਰਿ ਨਿਮਖ ਨ ਹਰਿ ਗੁਨ ਗਾਵੈ॥੧॥ ਰਹਾਉ॥
ਦੁਰਲਭ ਦੇਹ ਪਾਇ ਮਾਨਸ ਕੀ ਬਿਰਥਾ ਜਨਮੁ ਸਿਰਾਵੈ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੨੧੯)

੮. ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ॥
ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ॥
ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ॥
ਗਿਆਨੀ ਨਚਹਿ ਵਾਜੇ ਵਾਵਹਿ ਰੂਪ ਕਰਹਿ ਸੀਗਾਰੁ॥
ਉਚੇ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ॥
ਮੂਰਖ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ॥
ਧਰਮੀ ਧਰਮੁ ਕਰਹਿ ਗਾਵਾਵਹਿ ਮੰਗਹਿ ਮੋਖ ਦੁਆਰੁ॥
ਜਤੀ ਸਦਾਵਹਿ ਜੁਗਤਿ ਨਾ ਜਾਣਹਿ ਛਡਿ ਬਹਹਿ ਘਰ ਬਾਰੁ॥
ਸਭੁ ਕੋ ਪੂਰਾ ਆਪੇ ਹੋਵੈ ਘਟਿ ਨ ਕੋਈ ਆਖੈ॥
ਪਤਿ ਪਰਵਾਣਾ ਪਿਛੈ ਪਾਈਐ ਤਾ ਨਾਨਕ ਤੋਲਿਆ ਜਾਪੈ॥੨॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੪੬੮)

੯. ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰ॥
ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੯)

੧੦. ਸੁਪਨੇ ਜਿਉ ਧਨੁ ਪਛਾਨ ਕਾਹੇ ਪਰਿ ਕਰਤ ਮਾਨੁ॥
ਬਾਰੂ ਕੀ ਭੀਤਿ ਜੈਸੇ ਬਸੁਧਾ ਕੋ ਰਾਜੁ ਹੈ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੫੨)

੧੧. ਸਾਧੋ ਇਹ ਤਨੁ ਮਿਥਿਆ ਜਾਨਉ॥
ਯਾ ਭੀਤਰਿ ਜੋ ਰਾਮੁ ਬਸਤੁ ਹੈ ਸਾਚੋ ਤਾਹਿ ਪਛਾਨੋ॥੧॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੮੬)

੧੨. ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ॥
ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੫੨੨)

੧੩. ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥੧॥ ਰਹਾਉ॥
ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ॥
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ॥੧॥
ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ॥
ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ॥੨॥
ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ॥
ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ॥੩॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੩)

੧੪. ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ॥
ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੯)

੧੫. ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ॥
ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੭੨੬)

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਜੀਵਨ

*-ਡਾ. ਧਰਮ ਸਿੰਘ**

ਦੁਨੀਆ ਦੇ ਇਤਿਹਾਸ ਦੇ ਪੱਤਰੇ ਫਰੋਲਣ ਤੋਂ ਪਤਾ ਲੱਗਦਾ ਹੈ ਕਿ ਕਿਸੇ ਸੰਤ-ਭਗਤ ਨੇ ਕੋਈ ਕੁਰਬਾਨੀ ਦਿੱਤੀ ਹੈ ਤਾਂ ਕੇਵਲ ਆਪਣੀਆਂ ਹੀ ਨਿੱਜੀ, ਧਾਰਮਿਕ ਜਾਂ ਸਮਾਜਿਕ ਮਾਨਤਾਵਾਂ ਨੂੰ ਬਚਾਉਣ ਲਈ ਪਰ ਕਦੀ ਇਹ ਨਹੀਂ ਸੁਣਿਆ ਕਿ ਕਿਸੇ ਵਿਅਕਤੀ ਨੇ ਕਿਸੇ ਦੂਜੇ ਧਰਮ ਜਾਂ ਫ਼ਿਰਕੇ ਦੇ ਲੋਕਾਂ ਲਈ ਕੁਰਬਾਨੀ ਦਿੱਤੀ ਹੋਵੇ। ਅਜਿਹੀ ਇਕ ਅਦੁੱਤੀ ਮਿਸਾਲ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਹੀ ਹੈ ਜਿਨ੍ਹਾਂ ਦੇ ਜੀਵਨ ਦੀ ਸੰਖੇਪ ਵਿਚਾਰ ਇੱਥੇ ਕੀਤੀ ਜਾ ਰਹੀ ਹੈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪ੍ਰਕਾਸ਼ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਘਰ ਮਾਤਾ ਨਾਨਕੀ ਜੀ ਦੀ ਕੁੱਖੋਂ ਪਹਿਲੀ ਅਪ੍ਰੈਲ, ੧੬੨੧ ਈ. ਨੂੰ ਗੁਰੂ ਕੇ ਮਹਿਲ (ਸ੍ਰੀ ਅੰਮ੍ਰਿਤਸਰ) ਵਿਚ ਹੋਇਆ। ਆਪ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਾਹਿਬਜ਼ਾਦਿਆਂ ਵਿੱਚੋਂ ਪੰਜਵੇਂ ਤੇ ਸਭ ਤੋਂ ਛੋਟੇ ਸਨ। ਸਭ ਤੋਂ ਛੋਟੇ ਹੋਣ ਕਰਕੇ ਇਨ੍ਹਾਂ ਦੀ ਪਾਲਣਾ-ਪੋਸ਼ਣਾ ਬੜੇ ਚਾਅ-ਮਲਾਰ ਅਤੇ ਨਾਲ ਹੀ ਧਾਰਮਿਕ ਨਿਯੰਤਰਣ ਦੇ ਵਾਤਾਵਰਨ ਵਿਚ ਹੋਈ ਪਰ ਆਪ ਸੁਭਾਵਿਕ ਹੀ ਲੋਕ-ਮਾਨਤਾ ਅਤੇ ਦਿਖਾਵੇ ਤੋਂ ਨਿਰਲੇਪ ਰਹਿੰਦੇ। ਆਪ ਬਚਪਨ ਤੋਂ ਹੀ ਸਾਦਾ ਅਤੇ ਅਧਿਆਤਮਵਾਦੀ ਰੁਚੀਆਂ ਦੇ ਮਾਲਕ ਸਨ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੀ ਨਿਗਰਾਨੀ ਹੇਠ ਚਾਰ ਸਾਲ ਦੀ ਉਮਰ ਵਿਚ ਉਨ੍ਹਾਂ ਨੂੰ ਬਾਬਾ ਬੁੱਢਾ ਜੀ ਪਾਸ ਪੜ੍ਹਨੇ ਪਾਇਆ। ਪਹਿਲਾਂ ਉਨ੍ਹਾਂ ਗੁਰਮੁਖੀ ਵਰਣਮਾਲਾ ਦਾ ਗਿਆਨ ਪ੍ਰਾਪਤ ਕੀਤਾ ਅਤੇ ਪਿੱਛੋਂ ਕਈ ਜ਼ੁਬਾਨਾਂ, ਇਤਿਹਾਸ, ਦਰਸ਼ਨ ਅਤੇ ਹੋਰ ਧਰਮਾਂ ਦਾ ਅਧਿਐਨ ਕੀਤਾ। ਵਿੱਦਿਆ ਦੇ ਨਾਲ-ਨਾਲ ਉਨ੍ਹਾਂ ਨੂੰ ਘੋੜ-ਸਵਾਰੀ ਤੇ ਜੰਗੀ ਤਰਕੀਬਾਂ ਤੋਂ ਵੀ ਪੂਰੀ ਤਰ੍ਹਾਂ ਜਾਣੂ ਕਰਵਾਇਆ ਗਿਆ ਕਿਉਂਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਬਦਲਦੇ ਹਾਲਾਤ ਦੇ ਅੰਤਰਗਤ ਆਪਣੇ ਸਿੱਖਾਂ ਲਈ ਇਹ ਚੀਜ਼ਾਂ ਜ਼ਰੂਰੀ ਕਰਾਰ ਦਿੱਤੀਆਂ ਸਨ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ੧੬੩੦ ਈ. ਤਕ ਸ੍ਰੀ ਅੰਮ੍ਰਿਤਸਰ ਵਿਚ ਰਹੇ ਤੇ ਫਿਰ ਇੱਥੋਂ ਪਰਵਾਰ ਸਮੇਤ ਕਰਤਾਰਪੁਰ (ਜ਼ਿਲ੍ਹਾ ਜਲੰਧਰ) ਚਲੇ ਗਏ। ਇੰਜ ਸ੍ਰੀ (ਗੁਰੂ) ਤੇਗ ਬਹਾਦਰ ਜੀ ਨੇ ਆਪਣੇ ਜੀਵਨ ਦੇ ਪਹਿਲੇ ੯ ਸਾਲ ਸ੍ਰੀ ਅੰਮ੍ਰਿਤਸਰ ਵਿਚ ਗੁਜ਼ਾਰੇ।

ਜਦ ੧੬੩੪ ਈ. ਵਿਚ ਪੈਂਦੇ ਖਾਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲੋਂ ਨਾਤਾ ਤੋੜ ਕੇ ਵਿਰੋਧੀਆਂ ਦੀ ਸੈਨਾ ਵਿਚ ਜਾ ਰਲਿਆ ਅਤੇ ਲਾਹੌਰ ਦੇ ਸੂਬੇਦਾਰ ਦੇ ਕੰਨ ਭਰ ਕੇ ਉਸ ਕੋਲੋਂ ਕਾਲੇ ਖਾਂ ਦੀ ਕਮਾਨ ਹੇਠ ਸ਼ਾਹੀ ਫ਼ੌਜ ਚੜ੍ਹਾ ਕੇ ਕਰਤਾਰਪੁਰ

* #੧੧੦, ਰੋਜ਼ ਐਵੀਨਿਊ, ਰਾਮ ਤੀਰਥ ਰੋਡ, ਸ੍ਰੀ ਅੰਮ੍ਰਿਤਸਰ। ਮੋ. ੯੮੮੮੬੩੬੮੦੮

ਲੈ ਆਇਆ ਤੇ ਗੁਰੂ ਜੀ ਨਾਲ ਲੜਾਈ ਛੇੜ ਦਿੱਤੀ, ਤਾਂ ਸ੍ਰੀ (ਗੁਰੂ) ਤੇਗ ਬਹਾਦਰ ਜੀ ਨੇ ਵੀ ਇਸ ਲੜਾਈ ਵਿਚ ਹਿੱਸਾ ਲਿਆ। ਕਰਤਾਰਪੁਰ ਦੇ ਜੰਗ ਪਿੱਛੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਕੀਰਤਪੁਰ ਚਲੇ ਗਏ ਤੇ ਸ੍ਰੀ (ਗੁਰੂ) ਤੇਗ ਬਹਾਦਰ ਜੀ ਨੂੰ ਬਾਕੀ ਪਰਵਾਰ ਸਮੇਤ ਬਕਾਲੇ ਭੇਜ ਦਿੱਤਾ। ਇੱਥੇ ਇਕਾਂਤ ਵਿਚ ਸ੍ਰੀ (ਗੁਰੂ)ਤੇਗ ਬਹਾਦਰ ਸਾਹਿਬ ਜੀ ਪ੍ਰਭੂ-ਭਗਤੀ ਕਰਦੇ ਰਹੇ ਅਤੇ ਭਵਿੱਖ ਦੀਆਂ ਸਮੱਸਿਆਵਾਂ ਨਾਲ ਸਿੱਝਣ ਲਈ ਆਪਣੇ ਆਪ ਨੂੰ ਤਿਆਰ ਕਰਦੇ ਰਹੇ।

੩੦ ਮਾਰਚ, ੧੬੬੪ ਈ. ਨੂੰ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੋਤੀ ਜੋਤ ਸਮਾ ਗਏ ਤੇ ਆਪਣੇ ਅਗਲੇ ਜਾਨਸ਼ੀਨ ਬਾਰੇ 'ਬਾਬਾ ਬਕਾਲੇ' ਸ਼ਬਦ ਆਖ ਕੇ ਸੰਕੇਤ ਕਰ ਗਏ। ਹਾਕਮ ਜਮਾਤ ਦੀ ਸ਼ਹਿ 'ਤੇ ਗੁਰਿਆਈ ਲਈ ਕਈ ਦਾਅਵੇਦਾਰ ਖੜ੍ਹੇ ਹੋ ਗਏ ਜਿਨ੍ਹਾਂ ਵਿਚ ਲਾਹੌਰ ਤੇ ਅਨੰਦਪੁਰ ਦੇ ਸੋਢੀ, ਸ੍ਰੀ ਅੰਮ੍ਰਿਤਸਰ ਦੇ ਮੀਣੇ ਤੇ ਧੀਰਮੱਲੀਏ ਆਦਿ ਉਲੇਖਣਯੋਗ ਹਨ। ਇਨ੍ਹਾਂ ਸਾਰਿਆਂ ਦੀ ਗਿਣਤੀ ੨੨ ਦੱਸੀ ਜਾਂਦੀ ਹੈ। ਇਨ੍ਹਾਂ ਸਾਰਿਆਂ ਬਕਾਲੇ ਡੇਰੇ ਲਾਏ ਤੇ ਭਾੜੇ ਦੇ ਪ੍ਰਚਾਰਕ ਲੈ ਕੇ ਆਪੋ-ਆਪਣਾ ਪ੍ਰਚਾਰ ਸ਼ੁਰੂ ਕਰ ਦਿੱਤਾ। ਇਨ੍ਹਾਂ ਵਿੱਚੋਂ ਧੀਰਮੱਲ, ਜੋ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਵੱਡੇ ਭਰਾ ਬਾਬਾ ਗੁਰਦਿੱਤਾ ਜੀ ਦਾ ਸਭ ਤੋਂ ਵੱਡਾ ਪੁੱਤਰ ਸੀ, ਨੇ ਹਰ ਜਾਇਜ਼-ਨਜਾਇਜ਼ ਤਰੀਕੇ ਨਾਲ ਗੁਰਗੱਦੀ 'ਤੇ ਕਬਜ਼ਾ ਕਰਨ ਦੀ ਠਾਣੀ ਹੋਈ ਸੀ। ਉਸ ਦੇ ਪਾਸ ਭਾਈ ਗੁਰਦਾਸ ਜੀ ਦੇ ਹੱਥਾਂ ਦੀ ਲਿਖੀ ਹੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਆਦਿ ਬੀੜ ਸੀ। ਇਸ ਤਰ੍ਹਾਂ ਆਪੋ-ਧਾਪੀ ਪਈ ਵੇਖ ਕੇ ਮਾਤਾ ਨਾਨਕੀ ਜੀ ਨੇ ਗੋਇੰਦਵਾਲ ਰਹਿ ਰਹੇ ਬਾਬਾ ਦਵਾਰਕਾ ਦਾਸ ਨੂੰ ਚਿੱਠੀ ਲਿਖੀ ਕਿ ਉਹ ਬਕਾਲੇ ਆ ਕੇ ਇਸ ਸਮੱਸਿਆ ਨੂੰ ਨਜਿੱਠੇ। ਉਹ ਕੁਝ ਮੁਖੀ ਸਿੱਖਾਂ ਨੂੰ ਲੈ ਕੇ ਬਕਾਲੇ ਪਹੁੰਚਿਆ ਤੇ ਹਾਲਾਤ ਦਾ ਜਾਇਜ਼ਾ ਲਿਆ। ਗੁਰੂ-ਘਰ ਦੇ ਸਿੱਖਾਂ ਨੇ ਸੋਚਿਆ ਕਿ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਐਲਾਨ ਵੇਲੇ ਤਾਂ ਕੇਵਲ ਸ੍ਰੀ (ਗੁਰੂ) ਤੇਗ ਬਹਾਦਰ ਸਾਹਿਬ ਜੀ ਹੀ ਬਕਾਲੇ ਵਿਚ ਸਨ ਜੋ ਸ਼ਰੀਕੇ ਵਿੱਚੋਂ ਉਨ੍ਹਾਂ ਦੇ ਬਾਬਾ (ਦਾਦਾ) ਲੱਗਦੇ ਸਨ। ਮੱਖਣ ਸ਼ਾਹ ਲੁਬਾਣੇ ਦੀ ਅਗਵਾਈ ਵਿਚ, ਜੋ ਪੇਸ਼ੇ ਵਜੋਂ ਵਪਾਰੀ ਸੀ ਅਤੇ ਗੁਜਰਾਤ ਵਿਚ ਮਸੰਦ ਵਜੋਂ ਕੰਮ ਕਰਦਾ ਸੀ, ਸਿੱਖਾਂ ਨੇ ਗੁਰੂ ਜੀ ਨੂੰ ਲੱਭ ਲਿਆ ਅਤੇ ਸ੍ਰੀ (ਗੁਰੂ) ਤੇਗ ਬਹਾਦਰ ਸਾਹਿਬ ਜੀ ਦੇ ਅਸਲੀ ਗੁਰੂ ਹੋਣ ਦਾ ਐਲਾਨ ਕਰ ਦਿੱਤਾ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪ੍ਰਗਟ ਹੋਣ ਪਿੱਛੋਂ ਉਨ੍ਹਾਂ ਦੇ ਵਿਰੋਧੀਆਂ ਨੇ ਤਾਕਤ ਤੇ ਨਜਾਇਜ਼ ਹੱਥ-ਕੰਡੇ ਵਰਤਣੇ ਸ਼ੁਰੂ ਕਰ ਦਿੱਤੇ। ਧੀਰਮੱਲ ਜੋ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸਭ ਤੋਂ ਵੱਡਾ ਵਿਰੋਧੀ ਸੀ, ਨੇ ਇਕ ਮਸੰਦ ਸ਼ੀਹਾਂ ਅਤੇ ਕੁਝ ਹੋਰ ਹਥਿਆਰਬੰਦ ਵਿਅਕਤੀ ਲੈ ਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਉੱਪਰ ਹਮਲਾ ਕਰ ਦਿੱਤਾ। ਕੁਝ ਲੁਟੇਰੇ ਤਾਂ ਘਰ-ਬਾਰ ਲੁੱਟਣ ਵਿਚ ਰੁੱਝ ਗਏ ਤੇ ਸ਼ੀਹੇਂ ਨੇ ਆਪਣੀ ਬੰਦੂਕ ਦਾ ਮੂੰਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਵੱਲ ਕਰ ਗੋਲੀ ਦਾਗ਼ ਦਿੱਤੀ। ਸੁਭਾਗ-ਵੱਸ ਗੋਲੀ ਗੁਰੂ ਸਾਹਿਬ ਦੇ ਮੋਢੇ ਨੂੰ ਮਾਮੂਲੀ ਚੋਟ ਲਾਉਂਦੀ ਲੰਘ ਗਈ ਤੇ ਉਸ ਦੇ ਵਾਰ ਤੋਂ ਅਕਾਲ

ਪੁਰਖ ਨੇ ਰੱਖਿਆ ਕੀਤੀ। ਗੋਲੀ ਦਾ ਖੜਾਕ ਸੁਣਦਿਆਂ ਹੀ ਗੁਰੂ ਜੀ ਦੇ ਸਿੱਖ ਗੁਰੂ ਸਾਹਿਬ ਦੇ ਘਰ ਵਿਚ ਇਕੱਠੇ ਹੋ ਗਏ ਤੇ ਸਭ ਕੁਝ ਆਪਣੀ ਅੱਖੀਂ ਵੇਖ ਲਿਆ। ਭਾਈ ਮੱਖਣ ਸ਼ਾਹ ਲੁਬਾਣਾ ਵੀ ਇਸ ਸਮੇਂ ਉੱਥੇ ਹੀ ਸੀ। ਗੁਰੂ ਸਾਹਿਬ ਉੱਪਰ ਕਾਤਲਾਨਾ ਹਮਲੇ ਦੀ ਖ਼ਬਰ ਸੁਣਦਿਆਂ ਉਹ ਭਾਰੀ ਰੋਹ ਵਿਚ ਆਇਆ ਤੇ ਹਥਿਆਰਬੰਦ ਆਦਮੀ ਲੈ ਕੇ ਧੀਰਮੱਲ ਨੂੰ ਸੋਧਣ ਲਈ ਚੜ੍ਹ ਗਿਆ। ਧੀਰਮੱਲ ਨੇ ਅਜੇ ਲੁੱਟ ਦਾ ਸਾਮਾਨ ਟਿਕਾਣੇ ਵੀ ਨਹੀਂ ਸੀ ਲਾਇਆ ਕਿ ਲਹਿਣੇਦਾਰ ਆ ਪੁੱਜੇ। ਮੱਖਣ ਸ਼ਾਹ ਦੇ ਆਦਮੀਆਂ ਅਤੇ ਹੋਰ ਸਾਧ-ਸੰਗਤ ਨੇ ਲੁੱਟ ਕੇ ਲਿਆਂਦਾ ਸਾਮਾਨ ਵਾਪਸ ਲੈ ਲਿਆ ਤੇ ਧੀਰਮੱਲ ਤੇ ਸ਼ੀਹਾਂ ਆਦਿ ਨੂੰ ਨਰੜ ਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸਾਹਮਣੇ ਪੇਸ਼ ਕੀਤਾ ਪਰ ਖ਼ਿਮਾ ਦੇ ਪੁੰਜ ਗੁਰੂ ਜੀ ਨੇ ਧੀਰਮੱਲ ਤੇ ਉਸ ਦੇ ਸਾਥੀਆਂ ਨੂੰ ਬਖ਼ਸ਼ ਦਿੱਤਾ ਤੇ ਲੁੱਟਿਆ ਮਾਲ ਫਿਰ ਉਨ੍ਹਾਂ ਨੂੰ ਮੋੜ ਦਿੱਤਾ।

ਬਕਾਲੇ ਵਾਪਰੀ ਘਟਨਾ ਤੋਂ ਧੀਰਮੱਲੀਏ ਤਾਂ ਸਬਕ ਸਿੱਖ ਚੁੱਕੇ ਸਨ ਪਰ ਮੀਣੇ, ਜਿਨ੍ਹਾਂ ਕੋਲ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਦਾ ਪ੍ਰਬੰਧ ਸੀ, ਅਜੇ ਵਿੱਸ ਘੋਲ ਰਹੇ ਸਨ। ਕੁਝ ਇਸ ਗੁੱਸੇ ਸਦਕਾ ਅਤੇ ਕੁਝ ਇਸ ਖ਼ਿਆਲ ਨਾਲ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਸ੍ਰੀ ਦਰਬਾਰ ਸਾਹਿਬ ਦਾ ਪ੍ਰਬੰਧ ਆਪਣੇ ਹੱਥਾਂ ਵਿਚ ਹੀ ਨਾ ਲੈ ਲੈਣ। ਜਦ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਸ੍ਰੀ ਦਰਬਾਰ ਸਾਹਿਬ ਆਏ ਤਾਂ ਮੀਣੇ ਪੁਜਾਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੇ ਦਰਵਾਜ਼ੇ ਬੰਦ ਕਰਕੇ ਚਲੇ ਗਏ। ਇਸ ਤਰ੍ਹਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਤੋਂ ਬਿਨਾਂ ਹੀ ਬਾਹਰੋਂ ਮੱਥਾ ਟੇਕ ਕੇ ਵਾਪਸ ਮੁੜ ਪਏ।

ਸ੍ਰੀ ਅੰਮ੍ਰਿਤਸਰ ਤੋਂ ਵਾਪਸੀ 'ਤੇ ਪਿੰਡ ਵੱਲਾ, ਜੋ ਸ੍ਰੀ ਅੰਮ੍ਰਿਤਸਰ ਸ਼ਹਿਰ ਤੋਂ ਢਾਈ-ਤਿੰਨ ਮੀਲ ਦੀ ਵਿੱਥ 'ਤੇ ਹੈ, ਦੀ ਸੰਗਤ ਨੇ ਪੁਜਾਰੀਆਂ ਵੱਲੋਂ ਗੁਰੂ ਸਾਹਿਬ ਨਾਲ ਕੀਤੇ ਵਰਤਾਰੇ ਬਾਰੇ ਸਭ ਕੁਝ ਸੁਣ ਲਿਆ ਸੀ। ਇੱਥੇ ਸ਼ਹਿਰ ਦੀਆਂ ਸ਼ਰਧਾਵਾਨ ਮਾਈਆਂ ਤੇ ਹੋਰ ਕੁਝ ਲੋਕ ਤੇ ਪਤਵੰਤੇ ਸੱਜਣ ਪੁਜਾਰੀਆਂ ਨੂੰ ਲਾਹਨਤਾਂ ਤੇ ਫਿਟਕਾਰਾਂ ਪਾ ਕੇ ਲਿਆਏ ਤੇ ਗੁਰੂ ਜੀ ਪਾਸੋਂ ਮੁਆਫ਼ੀ ਦਿਲਾਈ। ਇਸ ਸਮੇਂ ਗੁਰੂ ਜੀ ਨੇ ਉਨ੍ਹਾਂ ਮਾਈਆਂ ਨੂੰ "ਮਾਈਆਂ ਰੱਬ ਰਜਾਈਆਂ" ਆਖ ਕੇ ਨਿਵਾਜਿਆ। ਵੱਲੇ ਵਿਚ ਗੁਰੂ ਸਾਹਿਬ ਦੀ ਯਾਦ ਵਿਚ ਇਕ ਗੁਰਦੁਆਰਾ ਹੈ, ਜਿੱਥੇ ਹਰ ਸਾਲ ਮਾਘੀ ਦੀ ਪੂਰਨਮਾਸ਼ੀ ਨੂੰ ਮੇਲਾ ਲੱਗਦਾ ਹੈ ਜਿਸ ਵਿਚ ਖਾਸ ਕਰਕੇ ਸ੍ਰੀ ਅੰਮ੍ਰਿਤਸਰ ਸ਼ਹਿਰ ਦੇ ਵਸਨੀਕ ਸ਼ਾਮਲ ਹੁੰਦੇ ਹਨ। ਵੱਲੇ ਤੋਂ ਬਕਾਲੇ ਅਤੇ ਬਕਾਲੇ ਤੋਂ ਕੀਰਤਪੁਰ ਦੇ ਰਸਤੇ ਵਿਚ ਸਿੱਖ ਸੇਵਕਾਂ ਸਹਿਤ ਗੁਰੂ ਜੀ ਕੀਰਤਪੁਰ ਪਹੁੰਚ ਗਏ। ੧੬੩੪ ਤੋਂ ੧੬੬੪ ਈ. ਤਕ ਕੀਰਤਪੁਰ ਕੇਂਦਰੀ ਗੁਰ-ਅਸਥਾਨ ਬਣਿਆ ਰਿਹਾ। ਕੀਰਤਪੁਰ ਤੋਂ ਪੰਜ ਮੀਲ ਪਰ੍ਹੇ ਗੁਰੂ ਸਾਹਿਬ ਨੇ ਇਕ ਪਿੰਡ ਮਾਖੋਵਾਲ ਦੀ ਕੁਝ ਜ਼ਮੀਨ ਖ਼ਰੀਦੀ ਅਤੇ ਚੱਕ ਨਾਨਕੀ ਨਾਂ ਹੇਠ ਇਕ ਪਿੰਡ ਵਸਾਇਆ ਜੋ ਪਿੱਛੋਂ ਅਨੰਦਪੁਰ ਦੇ ਨਾਂ ਨਾਲ ਪ੍ਰਸਿੱਧ ਹੋਇਆ। ਇਸ ਵਕਤ ਤਕ ਗੁਰੂ

ਸਾਹਿਬ ਦੀ ਪ੍ਰਕਾਸ਼ ਲੋਅ ਉਨ੍ਹਾਂ ਸਾਰੇ ਕੇਂਦਰਾਂ ਤਕ ਪਹੁੰਚ ਚੁੱਕੀ ਸੀ ਜਿੱਥੇ ਕਿਤੇ ਗੁਰੂ ਨਾਨਕ ਦੇ ਨਾਮ-ਲੇਵਾ ਸਿੱਖ ਸਨ। ਪੂਰਬੀ ਭਾਰਤ ਦੀ ਸੰਗਤ ਦੀ ਬੇਨਤੀ ਪ੍ਰਵਾਨ ਕਰ ਕੇ ਧਰਮ ਪ੍ਰਚਾਰ ਦੇ ਦੌਰੇ 'ਤੇ ਗੁਰੂ ਜੀ ਉਧਰ ਨੂੰ ਚੱਲ ਪਏ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਅਗਸਤ ੧੬੬੫ ਈ. ਤੋਂ ਪੂਰਬ ਵੱਲ ਪ੍ਰਚਾਰ ਫੇਰੀ ਅਰੰਭ ਕੀਤੀ। ਉਸ ਵਕਤ ਉਨ੍ਹਾਂ ਨਾਲ ਮਾਤਾ ਨਾਨਕੀ ਜੀ, ਮਾਤਾ ਗੁਜਰੀ ਜੀ, ਭਾਈ ਮਤੀ ਦਾਸ ਜੀ, ਭਾਈ ਦਿਆਲਾ ਜੀ ਅਤੇ ਭਾਈ ਕ੍ਰਿਪਾਲ ਚੰਦ ਜੀ ਸਨ। ਉਨ੍ਹਾਂ ਪਹਿਲਾ ਪੜਾਅ ਕੀਰਤਪੁਰ ਤੋਂ ਤਿੰਨ ਮੀਲ ਦੂਰ ਇਕ ਪਿੰਡ ਵਿਚ ਕੀਤਾ, ਜਿਸ ਦੇ ਘਰ-ਬਾਰ ਤੇ ਫਸਲਾਂ ਬਰਸਾਤਾਂ ਦੇ ਪਾਣੀਆਂ ਨੇ ਤਬਾਹ ਕਰ ਦਿੱਤੀਆਂ ਸਨ। ਗੁਰੂ ਸਾਹਿਬ ਨੇ ਉੱਥੋਂ ਦੇ ਲੋਕਾਂ ਨੂੰ ਮਕਾਨਾਂ ਦੀ ਪੁਨਰ-ਉਸਾਰੀ ਲਈ ਮਾਇਕ ਮਦਦ ਦਿੱਤੀ ਤੇ ਲੰਗਰ ਚਾਲੂ ਕੀਤਾ। ਰੋਪੜ ਵਿੱਚੋਂ ਲੰਘਦੇ ਹੋਏ ਗੁਰੂ ਸਾਹਿਬ ਸੈਫ਼ਾਬਾਦ (ਬਹਾਦਰਗੜ੍ਹ) ਪਹੁੰਚੇ ਜਿੱਥੋਂ ਦੇ ਨਵਾਬ ਸੈਫੁੱਦੀਨ ਤੇ ਉਸ ਦੀ ਬੇਗਮ ਨੇ ਗੁਰੂ ਸਾਹਿਬ ਨੂੰ ਆਪਣੇ ਘਰ ਠਹਿਰਨ ਦੀ ਦਾਅਵਤ ਦਿੱਤੀ ਤੇ ਉਨ੍ਹਾਂ ਦਾ ਪ੍ਰੇਮ, ਸ਼ਰਧਾ ਤੇ ਸਤਿਕਾਰ ਵੇਖ ਕੇ ਗੁਰੂ ਸਾਹਿਬ ਉਨ੍ਹਾਂ ਦੇ ਘਰ ਠਹਿਰੇ। ਰੁਖ਼ਸਤ ਹੁੰਦੇ ਵਕਤ ਸੈਫੁੱਦੀਨ ਨੇ ਗੁਰੂ ਸਾਹਿਬ ਨੂੰ ਇਕ ਘੋੜਾ, ਮਾਤਾ ਗੁਜਰੀ ਜੀ ਲਈ ਇਕ ਰੱਥ, ਲੰਗਰ ਲਈ ਕੁਝ ਭਾਂਡੇ ਤੇ ਠਹਿਰਾਉ ਲਈ ਤੰਬੂ-ਕਨਾਤਾਂ ਵਗੈਰਾ ਭੇਟਾ ਕੀਤੇ। ਉੱਥੋਂ ਕੈਥਲ, ਕੁਰੂਕਸ਼ੇਤਰ ਦੇ ਰਸਤੇ ਦਿੱਲੀ ਪੁੱਜੇ, ਜਿੱਥੇ ਸ਼ਰਧਾਵਾਨਾਂ ਨੇ ਉਨ੍ਹਾਂ ਦਾ ਸੁਆਗਤ ਕੀਤਾ। ਇੱਥੇ ਹੀ ਔਰੰਗਜ਼ੇਬ ਦੇ ਰਾਜ ਦਰਬਾਰ ਦੇ ਉੱਚ ਅਧਿਕਾਰੀ ਮਿਰਜ਼ਾ ਰਾਜਾ ਜੈ ਸਿੰਘ ਤੇ ਰਾਜਾ ਰਾਮ ਸਿੰਘ ਉਨ੍ਹਾਂ ਨੂੰ ਮਿਲੇ।

ਦਿੱਲੀਓਂ ਅੱਗੇ ਮਥਰਾ, ਬ੍ਰਿੰਦਾਬਨ ਅਤੇ ਆਗਰੇ ਗਏ, ਜਿੱਥੇ ਸ੍ਰੀ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਧਰਮ ਕੇਂਦਰ ਸਥਾਪਿਤ ਸਨ। ਆਗਰੇ ਤੋਂ ਕਾਨ੍ਹਪੁਰ ਤੇ ਫ਼ਤਹਿਪੁਰ ਦੇ ਰਸਤੇ ਪ੍ਰਯਾਗ (ਅਲਾਹਬਾਦ) ਪੁੱਜੇ। ਅਲਾਹਬਾਦ ਇਕ ਅਜਿਹੀ ਥਾਂ ਹੈ ਜਿੱਥੇ ਗੰਗਾ, ਜਮਨਾ ਤੇ ਸਰਸਵਤੀ ਨਦੀ ਦਾ ਸੰਗਮ ਹੁੰਦਾ ਹੈ, ਇਸ ਲਈ ਇਸ ਨੂੰ ਤ੍ਰਿਬੇਣੀ ਵੀ ਕਿਹਾ ਜਾਂਦਾ ਹੈ। ਗੁਰੂ ਸਾਹਿਬ ਦੀ ਸਖ਼ਾਵਤ ਤੇ ਮਦਦ-ਭਰਿਆ ਵਤੀਰਾ ਵੇਖ ਕੇ ਕਈ ਲੋੜਵੰਦ ਸੱਜਣ ਉਨ੍ਹਾਂ ਪਾਸ ਆਉਂਦੇ, ਜਿਨ੍ਹਾਂ ਦੀ ਖੁੱਲ੍ਹੇ ਦਿਲ ਨਾਲ, ਹਰ ਤਰ੍ਹਾਂ ਦੀ ਮਦਦ ਕਰਦੇ। ਉੱਥੋਂ ਬਨਾਰਸ, ਸਸਰਾਮ, ਬੋਧ ਗਯਾ ਹੁੰਦੇ ਹੋਏ ਪਟਨਾ ਸ਼ਹਿਰ ਪਹੁੰਚੇ।

ਕੁਝ ਚਿਰ ਪਟਨੇ ਠਹਿਰੇ ਤਾਂ ਬੰਗਾਲ ਦੀ ਸੰਗਤ ਨੇ ਦਰਸ਼ਨਾਂ ਲਈ ਬੜੀ ਤੀਬਰਤਾ ਵਿਖਾਈ। ਅਗਸਤ ੧੬੬੬ ਈ. ਵਿਚ ਉਨ੍ਹਾਂ ਦੇ ਸੱਦੇ 'ਤੇ ਬੰਗਾਲ ਯਾਤਰਾ ਲਈ ਚੱਲ ਪਏ। ਢਾਕੇ ਦਾ ਬੁਲਾਕੀ ਦਾਸ ਅਤੇ ਕਾਮਰੂਪ ਦਾ ਰਾਜਾ ਨਿੱਜੀ ਤੌਰ 'ਤੇ ਤੋਹਫ਼ੇ ਲੈ ਕੇ ਪਟਨੇ ਪਹੁੰਚੇ। ਸਭ ਤੋਂ ਪਹਿਲਾਂ ਪੜਾਅ ਉਨ੍ਹਾਂ ਮੁੰਘੇਰ ਕੀਤਾ ਤੇ ਅਲਾਹਬਾਦ, ਬਨਾਰਸ, ਮਿਰਜ਼ਾਪੁਰ ਅਤੇ ਹੋਰ ਥਾਵਾਂ ਦੀਆਂ ਸੰਗਤਾਂ ਨੂੰ ਹੁਕਮਨਾਮੇ ਲਿਖੇ ਜਿਨ੍ਹਾਂ ਵਿਚ ਉਨ੍ਹਾਂ ਹਦਾਇਤਾਂ ਨੂੰ ਤਾਜ਼ਾ ਕਰਵਾਇਆ ਜੋ ਆਪਣੀ ਯਾਤਰਾ ਦੇ ਦੌਰਾਨ ਉਨ੍ਹਾਂ ਨੂੰ ਦਿੱਤੀਆਂ ਸਨ। ਮੁੰਘੇਰ ਤੋਂ ਅੱਗੇ ਭਾਗਲਪੁਰ, ਸਾਹਿਬਗੰਜ, ਕੰਤਨਹਾਰ ਅਤੇ ਮਾਲਦਾ, ਜੋ ਸੂਫ਼ੀ ਫ਼ਕੀਰਾਂ ਦਾ ਇਕ ਤਕੜਾ

ਗੜ੍ਹ ਸੀ, ਗਏ ਅਤੇ ਉਨ੍ਹਾਂ ਨਾਲ ਕਈ ਧਾਰਮਿਕ ਸਮੱਸਿਆਵਾਂ 'ਤੇ ਗੱਲ-ਬਾਤ ਕੀਤੀ। ਉੱਥੋਂ ਗੁਰੂ ਸਾਹਿਬ ਢਾਕਾ ਪਹੁੰਚੇ। ਢਾਕੇ ਉਨ੍ਹਾਂ ਦੇ ਵਿਸ਼ਰਾਮ ਲਈ ਇਕ ਵਿਸ਼ੇਸ਼ ਘਰ ਬਣਾਇਆ ਗਿਆ ਸੀ, ਜੋ ਹੁਣ 'ਸੰਗਤ ਟੋਲਾ' ਦੇ ਨਾਂ ਨਾਲ ਪੁਕਾਰਿਆ ਜਾਂਦਾ ਹੈ। ਢਾਕੇ ਰਹਿੰਦਿਆਂ ਹੀ ਗੁਰੂ ਸਾਹਿਬ ਨੂੰ ਬਾਲਕ ਗੋਬਿੰਦ ਰਾਇ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਦੇ ਪ੍ਰਕਾਸ਼ ਦੀ ਸੂਚਨਾ ਮਿਲੀ। ਬੰਗਾਲ ਵਿਚ ਕਾਫ਼ੀ ਚਿਰ ਗੁਰਮਤਿ ਦ੍ਰਿੜ੍ਹਾਉਣ ਤੋਂ ਪਿੱਛੋਂ ਉਨ੍ਹਾਂ ਨੇ ਹੋਰ ਧਾਰਮਿਕ ਥਾਵਾਂ ਦੀ ਯਾਤਰਾ ਕਰਨ ਦੀ ਇੱਛਾ ਪ੍ਰਗਟ ਕੀਤੀ ਅਤੇ ਆਸਾਮ ਦੇ ਰਾਜੇ ਨੇ ਅਜਿਹੇ ਸਾਰੇ ਪ੍ਰਬੰਧ ਮੁਕੰਮਲ ਕਰਨ ਦਾ ਵਾਅਦਾ ਕੀਤਾ। ਬਰਸਾਤ ਉਨਾਂ ਸਿਲਹੱਟ ਵਿਚ ਗੁਜ਼ਾਰੀ। ਉੱਥੋਂ ਚਿਟਾਗਾਂਗ, ਤ੍ਰਿਪੁਰਾ ਆਦਿ ਵਿਚ ਧਰਮ ਕੇਂਦਰ ਸਥਾਪਿਤ ਕਰਦੇ ਹੋਏ ੧੬੬੮ ਈ. ਦੇ ਸ਼ੁਰੂ ਵਿਚ ਵਾਪਸ ਢਾਕਾ ਪਹੁੰਚੇ।

ਫਿਰ ਗੁਰੂ ਜੀ ਉੱਤਰ ਵੱਲ ਨੂੰ ਗਏ ਅਤੇ ਉਨ੍ਹਾਂ ਨੇ ਆਸਾਮੀਆਂ ਵਿਚ ਸਿੱਖੀ ਦਾ ਪ੍ਰਚਾਰ ਕੀਤਾ। ਉਸ ਸਮੇਂ ਰਾਜਾ ਰਾਮ ਸਿੰਘ ਦਿੱਲੀ ਤੋਂ ਆਸਾਮ ਵਿਰੁੱਧ ਆਪਣੀ ਮੁਹਿੰਮ ਲੈ ਕੇ ਉੱਥੇ ਪੁੱਜ ਗਿਆ ਸੀ। ਲੜਾਈ ਛਿੜ ਗਈ। ਜੰਗ ਦੇ ਮੈਦਾਨ ਵਿਚ ਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਆਸਾਮੀ ਰਾਜੇ ਕੋਲ ਸੁਲ੍ਹਾ-ਦੂਤ ਭੇਜਿਆ ਕਿ ਲੜਾਈ ਦਾ ਕੋਈ ਫ਼ਾਇਦਾ ਨਹੀਂ ਤੇ ਝਗੜਾ ਸੁਲ੍ਹਾ-ਸਫ਼ਾਈ ਨਾਲ ਹੀ ਨਜਿੱਠਿਆ ਜਾਵੇ। ਅਖ਼ੀਰ ਕੁਝ ਸ਼ਰਤਾਂ ਤੈਅ ਹੋ ਗਈਆਂ ਤੇ ਲੜਾਈ ਬੰਦ ਹੋ ਗਈ। ਦੋਹਾਂ ਸੈਨਾਵਾਂ ਵਿਚਕਾਰ ਸੁਲ੍ਹਾ ਕਰਵਾਉਣ ਤੋਂ ਪਿੱਛੋਂ ਗੁਰੂ ਸਾਹਿਬ ਨੇ ੧੬੭੦ ਈ. ਵਿਚ ਵਾਪਸ ਚਾਲੇ ਪਾ ਦਿੱਤੇ।

ਔਰੰਗਜ਼ੇਬ ਦੇ ਰਾਜ ਵਿਚ ਹਿੰਦੂ ਜਨਤਾ ਉਸ ਦੇ ਅੱਤਿਆਚਾਰਾਂ ਤੋਂ ਅਤਿਅੰਤ ਦੁਖੀ ਸੀ। ਔਰੰਗਜ਼ੇਬ ਏਨਾ ਮੁਤੱਸਬੀ ਕਿਉਂ ਹੋਇਆ? ਇਸ ਬਾਰੇ ਵੱਖ-ਵੱਖ ਵਿਚਾਰ ਮਿਲਦੇ ਹਨ। ਇਕ ਦਲੀਲ ਤਾਂ ਇਹ ਦਿੱਤੀ ਜਾਂਦੀ ਹੈ ਕਿ ਔਰੰਗਜ਼ੇਬ ਨੇ ਦਿੱਲੀ ਦਾ ਤਖ਼ਤ ਬੜੇ ਮਹਿੰਗੇ ਭਾਅ ਅਰਥਾਤ ਭਰਾਵਾਂ ਅਤੇ ਨਜ਼ਦੀਕੀਆਂ ਦੇ ਖ਼ੂਨ-ਖ਼ਰਾਬੇ ਤੋਂ ਪਿੱਛੋਂ ਲਿਆ ਸੀ, ਇਸ ਲਈ ਉਹ ਆਪਣੀਆਂ ਕਾਲੀਆਂ ਕਰਤੂਤਾਂ ਨੂੰ ਛੁਪਾਉਣ ਤੇ ਮੁਸਲਮਾਨਾਂ ਦੀ ਹਮਦਰਦੀ ਜਿੱਤਣ ਲਈ ਕੋਈ ਬਹਾਨਾ ਤਲਾਸ਼ ਕਰਨਾ ਚਾਹੁੰਦਾ ਸੀ। ਸਭ ਤੋਂ ਚੰਗਾ ਤੇ ਅਸਰਦਾਇਕ ਬਹਾਨਾ ਉਸ ਨੂੰ ਇਹ ਸੁੱਝਾ ਕਿ ਇਸਲਾਮ ਦਾ ਨਾਂ ਲੈ ਕੇ ਲੋਕਾਂ ਨੂੰ ਆਪਣੇ ਪਿੱਛੇ ਲਾਇਆ ਜਾਵੇ ਤੇ ਆਪਣੇ ਆਪ ਨੂੰ ਇਸਲਾਮ ਦਾ ਵੱਡਾ ਰਾਖਾ ਤੇ ਸਮਰਥਕ ਸਾਬਤ ਕੀਤਾ ਜਾਵੇ। ਸੋ ਇਸ ਕੰਮ ਲਈ ਉਸ ਨੇ ਹਿੰਦੂਆਂ ਨੂੰ ਮੁਸਲਮਾਨ ਬਣਾਉਣ ਦੀ ਮੁਹਿੰਮ ਚਲਾਈ।

ਉਧਰ ਔਰੰਗਜ਼ੇਬ ਨੇ ਵੱਖ-ਵੱਖ ਸੂਬਿਆਂ ਦੇ ਗਵਰਨਰਾਂ ਨੂੰ ਹਿੰਦੂਆਂ ਨੂੰ ਇਸਲਾਮ ਵਿਚ ਲਿਆਉਣ ਲਈ ਹੁਕਮ ਚਾੜ੍ਹੇ ਤੇ ਉਨ੍ਹਾਂ ਅੱਗੋਂ ਅਮਲ ਕਰਵਾਉਣ ਵਿਚ ਕੋਈ ਕਸਰ ਬਾਕੀ ਨਾ ਛੱਡੀ।

ਪਟਨੇ ਪਹੁੰਚਣ 'ਤੇ ਉੱਥੋਂ ਦੀ ਸੰਗਤ ਨੇ ਗੁਰੂ ਸਾਹਿਬ ਦਾ ਬੜਾ ਸਵਾਗਤ ਕੀਤਾ। ਇੱਥੇ ਬਾਲ ਗੋਬਿੰਦ ਰਾਏ ਨਾਲ ਉਨ੍ਹਾਂ ਦਾ ਮਿਲਾਪ ਪਹਿਲੀ ਵਾਰ ਹੋਇਆ।

ਔਰੰਗਜ਼ੇਬ ਦੇ ਜ਼ੁਲਮਾਂ ਨੇ ਇਸ ਵਕਤ ਭਿਅੰਕਰ ਰੂਪ ਧਾਰਨ ਕਰ ਲਿਆ ਸੀ, ਜਿਸ ਕਰਕੇ ਗੁਰੂ ਸਾਹਿਬ ਨੇ ਪੰਜਾਬ ਵੱਲ ਛੇਤੀ ਮੁੜਨ ਦਾ ਮਨ ਬਣਾਇਆ। ਪਟਨੇ ਤੋਂ ਬਨਾਰਸ, ਜੌਨਪੁਰ, ਅਯੁੱਧਿਆ, ਦਿੱਲੀ, ਲਖਨੌਰ ਤੇ ਅੰਬਾਲੇ ਤੋਂ ਹੁੰਦੇ ਹੋਏ ਫਰਵਰੀ ੧੬੭੧ ਈ. ਵਿਚ ਅਨੰਦਪੁਰ ਸਾਹਿਬ ਪਹੁੰਚੇ।

ਸਾਲ ਕੁ ਅਨੰਦਪੁਰ ਸਾਹਿਬ ਠਹਿਰਨ ਪਿੱਛੋਂ ਗੁਰੂ ਸਾਹਿਬ ਮਾਲਵੇ ਤੇ ਬਾਂਗਰ ਦੇਸ਼ ਦੇ ਦੌਰੇ 'ਤੇ ਚੱਲ ਪਏ। ਇਹ ਇਲਾਕਾ ਬਹੁਤ ਪੱਛੜਿਆ ਹੋਇਆ ਸੀ ਤੇ ਬਹੁਤ ਸਾਰੇ ਸੁਧਾਰਾਂ ਦੀ ਮੰਗ ਕਰਦਾ ਸੀ। ਗੁਰੂ ਸਾਹਿਬ ਮੌਕੇ 'ਤੇ ਉਨ੍ਹਾਂ ਦੀਆਂ ਤਕਲੀਫ਼ਾਂ ਸੁਣਦੇ ਤੇ ਦੂਰ ਕਰਨ ਦਾ ਹੁਕਮ ਦਿੰਦੇ। ਇਸ ਵੀਰਾਨ ਇਲਾਕੇ ਵਿਚ ਉਨ੍ਹਾਂ ਕਈ ਖੂਹ ਖੁਦਵਾਏ, ਦੁੱਧ ਦੀ ਘਾਟ ਵਾਲੇ ਇਲਾਕੇ ਵਿਚ ਗਊਆਂ ਖਰੀਦ ਕੇ ਦਿੱਤੀਆਂ, ਬੇਜ਼ਮੀਨਿਆਂ ਨੂੰ ਜ਼ਮੀਨਾਂ ਲੈ ਕੇ ਦਿੱਤੀਆਂ ਤੇ ਹਰਿਆਵਲ ਖ਼ਾਤਰ ਬਾਗ ਲੁਆਏ। ਮੁੱਕਦੀ ਗੱਲ ਇਹ ਸੀ ਕਿ ਇਸ ਇਲਾਕੇ ਵਿਚ ਜਾਣ ਵਾਲੇ ਗੁਰੂ ਸਾਹਿਬ ਪਹਿਲੇ ਸੁਧਾਰਕ ਵਿਅਕਤੀ ਸਨ, ਜਿਨ੍ਹਾਂ ਉੱਥੇ ਜਾ ਕੇ ਲੋਕ-ਭਲਾਈ ਦੇ ਅਨੇਕ ਕੰਮ ਕੀਤੇ, ਜਿਸ ਕਰਕੇ ਲੋਕਾਂ ਦੇ ਮਨਾਂ ਉੱਪਰ ਉਨ੍ਹਾਂ ਦੀ ਸ਼ਖ਼ਸੀਅਤ ਦੀ ਮੁਹਰ ਛਾਪ ਹੋਰ ਵੀ ਡੂੰਘੀ ਹੋ ਗਈ।

ਗੁਰੂ ਸਾਹਿਬ ਦੇ ਪੂਰਬ, ਬੰਗਾਲ ਅਤੇ ਆਸਾਮ ਦੇ ਦੌਰਿਆਂ ਦੀਆਂ ਰਿਪੋਰਟਾਂ ਨਾਲੋ-ਨਾਲ ਔਰੰਗਜ਼ੇਬ ਪਾਸ ਪੁੱਜ ਰਹੀਆਂ ਸਨ। ਗੁਰੂ ਜੀ ਦੇ ਲੋਕਾਂ ਉੱਪਰ ਅਸਰ-ਰਸੂਖ ਨੇ ਉਸ ਦੀ ਨੀਂਦ ਹਰਾਮ ਕੀਤੀ ਹੋਈ ਸੀ। ਦੂਜਾ ਵੱਡਾ ਕਾਰਨ ਇਹ ਸੀ ਕਿ ਔਰੰਗਜ਼ੇਬ ਸਾਰੇ ਹਿੰਦੁਸਤਾਨ ਨੂੰ ਇਕ ਧਰਮ 'ਇਸਲਾਮ' ਦਾ ਪੈਰੋਕਾਰ ਬਣਾਉਣਾ ਚਾਹੁੰਦਾ ਸੀ ਪਰ ਗੁਰੂ ਸਾਹਿਬ ਮਾਨਵਵਾਦ ਦਾ ਪ੍ਰਚਾਰ ਕਰ ਕੇ ਸ਼ਾਇਦ ਉਸ ਲਈ ਬਾਧਕ ਬਣ ਰਹੇ ਸਨ, ਜਿਸ ਨੂੰ ਰਸਤੇ ਵਿੱਚੋਂ ਦੂਰ ਹਟਾਉਣਾ ਉਹ ਸਵਾਬ ਦਾ ਕੰਮ ਗਿਣਦਾ ਸੀ। ਉਧਰ ਕਸ਼ਮੀਰ ਦੇ ਗਵਰਨਰ ਨੇ ਔਰੰਗਜ਼ੇਬ ਦੇ ਹੁਕਮ ਦੀ ਪਾਲਣਾ ਕਰਦਿਆਂ ਹਿੰਦੂਆਂ ਉੱਤੇ ਜ਼ੁਲਮ ਦੀ ਅਤਿ ਕਰਨੀ ਸ਼ੁਰੂ ਕਰ ਦਿੱਤੀ। ਉਨ੍ਹਾਂ ਦੇ ਪੂਜਾ-ਸਥਾਨ ਮੰਦਰ ਢਾਹੇ ਜਾਂਦੇ, ਮੂਰਤੀਆਂ ਤੋੜੀਆਂ ਜਾਂਦੀਆਂ, ਜਨੇਊ ਲੁਹਾਏ ਜਾਂਦੇ ਅਤੇ ਹਰ ਤਰ੍ਹਾਂ ਨਾਲ ਉਨ੍ਹਾਂ ਦੀ ਹੇਠੀ ਕੀਤੀ ਜਾਂਦੀ। ਜਿਹੜੇ ਵਿਅਕਤੀ ਇਸਲਾਮ ਕਬੂਲ ਕਰਨ ਤੋਂ ਨਾਂਹ ਕਰਦੇ, ਉਨ੍ਹਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ। ਇਸ ਤਰ੍ਹਾਂ ਇਨ੍ਹਾਂ ਅੱਤਿਆਚਾਰਾਂ ਨੇ ਹਿੰਦੂ ਜਨਤਾ ਵਿਚ ਇਕ ਤ੍ਰਾਸ ਜਿਹਾ ਪੈਦਾ ਕੀਤਾ ਹੋਇਆ ਸੀ, ਪਰ ਡਰਦੇ ਮਾਰੇ ਉਹ ਇਸ ਦਾ ਟਾਕਰਾ ਕਰਨ ਦੀ ਹਿੰਮਤ ਨਾ ਕਰਦੇ। ਅਖੀਰ ਇਸ ਸਥਿਤੀ ਦਾ ਮੁਕਾਬਲਾ ਕਰਨ ਲਈ ਆਗੂ ਬ੍ਰਾਹਮਣਾਂ ਦਾ ਇਕ ਜਥਾ ਬਣਾਇਆ ਗਿਆ, ਜਿਸ ਨੇ ਕਸ਼ਮੀਰੀ ਪੰਡਤ ਕਿਰਪਾ ਰਾਮ ਦੀ ਅਗਵਾਈ ਹੇਠ ਕਿਸੇ ਉਪਰਾਲੇ ਦੀ ਤਲਾਸ਼ ਕਰਨੀ ਸ਼ੁਰੂ ਕਰ ਦਿੱਤੀ। ਕਾਫ਼ੀ ਸੋਚ-ਵਿਚਾਰ ਦੇ ਬਾਅਦ ਇਹ ਤੈਅ ਹੋਇਆ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਕੋਲ ਦਾਦ-ਫ਼ਰਿਆਦ ਕੀਤੀ ਜਾਵੇ ਕਿਉਂਕਿ ਗੁਰੂ-ਘਰ ਸ਼ੁਰੂ ਤੋਂ ਹੀ ਗਰੀਬਾਂ

ਤੇ ਲਿਤਾੜੇ ਵਿਅਕਤੀਆਂ ਦੀ ਹਮਾਇਤ ਲਈ ਨਿਤਰਦਾ ਆਇਆ ਸੀ। ਕਿਰਪਾ ਰਾਮ ਦੀ ਅਗਵਾਈ ਹੇਠ ਪੰਡਤਾਂ ਦਾ ਇਹ ਜਥਾ ਅਨੰਦਪੁਰ ਸਾਹਿਬ ਪਹੁੰਚਿਆ ਤੇ ਗੁਰੂ ਸਾਹਿਬ ਨੂੰ ਉਨ੍ਹਾਂ ਆਪਣੀ ਦਰਦ ਕਹਾਣੀ ਕਹਿ ਸੁਣਾਈ। ਗੁਰੂ ਜੀ ਇਸ ਦੁਖਾਂਤਕ ਸਮੱਸਿਆ ਬਾਰੇ ਡੂੰਘੀ ਸੋਚ-ਵਿਚਾਰ ਵਿਚ ਲੱਗ ਗਏ ਅਤੇ ਸੰਕੇਤ ਕੀਤਾ ਕਿ ਇਸ ਔਕੜ ਦਾ ਕੋਈ ਅੰਤਮ ਫ਼ੈਸਲਾ ਹੋਣਾ ਜ਼ਰੂਰੀ ਹੈ। ਗੁਰੂ ਸਾਹਿਬ ਨੂੰ ਸੋਚ ਵਿਚ ਡੁੱਬੇ ਵੇਖ ਕੇ ਬਾਲਕ ਗੋਬਿੰਦ ਰਾਇ ਜੀ ਨੇ ਇਸ ਭਾਰੀ ਚਿੰਤਾ ਦਾ ਕਾਰਨ ਪੁੱਛਿਆ। ਗੁਰੂ ਜੀ ਨੇ ਕਸ਼ਮੀਰੀਆਂ ਦੇ ਜ਼ੁਲਮ ਦੀ ਵਿਥਿਆ ਦੱਸੀ ਅਤੇ ਕਿਹਾ ਕਿ ਜੇ ਇਸ ਵੇਲੇ ਕੋਈ ਮਹਾਂਪੁਰਸ਼ ਜ਼ੁਲਮ ਨੂੰ ਰੋਕਣ ਲਈ ਆਪਣਾ ਸੀਸ ਦੇਵੇ ਤਾਂ ਇਹ ਆਫ਼ਤ ਟਲ ਸਕਦੀ ਹੈ। ਇੰਨੀ ਗੱਲ ਸੁਣ ਕੇ ਸ੍ਰੀ ਗੋਬਿੰਦ ਰਾਇ ਜੀ ਨੇ ਭੋਲੇ-ਭਾਅ ਕਿਹਾ ਕਿ ਇਸ ਵੇਲੇ ਆਪ ਤੋਂ ਵੱਡਾ ਮਹਾਂਪੁਰਸ਼ ਕੌਣ ਹੋ ਸਕਦਾ ਹੈ? ਗੁਰੂ ਜੀ ਨੂੰ ਆਪਣੇ ਸਪੁੱਤਰ ਤੋਂ ਜਦ ਇਹ ਜੁਆਬ ਮਿਲਿਆ ਤਾਂ ਉਨ੍ਹਾਂ ਭਵਿੱਖਤ ਗੁਰੂ ਦੀਆਂ ਸੰਭਾਵਨਾਵਾਂ ਬਾਰੇ ਉਦੋਂ ਹੀ ਪੂਰਾ ਅੰਦਾਜ਼ਾ ਲਾ ਲਿਆ ਕਿ ਗੋਬਿੰਦ ਰਾਇ ਜੀ ਹੁਣ ਗੁਰਿਆਈ ਦੀਆਂ ਜ਼ਿੰਮੇਵਾਰੀਆਂ ਦਾ ਭਾਰ ਝੱਲ ਲੈਣਗੇ। ਗੁਰੂ ਸਾਹਿਬ ਨੇ ਕਸ਼ਮੀਰੀ ਪੰਡਤਾਂ ਨੂੰ ਸੱਦ ਕੇ ਆਪਣੇ ਫ਼ੈਸਲੇ ਤੋਂ ਜਾਣੂ ਕਰਵਾਇਆ ਕਿ ਔਰੰਗਜ਼ੇਬ ਨੂੰ ਦੱਸ ਦਿੱਤਾ ਜਾਵੇ ਕਿ ਗੁਰੂ ਤੇਗ ਬਹਾਦਰ ਮੁਸਲਮਾਨ ਹੋ ਜਾਣ ਤਾਂ ਅਸੀਂ ਖ਼ੁਦ-ਬ-ਖ਼ੁਦ ਇਸਲਾਮ ਕਬੂਲ ਕਰ ਲਵਾਂਗੇ। ਇਹ ਹੌਸਲਾ-ਵਧਾਊ ਉੱਤਰ ਸੁਣ ਕੇ ਪੰਡਤਾਂ ਨੂੰ ਤਸੱਲੀ ਹੋ ਗਈ ਤੇ ਉਹ ਇਹ ਖ਼ਬਰ ਲਾਹੌਰ ਦੇ ਨਾਜ਼ਮ ਜ਼ਾਲਿਮ ਖ਼ਾਨ ਨੂੰ ਸੁਣਾਉਣ ਚੱਲ ਪਏ। ਜ਼ਾਮਿਲ ਖ਼ਾਨ ਨੇ ਦਰਬਾਰੀਆਂ ਦੀ ਸਲਾਹ ਨਾਲ ਇਹ ਖ਼ਬਰ ਔਰੰਗਜ਼ੇਬ ਤਕ ਪਹੁੰਚਾ ਦਿੱਤੀ।

ਗੁਰੂ ਸਾਹਿਬ ਜਦ ਦਿੱਲੀ ਨੂੰ ਤਿਆਰ ਹੋਏ ਤਾਂ ਦੀਵਾਨ ਮਤੀ ਦਾਸ, ਭਾਈ ਦਿਆਲਾ, ਭਾਈ ਸਤੀ ਦਾਸ, ਭਾਈ ਜੈਤਾ ਜੀ, ਭਾਈ ਉਦੋ ਆਦਿ ਮੁਖੀ ਸਿੱਖ ਉਨ੍ਹਾਂ ਨਾਲ ਤੁਰ ਪਏ।

ਉਸ ਨੇ ਗੁਰੂ ਸਾਹਿਬ ਦੀ ਗ੍ਰਿਫ਼ਤਾਰੀ ਦਾ ਹੁਕਮ ਜਾਰੀ ਕਰ ਦਿੱਤਾ ਅਤੇ ਆਗਰਿਓਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਕੇ ਦਿੱਲੀ ਲੈ ਆਂਦਾ ਗਿਆ। ਇੱਥੇ ਉਨ੍ਹਾਂ ਨੂੰ ਬਾਦਸ਼ਾਹ ਦੇ ਕਈ ਭਰੋਸੇਯੋਗ ਵਿਅਕਤੀਆਂ ਦੀ ਨਿਗਰਾਨੀ ਹੇਠ ਰੱਖਿਆ ਗਿਆ। ਗੁਰੂ ਜੀ ਪਾਸ ਤਿੰਨ ਮੁਤਾਲਬੇ ਰੱਖੇ ਗਏ: ਕਰਾਮਾਤ ਵਿਖਾਓ, ਇਸਲਾਮ ਕਬੂਲ ਕਰੋ ਜਾਂ ਮਰਨ ਲਈ ਤਿਆਰ ਹੋ ਜਾਵੋ। ਗੁਰੂ ਸਾਹਿਬ ਨੇ ਪਹਿਲੀਆਂ ਦੋਹਾਂ ਗੱਲਾਂ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਇਨ੍ਹਾਂ ਨਾਲ ਉਨ੍ਹਾਂ ਦੇ ਆਦਰਸ਼ਾਂ ਤੇ ਸਿਧਾਂਤਾਂ 'ਤੇ ਸੱਟ ਵੱਜਦੀ ਸੀ ਅਤੇ ਤੀਜੀ ਨੂੰ ਪ੍ਰਵਾਨ ਕੀਤਾ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਡਰਾਉਣ ਅਤੇ ਮੌਤ ਦੇ ਖ਼ੌਫ਼ਨਾਕ ਅਜ਼ਾਮ ਤੋਂ ਆਗਾਹ ਕਰਨ ਲਈ ਪਹਿਲਾਂ ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰ ਕੇ, ਭਾਈ ਦਿਆਲਾ ਜੀ ਨੂੰ ਉਬਲਦੀ ਦੇਗ ਵਿਚ ਉਬਾਲ ਕੇ ਅਤੇ ਭਾਈ ਸਤੀ ਦਾਸ ਨੂੰ ਜਿਉਂਦਿਆਂ ਹੀ ਰੂੰ 'ਚ ਲਪੇਟ ਕੇ ਅੱਗ ਲਗਾ

ਕੇ ਸ਼ਹੀਦ ਕੀਤਾ ਗਿਆ।

ਪਰ ਜ਼ਾਲਮ ਆਪਣੇ ਮਕਸਦ ਵਿਚ ਕਾਮਯਾਬ ਨਾ ਹੋਏ ਤੇ ਗੁਰੂ ਜੀ ਆਪਣੇ ਦ੍ਰਿੜ੍ਹ ਇਰਾਦੇ 'ਤੇ ਡਟੇ ਰਹੇ।

ਆਖ਼ਰ ਗੁਰੂ ਜੀ ਦੀ ਸ਼ਹੀਦੀ ਦਾ ਨਿਸ਼ਚਿਤ ਦਿਨ ਆ ਪੁੱਜਾ। ਨਿਸ਼ਚਿਤ ਘੜੀ 'ਤੇ ਕਾਜ਼ੀ ਅਬਦੁੱਲ ਵਾਹਬ ਨੇ ਫਤਵਾ ਪੜ੍ਹਿਆ। ਜਲਾਲੁੱਦੀਨ ਜੱਲਾਦ ਤਲਵਾਰ ਲੈ ਕੇ ਪਿੱਛੇ ਖੜਾ ਹੋ ਗਿਆ ਤੇ ਇਸ਼ਾਰਾ ਮਿਲਦਿਆਂ ਹੀ ਗੁਰੂ ਜੀ ਨੂੰ ਸ਼ਹੀਦ ਕਰ ਦਿੱਤਾ। ਉਸ ਦਿਨ ੧੧ ਨਵੰਬਰ, ੧੬੭੫ ਈ. ਸੀ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਵਾਲੀ ਥਾਂ 'ਤੇ ਅੱਜ ਗੁਰਦੁਆਰਾ ਸੀਸ ਗੰਜ, ਚਾਂਦਨੀ ਚੌਕ ਦਿੱਲੀ ਵਿਚ ਸੁਭਾਇਮਾਨ ਹੈ। ਇਹ ਗੁਰਦੁਆਰਾ ਸਾਹਿਬ ਸੰਨ ੧੭੩੩ ਵਿਚ ਸਰਦਾਰ ਬਘੇਲ ਸਿੰਘ ਕਰੋੜਸਿੰਘੀਏ ਨੇ ਬਣਵਾਇਆ ਸੀ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸ਼ਹੀਦ ਕਰਨ ਤੋਂ ਪਹਿਲੇ ਦਿਨ ਸ਼ਹਿਰ ਵਿਚ ਮੁਨਾਦੀ ਕਰਵਾਈ ਗਈ ਤੇ ਬਹੁਤ ਸਾਰੇ ਲੋਕ ਚਾਂਦਨੀ ਚੌਕ ਆਣ ਜੁੜੇ। ਸ਼ਹੀਦੀ ਉਪਰੰਤ ਲਾਸ਼ ਉੱਪਰ ਸਖ਼ਤ ਪਹਿਰਾ ਲਗਵਾ ਦਿੱਤਾ ਗਿਆ ਤਾਂ ਜੋ ਕੋਈ ਵਿਅਕਤੀ ਸੀਸ ਜਾਂ ਧੜ ਲਿਜਾ ਕੇ ਸਸਕਾਰ ਨਾ ਕਰ ਸਕੇ। ਕੁਝ ਇਸ ਅਦੁੱਤੀ ਸ਼ਹੀਦੀ ਦੀ ਹਾਹਾਕਾਰ ਤੇ ਹਫੜਾ-ਦਫੜੀ ਅਤੇ ਕੁਝ ਕੁਦਰਤੀ ਆਫ਼ਤ, ਸ਼ਰਧਾ, ਦਲੇਰੀ ਤੇ ਭਾਵਨਾ ਸਦਕਾ ਭਾਈ ਜੈਤਾ ਜੀ ਗੁਰੂ ਸਾਹਿਬ ਦਾ ਸੀਸ ਚੁੱਕਣ ਵਿਚ ਕਾਮਯਾਬ ਹੋ ਗਿਆ ਤੇ ਲੈ ਕੇ ਸ੍ਰੀ ਅਨੰਦਪੁਰ ਸਾਹਿਬ ਆ ਗਏ। ਭਾਈ ਜੈਤਾ ਜੀ ਦੇ ਇਸ ਸਾਹਸ ਪੂਰਨ ਉੱਦਮ ਸਦਕਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਨੂੰ 'ਰੰਘਰੇਟਾ ਗੁਰੂ ਕਾ ਬੇਟਾ' ਆਖ ਕੇ ਨਿਵਾਜਿਆ। ਸ੍ਰੀ ਅਨੰਦਪੁਰ ਸਾਹਿਬ ਵਿਚ ਜਿੱਥੇ ਗੁਰੂ ਸਾਹਿਬ ਦੇ ਸੀਸ ਦਾ ਸਸਕਾਰ ਕੀਤਾ ਗਿਆ, ਉੱਥੇ ਹੁਣ ਗੁਰਦੁਆਰਾ ਸੀਸ ਗੰਜ ਸਾਹਿਬ ਸੁਸ਼ੋਭਿਤ ਹੈ।

ਸੀਸ ਚੁੱਕਿਆ ਵੇਖ ਕੇ ਹਾਕਮਾਂ ਨੇ ਪਹਿਰਾ ਹੋਰ ਵੀ ਸਖ਼ਤ ਕਰ ਦਿੱਤਾ। ਏਸੇ ਦੌਰਾਨ ਇਕ ਵਪਾਰੀ ਜਿਸ ਦਾ ਨਾਂ ਲੱਖੀ ਸ਼ਾਹ ਸੀ ਅਤੇ ਜੋ ਵਣਜ ਵਪਾਰ ਕਰਦਾ ਸੀ, ਆਪਣੇ ਕਾਫ਼ਲੇ ਸਮੇਤ ਦਿੱਲੀ ਵਿੱਚੋਂ ਲੰਘ ਰਿਹਾ ਸੀ। ਲੱਖੀ ਸ਼ਾਹ ਗੁਰੂ-ਘਰ ਦਾ ਪ੍ਰੇਮੀ ਸੀ। ਮਿੱਥੀ ਵਿਉਂਤ ਨਾਲ ਲੱਖੀ ਸ਼ਾਹ ਆਪਣੇ ਕਾਫ਼ਲੇ ਨੂੰ ਲੈ ਕੇ ਉਧਰੋਂ ਦੀ ਤੁਰ ਪਿਆ। ਪਸ਼ੂਆਂ ਦੇ ਤੁਰਨ ਨਾਲ ਘੱਟਾ ਉੱਡ ਕੇ ਗੁਬਾਰ ਜਿਹਾ ਬਣ ਕੇ ਉੱਠ ਖਲੋਤਾ। ਮੌਕਾ ਤਾੜ ਕੇ ਭਾਈ ਲੱਖੀ ਸ਼ਾਹ ਨੇ ਗੁਰੂ ਸਾਹਿਬ ਦਾ ਧੜ ਇਕ ਗੱਡੇ 'ਤੇ ਲੱਦ ਲਿਆ ਤੇ ਛੇਤੀ ਛੇਤੀ ਆਪਣੇ ਘਰ ਨੂੰ ਤੁਰ ਪਿਆ। ਮੰਜ਼ਿਲ 'ਤੇ ਪਹੁੰਚਦਿਆਂ ਹੀ ਭਾਈ ਲੱਖੀ ਸ਼ਾਹ ਨੇ ਧੜ ਨੂੰ ਆਪਣੇ ਘਰ ਵਿਚ ਰੱਖ ਕੇ ਸਾਰੇ ਮਾਲ ਅਸਬਾਬ ਸਮੇਤ ਘਰ ਨੂੰ ਅੱਗ ਲਾ ਦਿੱਤੀ। ਇਸ ਥਾਂ 'ਤੇ ਇਸ ਵੇਲੇ ਗੁਰਦੁਆਰਾ ਰਕਾਬ ਗੰਜ ਸਾਹਿਬ ਕਾਇਮ ਹੈ। ■

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ

*-ਸ. ਗੁਰਚਰਨਜੀਤ ਸਿੰਘ ਲਾਂਬਾ**

ਸਤਿਗੁਰ ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਵੱਲੋਂ ਤਿਲਕ ਅਤੇ ਜੰਞੂ ਦੀ ਖਾਤਰ ਹੋਈ ਸ਼ਹਾਦਤ ਮਾਨਵਤਾ ਦੇ ਇਤਿਹਾਸ ਦੀ ਐਸੀ ਅਦੁੱਤੀ ਘਟਨਾ ਹੈ ਜੋ ਨਾ ਪਹਿਲਾਂ ਕਦੇ ਹੋਈ ਹੈ ਅਤੇ ਨਾ ਹੀ ਹੋ ਸਕੇਗੀ।

ਰਾਜ ਔਰੰਗਜ਼ੇਬ ਦਾ, ਐਸਾ ਕਰੂਰ ਬਾਦਸ਼ਾਹ; ਜਿਸਨੇ ਦੁਨੀ ਦੀ ਖਾਤਰ ਦੀਨ ਗਵਾ ਲਿਆ। ਜਿਸ ਨੂੰ ਨਾ ਲੋਕ ਲਾਜ, ਨਾ ਬਾਪ 'ਤੇ ਤਰਸ, ਨਾ ਭਰਾਵਾਂ 'ਤੇ ਦਇਆ ਆਈ; ਐਸੇ ਗਰੂਰ ਅਤੇ ਹੰਕਾਰ ਵਿਚ ਭਰੇ ਵਕਤੀ ਬਾਦਸ਼ਾਹ ਦੇ ਸਿਰ 'ਤੇ ਆਪਣੇ ਸਰੀਰ ਦਾ ਠੀਕਰਾ ਭੰਨ ਦੇਣਾ; ਤਾਂਹੀਉ ਤਾਂ ਕਲਗੀਧਰ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਇਸ ਦੀ ਸਨਦ ਦਰਜ ਕਰ ਦਿੱਤੀ:

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥ ਕੀਨੋ ਬਡੋ ਕਲੂ ਮਹਿ ਸਾਕਾ॥
ਸਾਧਨ ਹੇਤਿ ਇਤੀ ਜਿਨਿ ਕਰੀ॥ ਸੀਸੁ ਦੀਆ ਪਰ ਸੀ ਨ ਉਚਰੀ॥੧੩॥

(ਬਚਿਤ੍ਰ ਨਾਟਕ)

ਕਲਗੀਧਰ ਪਿਤਾ ਵੱਲੋਂ ਦਰਜ ਕੀਤੀ ਗਈ ਇਹ ਗਵਾਈ ਬਹੁਤ ਹੀ ਮਹੱਤਵਪੂਰਨ ਹੈ। ਇਸ ਗਵਾਹੀ ਨੂੰ ਇਕ ਵਾਰ ਫਿਰ ਮਿਟਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸੁਚੇਤ ਹੋਣ ਦੀ ਲੋੜ ਹੈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਉਸ ਤਿਲਕ ਜੰਞੂ ਨੂੰ ਬਚਾਉਣ ਦੀ ਖਾਤਰ ਹੋਈ ਜਿਸ ਨੂੰ ਪਹਿਲੇ ਜਾਮੇ ਵਿਚ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਅਪ੍ਰਵਾਨ ਕਰ ਚੁਕੇ ਸਨ। ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਦੂਜਿ ਜਨਮ ਕਰਾਉਣ ਲਈ ਜਦੋਂ ਪੰਡਤ ਹਰੀ ਦਿਆਲ ਜੀ ਯਗਜੋਪਵੀਤ ਕਰਾਉਣ ਲੱਗੇ ਤਾਂ ਸਤਿਗੁਰੂ ਜੀ ਨੇ ਦ੍ਰਿੜ੍ਹਤਾ ਨਾਲ ਇਸ ਧਾਗੇ ਦੇ ਬੰਧਨ ਵਿਚ ਬੰਨੇ ਜਾਣ ਤੋਂ ਇਨਕਾਰ ਕਰ ਦਿੱਤਾ। ਇਸ ਨੂੰ ਪ੍ਰੋ. ਮੋਹਨ ਸਿੰਘ ਨੇ 'ਨਾਨਕਾਇਣ' ਵਿਚ ਖ਼ੂਬਸੂਰਤੀ ਨਾਲ ਬਿਆਨ ਕੀਤਾ ਹੈ:

ਪਿਆਰ ਨਾਲ ਸਮਝਾਇਆ ਮੁੜ ਮੁੜ ਹਰੀ ਦਿਆਲ
ਤੇ ਪਿਉ ਨੇ ਧਮਕਾਇਆ ਕੱਢ ਕੇ ਅੱਖਾਂ ਲਾਲ।
ਪਰ ਬਾਬਾ ਨਾ ਡੋਲਿਆ ਕਾਇਮ ਰੱਖਿਆ ਚਿੱਤ
ਇਹ ਸੀ ਜੀਵਨ ਘੋਲ ਵਿਚ ਉਸਦੀ ਪਹਿਲੀ ਜਿੱਤ।

* *New Jersey. USA. Mo: +1 9736990950 Email: santsipahi@gmail.com*

ਔਰੰਗਜ਼ੇਬ ਆਪਣੇ ਦੇਸ਼ ਦੀ ਸੀਮਾ ਅੰਦਰ ਕੇਵਲ ਇਕ ਧਰਮ ਸਥਾਪਿਤ ਕਰ ਕੇ ਆਪਣੇ ਢੰਗ ਦੀ 'ਕੌਮੀ ਏਕਤਾ' ਕਾਇਮ ਕਰਨਾ ਲੋਚਦਾ ਸੀ। ਇਹ ਵਿਕ੍ਰਿਤ ਰਾਸ਼ਟਰਵਾਦ ਜਦੋਂ ਜਨੂੰਨ ਦੀ ਹੱਦ ਤਕ ਪਹੁੰਚ ਜਾਏ ਤਾਂ ਫਿਰ ਇਹ 'ਰਾਸ਼ਟਰ ਬਾਦ' ਬਣ ਜਾਂਦਾ ਹੈ। ਇਸ ਬਾਰੇ ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਨੇ ਅੰਕਿਤ ਕੀਤਾ ਕਿ ਜੇਕਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾ ਹੁੰਦੇ ਤਾਂ ਰਾਸ਼ਟਰੀ ਏਕਤਾ ਹੋ ਜਾਣੀ ਸੀ:

ਛਾਇ ਜਾਤੀ ਏਕਤਾ ਅਨੇਕਤਾ ਬਿਲਾਇ ਜਾਤੀ,
ਹੋਵਤੀ ਕੁਚੀਲਤਾ ਕਤੇਬਨ ਕੁਰਾਨ ਕੀ।
ਪਾਪ ਹੀ ਪ੍ਰਪੱਕ ਜਾਤੇ ਧਰਮ ਧਸੱਕ ਜਾਤੇ,
ਬਰਨ ਗਰੱਕ ਜਾਤੇ, ਸਹਿਤ ਬਿਧਾਨ ਕੀ।
ਦੇਵੀ ਦੇਵ ਦੇਹੁਰੇ ਸੰਤੋਖ ਸਿੰਘ ਦੂਰ ਹੋਤੇ,
ਰੀਤ ਮਿਟ ਜਾਤੀ ਕਥਾ ਬੇਦਨ ਪੁਰਾਨ ਕੀ।
ਸ੍ਰੀ ਗੁਰੂ ਗੋਬਿੰਦ ਸਿੰਘ ਪਾਵਨ ਪਰਮ ਸੂਰ,
ਮੂਰਤਿ ਨਾ ਹੋਤੀ ਜੋ ਪੈ ਕਰੁਣਾ ਨਿਧਾਨ ਕੀ।

ਗੁਰਮਤਿ ਤਾਂ *ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ* ਨੂੰ ਪ੍ਰਣਾਈ ਹੋਈ ਹੈ। ਇਸ ਵਿਕ੍ਰਤੀ ਨੂੰ ਦੂਰ ਕਰਨ ਲਈ *ਕਹੁ ਨਾਨਕ ਜਉ ਪਿਤਾ ਪਤੀਨੇ॥ ਪਿਤਾ ਪੂਤ ਏਕੈ ਰੰਗਿ ਲੀਨੇ॥* ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਬਾਲ ਗੋਬਿੰਦ ਰਾਇ ਜੀ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਨੇ ਮਤਾ ਪਕਾਇਆ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਪਣਾ ਸੀਸ ਦਾਨ ਦੇ ਦਿੱਤਾ। ਇਸ ਤੋਂ 'ਸੀਸ ਗੰਜ' ਸਥਾਪਿਤ ਹੋਇਆ। ਜਿੱਥੇ ਗੁਰੂ ਜੀ ਦਾ ਸੀਸ ਲੱਗਾ ਉਹ 'ਸੀਸ ਗੰਜ' ਬਣਿਆ। ਇਸ ਸੀਸ ਗੰਜ ਤੋਂ ਅਣਗਿਣਤ 'ਸ਼ਹੀਦ ਗੰਜ' ਉਪਜੇ ਜਿੱਥੇ ਸਿੱਖਾਂ ਦੇ ਸਿਰ ਲੱਗੇ। ਸੀਸ ਗੰਜ ਇਕ ਬੀਜ ਹੈ ਸ਼ਹੀਦ ਗੰਜ ਇਸ ਦੀ ਫਸਲ। ਰਕਤ ਬੀਜ ਤਾਂ ਪੌਰਾਣਿਕ ਚਰਿੱਤ੍ਰ ਸੁਣਿਆ ਸੀ, ਪਰ ਇੱਥੇ ਤਾਂ ਪ੍ਰਤੱਖ ਸ਼ਹਾਦਤਾਂ ਦੇ ਪਰਵਾਨੇ ਆਏ। ਧਾਰਮਿਕ ਅਜ਼ਾਦੀ ਅਤੇ ਮਨੁੱਖੀ ਹਕੂਕ ਲਈ ਕੁਰਬਾਨੀ ਕਰ ਕੇ ਪਾਏ ਪੂਰਨੇ ਮਾਨਵਤਾ ਲਈ ਅਤੇ ਵਿਸ਼ੇਸ਼ ਕਰ ਕੇ ਸਿੱਖ ਕੌਮ ਲਈ ਇਕ ਚਾਨਣ-ਮੁਨਾਰਾ ਅਤੇ ਪ੍ਰੇਰਨਾ-ਸ੍ਰੋਤ ਬਣੇ।

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਿਰਭਉ-ਨਿਰਵੈਰ ਦਾ ਸਬਕ ਯਾਦ ਕਰਾਇਆ। ਇਸ ਵਿਚ ਨਿਰਭਉ ਅਤੇ ਨਿਰਵੈਰ ਇੱਕੋ ਸਮੇਂ ਹੋਣਾ ਸੀ। ਪਰ ਵੇਖਣ ਵਿਚ ਆਇਆ ਕਿ ਦੁਨੀਆ ਨੇ ਇਸ ਨੂੰ ਦੋ ਹਿੱਸਿਆਂ ਵਿਚ ਵੰਡ ਲਿਆ। ਜਿਹੜੇ ਜਾਬਰ ਅਤੇ ਜ਼ਾਲਮ ਸਨ ਉਹ ਆਪਣੇ ਆਪ ਨੂੰ ਨਿਰਭਉ ਕਹਿ ਕੇ ਆਪਣੀ ਪਿੱਠ ਥਾਪੜਦੇ ਸਨ ਕਿ ਅਸੀਂ ਕਿਸੇ ਕੋਲੋਂ ਵੀ ਨਹੀਂ ਡਰਦੇ। ਇਸ ਦੇ ਮੁਕਾਬਲੇ ਜਿਹੜੇ ਨਿਤਾਣੇ, ਮਾੜੇ, ਮਜ਼ਲੂਮ ਸ਼ਖਸ ਜ਼ਾਲਮ ਦੇ ਸਾਹਮਣੇ ਖੜੇ ਨਹੀਂ ਸਨ ਹੋ ਸਕਦੇ ਉਹ

ਆਪਣੇ ਆਪ ਨੂੰ ਨਿਰਵੈਰ ਕਹਾ ਕੇ ਤਸੱਲੀ ਕਰਦੇ ਸਨ ਕਿ ਸਾਡੀ ਤਾਂ ਕਿਸੇ ਨਾਲ ਵੀ ਦੁਸ਼ਮਣੀ ਹੀ ਨਹੀਂ।

ਇਸ ਦਾ ਜਵਾਬ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਦਿੱਤਾ *ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥* ਨਾ ਤਾਂ ਕਿਸੇ ਨੂੰ ਭੈਅ ਭੀਤ ਹੀ ਕਰਨਾ ਹੈ ਅਤੇ ਨਾ ਹੀ ਕਿਸੇ ਦਾ ਡਰ ਮੰਨਣਾ ਹੈ। ਇਹੀ ਗੁਣ ਤਾਂ ਅਕਾਲ ਪੁਰਖ ਦਾ ਹੈ। ਇਸ 'ਤੇ ਅਮਲੀ ਰੂਪ ਵਿਚ ਪਹਿਰਾ ਦਿੰਦਿਆਂ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਕੁਰਬਾਨੀ ਦਿੱਤੀ। ਸਤਿਗੁਰੂ ਜੀ ਦੀ ਸ਼ਹਾਦਤ ਦਾ ਇਕ ਹੋਰ ਅਨੋਖਾ ਪੱਖ ਹੈ ਕਿ ਆਪ ਜੀ ਦੇ ਦਾਦਾ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਵੀ ਸ਼ਹੀਦ, ਆਪ ਜੀ ਦੇ ਮਹਿਲ ਮਾਤਾ ਗੁਜਰੀ ਜੀ ਵੀ ਸ਼ਹੀਦ, ਆਪ ਜੀ ਦੇ ਚਾਰੇ ਪੋਤਰੇ- ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫ਼ਤਿਹ ਸਿੰਘ ਵੀ ਸ਼ਹੀਦ।

ਹੁਣ ਇਸ ਦਾ ਅਗਲਾ ਪੜਾਅ ਕਲਗੀਧਰ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮੁਕੰਮਲ ਕੀਤਾ ਕਿ ਜਦੋਂ ਸਾਰੇ ਹੀਲੇ ਵਰਤ ਕੇ ਸਾਰੇ ਉਪਾਅ ਖ਼ਤਮ ਹੋ ਜਾਣ ਤਾਂ ਸ੍ਰੀ ਸਾਹਿਬ ਹੱਥ ਵਿਚ ਲੈਣੀ ਜਾਇਜ਼ ਹੈ:

ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ॥
ਹਲਾਲੱਸਤ ਬੁਰਦਨ ਬ ਸ਼ਮਸ਼ੀਰ ਦਸਤ॥ *(ਜ਼ਫ਼ਰਨਾਮਾ)*

ਮਾਨਵੀ ਭਾਵਨਾਵਾਂ ਅਤੇ ਕਦਰਾਂ-ਕੀਮਤਾਂ ਲਈ ਸਤਿਗੁਰੂ ਜੀ ਦਾ ਮਨ ਕਿਤਨਾ ਕੋਮਲ ਸੀ ਉਸ ਦਾ ਇਕ ਉਦਾਹਰਨ ਹੈ ਕਿ ਸਤਿਗੁਰੂ ਜੀ ਨੇ ਪਟਨਾ ਸਾਹਿਬ ਤੋਂ ਬਨਾਰਸ ਦੀ ਸੰਗਤ ਨੂੰ ਇਕ ਹੁਕਮਨਾਮਾ ਉਚੇਚੇ ਤੌਰ 'ਤੇ ਭੇਜਿਆ। ਉਸ ਵਿਚ ਲਿਖਿਆ ਸੀ:

ਭਾਈ ਜਵੇਹਰੀ ਸਰਬਤਿ ਸੰਗਤਿ ਗੁਰੂ ਰਖੈਗਾ। ਸਿਰੀਧਰ ਕੀ ਸੰਗਤਿ ਸੇਵਾ ਕਰਣੀ ਅਲੂਫਾ ਸਿਰੀਧਰ ਨੋ ਦੇਣਾ ਸਿਰੀਧਰ ਜਿਤ ਵੇਲਾ ਚੰਗਾ ਹੋਵੇਗਾ ਤਾ ਪਟਣੇ ਪਹੁਚਾਇ ਦੇਣਾ ਸੰਗਤਿ ਕਾ ਭਲਾ ਹੋਗੁ।

ਸਿਰੀਧਰ ਸਤਿਗੁਰੂ ਜੀ ਦੇ ਘੋੜੇ ਦਾ ਨਾਮ ਸੀ ਜੋ ਬਨਾਰਸ ਵਿਚ ਬਿਮਾਰ ਹੋ ਗਿਆ। ਉਸ ਲਈ ਹਜ਼ੂਰ ਨੇ ਇਹ ਹੁਕਮਨਾਮਾ ਭਿਜਵਾਇਆ। ਇਸੇ ਤਰ੍ਹਾਂ ਇਕ ਹੋਰ ਹਵਾਲਾ ਹੈ ਕਿ ਸਤਿਗੁਰੂ ਜੀ ਦ੍ਰਿੜ੍ਹਤਾ ਦੇ ਬਾਵਜੂਦ ਕੋਮਲਤਾ ਦੇ ਵੀ ਅਸੀਮ ਪੁੰਜ ਸਨ। ਆਪ ਜੀ ਜਦੋਂ ਧਮਧਾਨ ਪਹੁੰਚੇ ਤਾਂ ਇਕ ਜੱਟ ਦੁੱਧ ਲੈ ਕੇ ਆਇਆ:

ਕਹਯੋ ਦੇਖਿ ਕਰਿ ਦੁਗਧ ਜੁ ਆਨਾ। 'ਇਹੁ ਜਾਨੋ ਹੈ ਸ਼੍ਵੇਤ ਸਮਾਨਾ।
ਨਹੀਂ ਪਾਨ ਕੇ ਉਚਿਤ ਹਮਾਰੇ। ਲੇ ਗਮਨੋ ਨਿਜ ਸਦਨ ਮਝਾਰੇ'॥੪੧॥
(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ)

ਸਤਿਗੁਰੂ ਜੀ ਨੇ ਦੁੱਧ ਵੱਲ ਵੇਖ ਕੇ ਕਿਹਾ ਕਿ ਇਹ ਤਾਂ ਲਹੂ ਸਮਾਨ ਹੈ। ਇਹ

ਮੇਰੇ ਪੀਣ ਲਾਇਕ ਨਹੀਂ ਹੈ। ਉਸ ਨੂੰ ਸਤਿਗੁਰੂ ਜੀ ਨੇ ਕਿਹਾ ਕਿ ਸਹੀ ਸਹੀ ਦੱਸ ਕਿ ਇਹ ਮਾਜਰਾ ਕੀ ਹੈ। ਉਸ ਜੱਟ ਨੇ ਕਿਹਾ ਜੀ ਮੇਰੀ ਮੱਝ ਦਾ ਬੱਚਾ ਮਰ ਗਿਆ ਹੈ। ਉਹ ਦੁੱਧ ਚੋਣ ਲਈ ਬੈਠਣ ਨਹੀਂ ਦਿੰਦੀ। ਉਸ ਦੀ ਪੂਛ ਮਰੋੜ ਕੇ ਪਿਸ਼ਾਬ ਵਾਲੀ ਜਗ੍ਹਾ ਵਿਚ ਵਾੜਨ ਨਾਲ ਇਹ ਦੁੱਧ ਦਿੰਦੀ ਹੈ। ਸਤਿਗੁਰੂ ਜੀ ਨੇ ਇਸ ਨੂੰ ਪਸ਼ੂਆਂ 'ਤੇ ਜ਼ੁਲਮ ਕਰਾਰ ਦੇ ਕੇ ਦੁਧ ਗ੍ਰਹਿਣ ਕਰਨ ਤੋਂ ਇਨਕਾਰ ਕਰ ਦਿੱਤਾ:

ਬੈਠਨਿ ਦੇਤਿ ਨਹੀਂ ਸੋ ਤਰੇ। ਮੂੜੀ ਦੀਨਿ ਗੋਡਬੋ ਕਰੇ।
ਤਬਿ ਤਿਸ ਨੇ ਤਰ ਦੁਗਧ ਉਤਾਰ। ਦੁਹਿ ਆਨਜੋ ਮੈਂ ਤਬਿ ਹੀ ਸਾਰਾ॥੪੪॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ)

ਹੁਣ ਤਾਂ ਬਹੁਤੀ ਥਾਈਂ ਦੁੱਧ ਇਸੇ ਤਰ੍ਹਾਂ ਚੋਇਆ ਜਾਂਦਾ ਹੈ। ਸਤਿਗੁਰੂ ਜੀ ਨੇ ਇਸ ਨੂੰ ਅਪ੍ਰਵਾਨ ਕੀਤਾ। ਪਰ ਕਦੀ ਅਸੀਂ ਇਸ ਬਾਰੇ ਸੋਚਿਆ ਹੀ ਨਹੀਂ।

ਤਿਲਕ ਅਤੇ ਜੰਞੂ ਦੀ ਖ਼ਾਤਰ ਇਹ ਸ਼ਹਾਦਤ ੧੬੭੫ ਈਸਵੀ ਵਿਚ ਹੋਈ। ਇਸ ਘਟਨਾ ਤੋਂ ੨੭੩ ਸਾਲ ਬਾਅਦ ੧੦ ਦਸੰਬਰ, ੧੯੪੮ ਨੂੰ ਯੂਨਾਈਟਡ ਨੇਸ਼ਨਸ ਨੇ ਯੂਨੀਵਰਸਲ ਡੈਕਲੇਰੇਸ਼ਨ ਆਫ਼ ਹਿਊਮਨ ਰਾਈਟਸ ਅਪਣਾਇਆ। ਇਸ ਐਲਾਨਨਾਮੇ ਤੇ ੪੮ ਮੁਲਕਾਂ ਨੇ ਦਸਤਖ਼ਤ ਕੀਤੇ। ਭਾਰਤ ਵੀ ਇਸ ਵਿਚ ਸ਼ਾਮਲ ਸੀ। ਇਸ ਡੈਕਲੇਰੇਸ਼ਨ ਦੀ ਦੀਆਂ ਤੀਹ ਮੱਦਾਂ ਸਨ ਪਰ ਇਸਦਾ ਆਰਟੀਕਲ (ਮੱਦ) ੧ ਅਤੇ ੧੮. ਬਹੁਤ ਹੀ ਮਹੱਤਵਪੂਰਨ ਹੈ। ਇਨ੍ਹਾਂ ਮੁਤਾਬਕ ਹਰ ਮਨੁੱਖ ਨੂੰ ਧਾਰਮਿਕ ਅਤੇ ਰਾਜਨੀਤਿਕ ਅਜ਼ਾਦੀ ਹੈ ਅਤੇ ਉਸ ਨੂੰ ਆਪਣੇ ਧਰਮ ਦੀ ਪਾਲਣਾ ਕਰਨ ਦਾ ਬੁਨਿਆਦੀ ਹੱਕ ਹਾਸਲ ਹੈ।

ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਧਾਰਮਿਕ ਅਜ਼ਾਦੀ ਅਤੇ ਮਨੁੱਖ ਮਾਤਰ ਦੀ ਗੌਰਵਮਈ ਜੀਵਨ-ਜਾਚ ਲਈ ਸ਼ਹੀਦੀ ਦਿੱਤੀ। ਸਤਿਗੁਰੂ ਜੀ ਨੇ ਦੂਸਰੇ ਦੇ ਧਰਮ ਦੀ ਖਾਤਰ ਸ਼ਹਾਦਤ ਦਿੱਤੀ। ਪਰ ਅੱਜ ਇਸ ਸਿਧਾਂਤ ਨੂੰ ਮੁੜ ਦ੍ਰਿੜ੍ਹ ਕਰਾਉਣ ਅਤੇ ਅਮਲ ਵਿਚ ਲਿਆਉਣ ਦੀ ਲੋੜ ਪਹਿਲੇ ਨਾਲੋਂ ਵੱਧ ਹੈ। ਕਿਸੇ ਦੇਸ਼ ਦੀ ਖੁਸ਼ਹਾਲੀ ਦਾ ਪੈਮਾਨਾ ਉੱਥੋਂ ਦੀਆਂ ਘੱਟ-ਗਿਣਤੀਆਂ ਦੇ ਧਰਮ ਅਤੇ ਅਕੀਦੇ ਦੀ ਸੁਰੱਖਿਆ ਦੀ ਭਾਵਨਾ ਨਾਲ ਨਿਰਧਾਰਿਤ ਹੁੰਦਾ ਹੈ।

ਕਲਗੀਧਰ ਪਿਤਾ ਨੇ ਵਾਰ ਸ੍ਰੀ ਭਗਉਤੀ ਜੀ ਕੀ ਉਚਾਰਦੇ ਹੋਏ ਇਕ ਬਚਨ ਕੀਤੇ ਹਨ ਅਤੇ ਅਸੀਸ ਦਿੱਤੀ ਹੈ- *ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ॥ ਸਭ ਥਾਈਂ ਹੋਇ ਸਹਾਇ॥੧॥* ਇਸ ਤੇ ਸਿਦਕ ਸਬੂਰੀ ਨਾਲ ਭਰੋਸਾ ਕਰੀਏ। ਧਰਮ ਕਾ ਜੈਕਾਰ ਹੋਵੇਗਾ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਸੰਬੰਧੀ ਫ਼ਾਰਸੀ ਸਰੋਤਾਂ ਦਾ ਮੁਲਾਂਕਣ

*-ਡਾ. ਪਿਆਰ ਸਿੰਘ**

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਪ੍ਰਕਾਸ਼ ਮਾਤਾ ਨਾਨਕੀ ਜੀ ਦੇ ਉਦਰ ਤੋਂ ਸ੍ਰੀ ਅੰਮ੍ਰਿਤਸਰ ਵਿਚ ੧੬੨੧ ਈ. ਵਿਚ ਹੋਇਆ; ਆਪ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਸਭ ਤੋਂ ਛੋਟੇ ਸਾਹਿਬਜ਼ਾਦੇ ਸਨ; ਪਿਤਾ ਦੇ ਜੀਉਂਦੇ ਜੀ ਆਪ ਨੇ ਉਨ੍ਹਾਂ ਦੀ ਤਾਬਿਆ ਹੇਠ ਯੁੱਧਾਂ ਅਤੇ ਪਰਮਾਰਥ ਦੇ ਸਾਰੇ ਕੰਮਾਂ ਵਿਚ ਵਧ-ਚੜ੍ਹ ਕੇ ਹਿੱਸਾ ਲਿਆ; ਸ੍ਰੀ ਗੁਰੂ ਹਰਿਰਾਇ ਸਾਹਿਬ ਦੇ ਗੁਰੂ ਬਣ ਜਾਣ 'ਤੇ ਆਪ ਉਨ੍ਹਾਂ ਦੀ ਆਗਿਆ ਨਾਲ ਗੁਰੂ-ਘਰ ਦਾ ਸੰਦੇਸ਼ ਲੋਕਾਂ ਤਕ ਪਹੁੰਚਾਉਣ ਲਈ ਪੂਰਬ ਵੱਲ ਚਲੇ ਗਏ; ਸ੍ਰੀ ਗੁਰੂ ਹਰਿਰਾਇ ਸਾਹਿਬ ਦੇ ਜੋਤੀ ਜੋਤ ਸਮਾਉਣ ਪਿੱਛੋਂ ਆਪ ਪੰਜਾਬ ਆਏ; ਆਪ ਦੇ ਆਉਣ ਦੇ ਛੇਤੀ ਪਿੱਛੋਂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਵੀ ਚਲਾਣਾ ਕਰ ਗਏ। ਚਲਾਣਾ ਕਰਨ ਸਮੇਂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਆਪ ਨੂੰ ਗੁਰਿਆਈ 'ਤੇ ਸਥਾਪਿਤ ਕੀਤੇ ਜਾਣ ਦਾ ਆਦੇਸ਼ ਦਿੱਤਾ; ਜਿਸ ਦੀ ਪਾਲਣਾ ਦਿੱਲੀਓਂ ਆਈ ਸੰਗਤ ਕਰ ਗਈ, ਪਰੰਤੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਪੂਰੀ ਤਰ੍ਹਾਂ ਪ੍ਰਗਟ ਕਰਨ ਦਾ ਮਾਣ ਭਾਈ ਮੱਖਣ ਸ਼ਾਹ ਲੁਬਾਣੇ ਨੂੰ ਪ੍ਰਾਪਤ ਹੋਇਆ; ਗੁਰਿਆਈ ਸੰਭਾਲਣ ਉਤੇ ਆਪ ਦੇ ਪ੍ਰਚਾਰ ਸਦਕਾ ਸਿੱਖੀ ਦਾ ਪਸਾਰਾ ਪੰਜਾਬ ਵਿਚ ਸਭ ਪਾਸੇ, ਖ਼ਾਸ ਕਰਕੇ ਮਾਲਵਾ ਦੇਸ਼ ਵਿਚ, ਬਹੁਤ ਹੋਇਆ; ਗੁਰੂ ਸਾਹਿਬ ਦੀ ਵਧ ਰਹੀ ਤਾਕਤ ਦੀਆਂ ਖ਼ਬਰਾਂ ਪਾ ਕੇ ਔਰੰਗਜ਼ੇਬ ਨੇ ਆਪ ਨੂੰ ਦਿੱਲੀ ਸੱਦਿਆ; ਉੱਥੋਂ ਆਪ ਰਾਜਾ ਰਾਮ ਸਿੰਘ ਦੇ ਕਹਿਣ ਉੱਤੇ ਬੰਦੀ-ਮੁਕਤ ਹੋਏ; ਦਿੱਲੀਓਂ ਬੰਦੀ-ਮੁਕਤ ਹੋਣ ਪਿੱਛੋਂ ਆਪ ਪੂਰਬ ਵੱਲ ਆਪਣੀ ਦੂਜੀ ਯਾਤਰਾ 'ਤੇ ਚੜ੍ਹ ਪਏ ਜੋ ਚਾਰ ਕੁ ਸਾਲ ਤਕ ਰਹੀ; ਸ਼ਹੀਦੀ ਤੋਂ ਦੋ ਸਾਲ ਪਹਿਲਾਂ ਆਪ ਮੁੜ ਪੰਜਾਬ ਵਿਚ ਆਪਣੇ ਸਿੱਖਾਂ ਵਿਚ ਉਨ੍ਹਾਂ ਦਾ ਦੁੱਖ-ਦਰਦ ਵੰਡਾਉਣ ਲਈ ਅੱਪੜ ਪਏ; ਆਪ ਦੀ ਦਿਨੋਂ-ਦਿਨ ਵਧ ਰਹੀ ਮਾਨਤਾ ਤੋਂ ਭੈਭੀਤ ਹੋ ਕੇ ਬਾਦਸ਼ਾਹੀ ਪੱਤਰ-ਪ੍ਰੇਰਕਾਂ ਨੇ ਉੱਪਰ ਸ਼ਿਕਾਇਤਾਂ ਲਿਖ ਘੱਲੀਆਂ; ਇਸੇ ਅਰਸੇ ਵਿਚ ਕਸ਼ਮੀਰ ਦੇ ਬ੍ਰਾਹਮਣ ਆ ਕੇ ਆਪ ਪਾਸ ਫ਼ਰਿਆਦੀ ਹੋਏ; ਆਪ ਨੇ ਇਸ ਗੁੱਥੀ ਨੂੰ ਸੁਲਝਾਉਣ ਲਈ ਦਿੱਲੀ ਦੇ ਹਾਕਮਾਂ ਨਾਲ ਗੱਲ ਕਰਨ ਦਾ ਮਨ ਬਣਾਇਆ; ਆਪ ਦਿੱਲੀ ਵੱਲ ਚੱਲ ਪਏ। ਆਪ ਦਿੱਲੀ ਸੂਬੇ ਦੇ ਕਾਜ਼ੀ ਦੇ ਫ਼ਤਵਾ ਦੇਣ ਤੇ ਸ਼ਹੀਦ ਕਰ ਦਿੱਤੇ ਗਏ; ਆਪ ਦਾ ਸੀਸ ਤੇ ਸਰੀਰ

---

* *ਗੁਰਪੁਰਵਾਸੀ*

ਭਾਈ ਨਾਨੂ ਜੀ, ਭਾਈ ਜੈਤਾ ਜੀ ਤੇ ਭਾਈ ਲੱਖੀ ਸ਼ਾਹ ਵਣਜਾਰਾ ਆਦਿ ਸਿੱਖ ਉਠਾ ਲਿਆਏ; ਸਰੀਰ ਭਾਈ ਲੱਖੀ ਸ਼ਾਹ ਦੇ ਘਰ ਰਾਏਸੀਨਾ ਨਗਰ ਵਿਚ ਜਲਾ ਦਿੱਤਾ ਗਿਆ ਅਤੇ ਸੀਸ ਭਾਈ ਜੈਤਾ ਜੀ, ਭਾਈ ਨਾਨੂੰ ਜੀ ਤੇ ਭਾਈ ਗੁਰਬਖਸ਼ ਲੈ ਕੇ ਸ੍ਰੀ ਅਨੰਦਪੁਰ ਸਾਹਿਬ ਪਹੁੰਚੇ ਜਿੱਥੇ ਇਹ ਪੂਰਨ ਸਤਿਕਾਰ ਸਹਿਤ ਸੀਸ ਦਾ ਸਸਕਾਰ ਕੀਤਾ ਗਿਆ।

ਸਪੱਸ਼ਟ ਹੈ ਕਿ ਫ਼ਾਰਸੀ ਦੇ ਸਰੋਤਾਂ ਵਿੱਚੋਂ ਕੋਈ ਵੀ ਇਨ੍ਹਾਂ ਸਾਰੀਆਂ ਘਟਨਾਵਾਂ ਦਾ ਜ਼ਿਕਰ ਨਹੀਂ ਕਰਦਾ ਅਤੇ ਨਾ ਹੀ ਅਜਿਹਾ ਹੋ ਸਕਣਾ ਸੰਭਵ ਸੀ ਕਿਉਂ ਜੋ ਇਹ ਸਾਰੇ ਸਰੋਤ ਆਪਣੀ ਪ੍ਰਕ੍ਰਿਤੀ ਵਿਚ ਇਤਿਹਾਸਿਕ ਹਨ ਤੇ ਇਤਿਹਾਸ ਵਿਚ ਉਹੀ ਚੀਜ਼ ਥਾਂ ਪਾਂਦੀ ਹੈ ਜੋ ਸਭ ਨਾਲੋਂ ਵਧੇਰੇ ਮਹੱਤਤਾ ਰੱਖਦੀ ਹੋਵੇ। ਇਸ ਤੋਂ ਬਿਨਾਂ ਕਿਸੇ ਘਟਨਾ ਨੂੰ ਕਿੰਨੀ ਮਹੱਤਤਾ ਦੇਣੀ ਹੈ? ਇਸ ਚੀਜ਼ ਦੀ ਨਿਰਭਰਤਾ ਲੇਖਕ ਦੀ ਰੁਚੀ ਅਤੇ ਉਸ ਦੇ ਰਚਨਾ ਕਰਨ ਦੇ ਪ੍ਰਯੋਜਨ ਉੱਤੇ ਹੁੰਦੀ ਹੈ। ਇਸ ਲਈ ਉਹੀ ਰਚਨਾਵਾਂ ਜਿਹੜੀਆਂ ਸਿੱਖ ਜਗਤ ਦੀ ਭੁੱਖ ਤ੍ਰਿਪਤਾਉਣ ਲਈ ਤਿਆਰ ਕੀਤੀਆਂ ਗਈਆਂ ਜਾਂ ਸਿੱਖਾਂ ਬਾਰੇ ਕੁਝ ਜਾਣਨ ਦੇ ਚਾਹਵਾਨਾਂ ਲਈ ਲਿਖੀਆਂ ਗਈਆਂ, ਉਨ੍ਹਾਂ ਵਿਚ ਹਾਲ ਵਧੇਰੇ ਵਿਸਥਾਰ ਸਹਿਤ ਆਇਆ ਤੇ ਬਾਕੀਆਂ ਵਿਚ ਕੇਵਲ ਸ਼ਹੀਦੀ ਦਾ ਉੱਲੇਖ ਹੀ, ਵੱਧ-ਘੱਟ ਵੇਰਵੇ ਸਹਿਤ ਦਿੱਤਾ ਗਿਆ। ਪਿਛਲੀ ਸ਼੍ਰੇਣੀ ਦੀਆਂ ਪੁਸਤਕਾਂ ਵਿਚ ਅਸੀਂ ਸੁਜਾਨ ਰਾਏ ਭੰਡਾਰੀ ਦੀ 'ਖ਼ੁਲਾਸਤੁਤ ਤਵਾਰੀਖ਼', ਰਤਨ ਚੰਦ ਬਾਲ ਦਾ 'ਖ਼ਾਲਿਸ ਨਾਮਾ', ਗਣੇਸ਼ ਦਾਸ ਵਡੇਹਰੇ ਦਾ 'ਚਹਾਰ ਬਾਗਿ ਪੰਜਾਬ' ਅਤੇ ਰਾਜਾ ਰਾਮ ਤੋਤਾ ਦੀ 'ਗੁਲਗਸ਼ਤਿ ਪੰਜਾਬ' ਰੱਖ ਸਕਦੇ ਹਾਂ। ਇਨ੍ਹਾਂ ਸਾਰੀਆਂ ਰਚਨਾਵਾਂ ਵਿਚ ਗੁਰੂ ਸਾਹਿਬ ਦੀ ਸ਼ਹੀਦੀ ਦਾ ਹੀ ਵੱਧ-ਘੱਟ ਵੇਰਵੇ ਸਹਿਤ ਉੱਲੇਖ ਹੈ, ਦੂਜੀਆਂ ਘਟਨਾਵਾਂ ਨੂੰ ਨਜ਼ਰ-ਅੰਦਾਜ਼ ਕੀਤਾ ਗਿਆ ਹੈ।

ਬਾਕੀ ਸਰੋਤਾਂ ਉੱਪਰ ਸਮੁੱਚੇ ਰੂਪ ਵਿਚ ਝਾਤੀ ਪਾਇਆਂ ਬੁੱਧ ਸਿੰਘ ਦਾ 'ਰਿਸਾਲਾ ਦਰ ਅਹਵਾਲਿ ਨਾਨਕ ਸ਼ਾਹ ਦਰਵੇਸ਼' ਅਤੇ 'ਹਕੀਕਤਿ ਬਿਨਾ-ਵ-ਉਰੁਜਿ ਫਿਰਕਾ-ਇ-ਸਿੱਖਾਂ' ਬੜੀਆਂ ਮਾਯੂਸ ਕਰਨ ਵਾਲੀਆਂ ਪੁਸਤਕਾਂ ਦਿਸ ਆਉਂਦੀਆਂ ਹਨ। ਪਹਿਲੀ ਵਿਚ ਜੋ ਹਾਲ ਆਏ ਹਨ, ਉਨ੍ਹਾਂ ਦਾ ਨਾ ਸਿਰ ਹੈ ਨਾ ਪੈਰ। ਦੂਜੀ ਅਰਥਾਤ 'ਹਕੀਕਿਤ...' ਵਿਚ ਔਰੰਗਜ਼ੇਬ ਦੇ ਹੁਕਮਾਂ ਬਾਰੇ ਆਈ ਸੂਚਨਾ ਤਾਂ ਠੀਕ ਹੈ, ਪਰ ਸਿੱਖ ਇਤਿਹਾਸ ਸੰਬੰਧੀ ਲਿਖੀਆਂ ਗੱਲਾਂ ਸਭ ਅਗੜਮ ਬਗੜਮ ਹਨ।

'ਸੀਅਰੁਲ ਮੁਤਾਖ਼ਿਰੀਨ' ਦਾ ਕਰਤਾ ਗ਼ੁਲਾਮ ਹੁਸੈਨ ਖ਼ਾਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀਆਂ ਸਰਗਰਮੀਆਂ ਨੂੰ ਹਾਫ਼ਿਜ਼ ਆਦਮ ਨਾਲ ਜੋੜ ਕੇ ਕਾਲ-ਦੋਸ਼ (anachronism) ਦਾ ਭਾਗੀ ਬਣਦਾ ਹੈ ਤੇ ਇਸੇ ਤਰ੍ਹਾਂ ਦੀਆਂ ਕੁਝ ਹੋਰ ਵੀ ਗੰਭੀਰ ਗ਼ਲਤ-ਬਿਆਨੀਆਂ ਕਰਦਾ ਹੈ ਜਿਨ੍ਹਾਂ ਦਾ ਉੱਲੇਖ ਅਸੀਂ ਅੱਗੇ ਚੱਲ ਕੇ

ਸੰਬੰਧਿਤ ਪ੍ਰਕਰਣ ਵਿਚ ਕਰਾਂਗੇ, ਪਰੰਤੂ ਉਹ ਵਕਤ ਦੇ ਵਕਾਇ-ਨਿਗਾਰਾਂ ਵੱਲੋਂ ਬਾਦਸ਼ਾਹ ਦੇ ਕੰਨਾਂ ਵਿਚ ਭਰੇ ਗਏ ਜ਼ਹਿਰ ਦਾ ਪਤਾ ਜ਼ਰੂਰ ਦਿੰਦਾ ਹੈ ਜੋ ਅੰਤ ਵਿਚ ਗੁਰੂ ਸਾਹਿਬ ਦੀ ਸ਼ਹਾਦਤ ਦਾ ਕਾਰਨ ਬਣਿਆ।

ਬਖ਼ਤ ਮੱਲ ਕਰਤਾ 'ਖ਼ਾਲਸਾ ਨਾਮਾ' ਦਾ ਸਿੱਖਾਂ ਬਾਰੇ ਬੋਧ ਬਹੁਤ ਘੱਟ ਹੈ ਤੇ ਉਹ ਆਪਣੀ ਇਸ ਕਮਜ਼ੋਰੀ ਤੋਂ ਜਾਣੂ ਹੈ। ਉਸ ਦਾ ਗਿਲਾ ਹੈ ਕਿ:

> ਸਿੱਖ ਘੱਟ ਲਿਖਦੇ ਹਨ। ਬ੍ਰਹਮ-ਗਿਆਨ ਸੰਬੰਧੀ ਪੁਸਤਕਾਂ, ਇਲਮ ਤੇ ਅਮਲ ਵੀ ਉਹ ਅੱਜ ਕੋਈ ਬਹੁਤਾ ਨਹੀਂ ਰੱਖਦੇ। ਇਸ ਗਰੋਹ ਵਿਚ ਅਮਲ ਕਰਨ ਵਾਲੇ ਵਿਦਵਾਨ ਬਹੁਤ ਘੱਟ ਹਨ ਅਤੇ ਅਗਿਆਨ ਦਾ ਬੋਲ ਬਾਲਾ ਹੈ, ਕਿਉਂ ਜੋ ਇਨ੍ਹਾਂ ਵਿਚ ਕੋਈ ਗੁਰੂ ਜਾਂ ਲੀਡਰ ਇਨ੍ਹਾਂ ਦੇ ਸਿਰ ਫਿਹਣ ਵਾਲਾ ਨਹੀਂ ਰਿਹਾ। ਹਾਂ, ਉਦਾਸੀ ਅਤੇ ਨਿਰਮਲੇ ਕੁਝ ਇਲਮ ਰੱਖਦੇ ਹਨ, ਪਰ ਉਹ ਵੀ ਅਲ-ਪਟੱਲ। ਕਾਰਨ ਇਹ ਕਿ ਇਨ੍ਹਾਂ ਨੂੰ ਆਪਣੇ ਗੁਰੂਆਂ ਬਾਰੇ ਪੂਰੀ ਪੂਰੀ ਜਾਣਕਾਰੀ ਨਹੀਂ ਹੈ। ਇਨ੍ਹਾਂ ਕਿਤਾਬਾਂ ਵੀ ਘੱਟ ਲਿਖੀਆਂ ਹਨ। ਇਸ ਲਈ ਇਸ ਫਿਰਕੇ ਦਾ ਇਤਿਹਾਸ ਲਿਖਣ ਵਿਚ ਬਹੁਤ ਕਸਰ ਰਹਿ ਗਈ ਹੈ। ਇਨ੍ਹਾਂ ਦੀ ਤਾਰੀਖ ਲਿਖਣ ਸਮੇਂ ਕੋਈ ਸਿਆਣਾ ਜਾਣਕਾਰ ਨਹੀਂ ਮਿਲਿਆ; ਕੋਈ ਮੁਕੰਮਲ ਲਿਖਤ ਮੇਰੀਆਂ ਨਜ਼ਰਾਂ ਵਿੱਚੋਂ ਨਹੀਂ ਗੁਜ਼ਰੀ। ਇਸ ਲਈ ਇਸ ਫਿਰਕੇ ਬਾਰੇ ਭਰੋਸੇਯੋਗ ਵਿਅਕਤੀਆਂ ਦੀ ਜ਼ਬਾਨ ਤੋਂ ਜੋ ਕੁਝ ਮੇਰੇ ਕੰਨਾਂ ਵਿਚ ਪਹੁੰਚਿਆ ਹੈ, ਉਹੀ ਮੈਂ ਇੱਥੇ ਕਾਨੀ-ਬੱਧ ਕੀਤਾ ਹੈ।[੧]

ਸੋ, ਉਸ ਦੀ ਮਜਬੂਰੀ ਦੀ ਸਮਝ ਆ ਸਕਦੀ ਹੈ। ਤਾਂ ਵੀ, ਉਸ ਦੀ ਲਿਖਤ ਵਿੱਚੋਂ ਇਕ ਸੂਚਨਾ ਭਲੀ-ਭਾਂਤ ਮਿਲ ਜਾਂਦੀ ਹੈ ਕਿ ਕਰੋੜੀ ਮਿਸਲ ਦੇ ਨੇਤਾ, ਸਰਦਾਰ ਬਘੇਲ ਸਿੰਘ ਨੇ ਜਦੋਂ ਦਿੱਲੀ ਉੱਪਰ ਵਸੀਕਾਰ ਪਾ ਲਿਆ ਤਾਂ ਪਹਿਲਾ ਫ਼ਿਕਰ ਦਿੱਲੀ ਵਿਚ ਰਾਜ ਸਥਾਪਿਤ ਕਰਨ ਦਾ ਨਾ ਕੀਤਾ, ਸਗੋਂ ਗੁਰੂ ਸਾਹਿਬ ਦੇ ਸ਼ਹੀਦੀ ਅਤੇ ਦਾਹ-ਸੰਸਕਾਰ ਵਾਲੇ ਅਸਥਾਨਾਂ ਨੂੰ ਢੂੰਡ ਕੇ ਉਨ੍ਹਾਂ ਦੀ ਸਾਂਭ-ਸੰਭਾਲ ਦਾ ਕੀਤਾ ਅਤੇ ਇਨ੍ਹਾਂ ਧਰਮ-ਅਸਥਾਨਾਂ ਦਾ ਕੰਮ ਚਲਾਉਣ ਲਈ ਪਿੱਪਲੀ ਵਿਚ ਇਕ ਜਾਗੀਰ ਵੀ ਇਨ੍ਹਾਂ ਦੇ ਨਾਂ ਲੈ ਦਿੱਤੀ।

ਬਾਕੀ ਦੇ ਸਾਰੇ ਸਰੋਤ: 'ਤਵਾਰੀਖ਼ ਸਿੱਖਾਂ' (ਖ਼ੁਸ਼ਵਕਤ ਰਾਏ), 'ਤਵਾਰੀਖ਼ ਹਿੰਦ' (ਅਹਿਮਦ ਸ਼ਾਹ ਬਟਾਲਵੀ), 'ਉਮਦੱਤੁਤ ਤਵਾਰੀਖ਼' (ਸੋਹਨ ਲਾਲ), 'ਤਵਾਰੀਖ਼ ਪੰਜਾਬ (ਗੁਲਾਮ ਮਹੀਉਦੀਨ ਬੂਟੇ ਸ਼ਾਹ) ਅਤੇ 'ਇਬਰਤਨਾਮਾ' (ਅਲੀਉਦੀਨ) ਸਿੱਖ ਰਿਵਾਇਤ ਨੂੰ ਵੱਧ-ਘੱਟ ਪੂਰੀ ਸੁਹਿਰਦਤਾ ਨਾਲ ਨਿਭਾਉਂਦੇ ਦਿੱਸਦੇ ਹਨ। ਇਸ ਵਿਚ ਉਹ ਸਿੱਖ ਜਗਤ ਦੀਆਂ ਦੰਤ-ਕਥਾਵਾਂ ਤੋਂ ਪ੍ਰਭਾਵਿਤ ਹਨ ਅਤੇ ਭਾਵੇਂ ਉਨ੍ਹਾਂ ਸ਼ਾਹੀ ਪੱਖ ਦਾ ਵੀ ਵੱਧ-ਘੱਟ ਉੱਲੇਖ ਕੀਤਾ ਹੈ, ਉਨ੍ਹਾਂ ਦੀ ਲਿਖਤ

ਦਾ ਆਧਾਰ ਪ੍ਰਮੁੱਖ ਰੂਪ ਵਿਚ ਸਿੱਖ ਇਤਿਹਾਸ ਹੈ। ਫਲਸਰੂਪ ਇਨ੍ਹਾਂ ਸਾਰੀਆਂ ਵਿਚ ਗੁਰੂ ਸਾਹਿਬ ਦਾ ਪ੍ਰਸੰਗ ਗੁਰੂ ਸਾਹਿਬ ਦੇ ਜਨਮ ਜਾਤਿ ਦੇ ਵੇਰਵੇ ਨੂੰ ਛੱਡ ਕੇ, ਉਨ੍ਹਾਂ ਦੇ ਪੂਰਬ-ਅਧਿਕਾਰੀ, ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਚਲਾਣੇ ਅਤੇ ਉਨ੍ਹਾਂ ਦੇ ਅੰਤਲੇ ਸਮੇਂ ਗੁਰਿਆਈ ਉਤੇ 'ਬਾਬਾ ਬਕਾਲਾ' ਨੂੰ ਸਥਾਪਿਤ ਕੀਤੇ ਜਾਣ ਦੇ ਆਦੇਸ਼ ਦੇਣ ਤੋਂ ਸ਼ੁਰੂ ਹੁੰਦਾ ਹੈ। ਇਸ ਪਿੱਛੋਂ ਭਾਈ ਮੱਖਣ ਸ਼ਾਹ ਲੁਬਾਣਾ ਰਾਹੀਂ ਗੁਰੂ ਸਾਹਿਬ ਨੂੰ ਲੱਭੇ ਜਾਣ ਦਾ ਬਿਰਤਾਂਤ ਹੈ ਜਿਸ ਦਾ ਆਧਾਰ ਗੁਰੂ ਸਾਹਿਬ ਦਾ ਆਪਣੀ ਅੰਤਰਯਾਮਤਾ ਨਾਲ, ਸੁੱਖੀ ਗਈ ਰਕਮ (੫੦੦ ਰੁਪਏ/ਮੁਹਰਾਂ ਜਾਂ ਕੋਈ ਹੋਰ ਰਕਮ) ਦਾ ਮੰਗ ਲੈਣਾ ਹੈ।

ਗੁਰੂ ਸਾਹਿਬ ਦੇ ਗੁਰਿਆਈ ਉੱਪਰ ਸਥਾਪਿਤ ਹੋ ਜਾਣ ਪਿੱਛੋਂ ਅਗਲੀ ਘਟਨਾ, ਜਿਸ ਦਾ ਉੱਲੇਖ ਉਪਰੋਕਤ ਲੇਖਕਾਂ ਨੇ ਕੀਤਾ ਹੈ, ਸ੍ਰੀ ਅਨੰਦਪੁਰ ਸਾਹਿਬ ਦਾ ਵਸਾਉਣਾ ਤੇ ਸਿੱਖ ਸੰਗਤ ਦਾ ਗੁਰੂ ਜੀ ਦੇ ਦੁਆਲੇ ਜੁੜ ਜਾਣਾ ਹੈ। ਇਸ ਤੋਂ ਅਗਲੇਰੀ ਘਟਨਾ ਗੁਰੂ ਸਾਹਿਬ ਦੀ ਸਿੱਖ ਜਗਤ ਵਿਚ ਮਾਨਤਾ ਤੇ ਪ੍ਰਸਿੱਧੀ ਤੋਂ ਭੈਭੀਤ ਹੋ ਕੇ ਦਿੱਲੀ ਦੀ ਸਰਕਾਰ ਦਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਦਿੱਲੀ ਸੱਦਣਾ ਹੈ। ਇੱਥੇ ਆ ਕੇ ਵਿਚਾਰ-ਅਧੀਨ ਇਨ੍ਹਾਂ ਸਰੋਤਾਂ ਵਿਚ ਇਕ ਨਵਾਂ ਤੱਤ ਆ ਸ਼ਾਮਿਲ ਹੁੰਦਾ ਹੈ। ਇਹ ਹੈ ਰਾਮਰਾਏ ਦਾ ਔਰੰਗਜ਼ੇਬ ਪਾਸ ਸ਼ਿਕਾਇਤ ਕਰਨਾ ਕਿ ਗੁਰਿਆਈ ਦਾ ਅਸਲੀ ਵਾਰਿਸ ਤਾਂ ਮੈਂ ਸਾਂ, ਪਰ ਮੈਨੂੰ ਚਤੁਰਤਾ ਨਾਲ ਇਸ ਤੋਂ ਮਹਿਰੂਮ ਕਰ ਦਿੱਤਾ ਗਿਆ ਹੈ। ਇਹ ਰਿਵਾਇਤ, ਜਿਵੇਂ ਕਿ ਅਸਾਂ ਜੀਵਨ ਚਰਿਤ੍ਰ ਵਾਲੇ ਪ੍ਰਕਰਣ ਵਿਚ ਦੇਖਿਆ ਹੈ, ਗੁਰੂ-ਜੀਵਨੀ ਦੇ ਮੁਢਲੇ ਸਰੋਤਾਂ ਤੋਂ ਨਹੀਂ ਉਘੜਦੀ। ਉਨ੍ਹਾਂ ਤੋਂ ਸਗੋਂ ਇਹ ਪਤਾ ਚਲਦਾ ਹੈ ਕਿ ਰਾਮਰਾਏ ਡੇਹਰਾਦੂਨ ਵਾਲੀ ਆਪਣੀ ਜਾਗੀਰ ਅਤੇ ਉੱਥੇ ਚੱਲ ਪਈ ਆਪਣੀ ਡੇਰੇਦਾਰੀ ਨਾਲ ਸੰਤੁਸ਼ਟ ਹੋ ਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਉਤਰਾਧਿਕਾਰ ਨੂੰ ਮੰਨ ਚੁਕਾ ਸੀ। ਸਰੂਪ ਸਿੰਘ ਕੋਸ਼ਿਸ਼ ਰਚਿਤ 'ਗੁਰੂ ਕੀਆਂ ਸਾਖੀਆਂ' ਵਿਚ ਦਰਜ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਟਿੱਕਾ ਦੇਣ ਸਮੇਂ ਰਾਮਰਾਏ ਵੀ ਗੜ੍ਹਵਾਲ ਤੋਂ ਆਇਆ ਹੋਇਆ ਸੀ।[੨]

ਗੁਰੂ ਸਾਹਿਬ ਦੀ ਪਹਿਲੀ ਗ੍ਰਿਫ਼ਤਾਰੀ ਪਿੱਛੋਂ ਉਨ੍ਹਾਂ ਦੇ ਰਾਜਾ ਰਾਮ ਸਿੰਘ ਸਵਾਈ ਦੀ ਵਿਚੋਲਗੀ ਨਾਲ ਬੰਦੀ ਵਿੱਚੋਂ ਛੁੱਟ ਕੇ ਪੂਰਬ ਵੱਲ ਤੀਰਥ-ਯਾਤਰਾ ਉਪਰ ਜਾਣ ਦਾ ਉੱਲੇਖ ਲਗਪਗ ਉਪਰਲੇ ਸਾਰੇ ਲੇਖਕਾਂ ਨੇ, ਸਿਵਾਇ ਸੋਹਨ ਲਾਲ ਸੂਰੀ ਦੇ, ਕੀਤਾ ਹੈ, ਪਰ ਤਫ਼ਸੀਲ ਬਹੁਤ ਘੱਟ ਹੈ। ਇਸ ਦੇ ਨਾਲ ਹੀ ਆਸਾਮ ਦੀ ਮੁਹਿਮ ਉੱਪਰ ਗੁਰੂ ਸਾਹਿਬ ਦੇ ਰਾਜਾ ਰਾਮ ਸਿੰਘ ਨਾਲ ਜਾਣ ਜਾਂ ਨਾ ਜਾਣ ਬਾਰੇ ਵੀ ਇਹ ਸਰੋਤ ਚੁੱਪ ਹਨ। ਪਰੰਤੂ, ਇਕ ਗੱਲ ਉਤੇ ਸਾਰੇ ਹੀ ਸਹਿਮਤ ਹਨ ਕਿ ਪੂਰਬ ਦੇਸ਼ ਦੀ ਯਾਤਰਾ ਤੋਂ ਵਾਪਸੀ ਉਪਰ ਅਮੀਰਾਂ ਵਜ਼ੀਰਾਂ ਦੀ ਸ਼ਿਕਾਇਤ ਦਾ ਸਿਲਸਿਲਾ ਫਿਰ ਗਰਮ ਹੋ ਗਿਆ, ਜਿਸ ਦੇ ਫਲਸਰੂਪ ਔਰੰਗਜ਼ੇਬ ਵੱਲੋਂ ਗੁਰੂ

ਸਾਹਿਬ ਨੂੰ ਮੁੜ ਦਿੱਲੀ ਹਾਜ਼ਰ ਹੋਣ ਦਾ ਫੁਰਮਾਨ ਜਾਰੀ ਕੀਤਾ ਗਿਆ।

ਵਾਕਾਇ-ਨਿਗਾਰਾਂ ਨੇ ਆਪਣੀਆਂ ਰਿਪੋਰਟਾਂ ਵਿਚ ਜਿਸ ਚੀਜ਼ ਨੂੰ ਉਛਾਲਿਆ ਲਗਦਾ ਹੈ, ਉਸ ਦੀ ਟੋਹ ਇਨ੍ਹਾਂ, ਲਗਪਗ ਸਾਰੇ ਲੇਖਕਾਂ ਤੋਂ ਘੱਟ-ਵੱਧ ਮਿਲ ਜਾਂਦੀ ਹੈ।

ਸੰਖੇਪ ਰੂਪ ਵਿਚ ਉਹ ਇਹ ਹੈ ਕਿ ਗੁਰੂ ਦੇ ਆਲੇ-ਦੁਆਲੇ ਉਸ ਦੇ ਨਾਮ-ਲੇਵਾਵਾਂ ਦੀ ਭੀੜ ਵਧ ਰਹੀ ਸੀ; ਉਸ ਦੇ ਅਨੁਯਾਈ ਆਪਣੇ ਆਪ ਨੂੰ ਫ਼ੌਜੀ ਸਾਮਾਨ ਨਾਲ ਲੈਸ ਕਰ ਰਹੇ ਸਨ, ਵਕਤ ਦੀ ਹਕੂਮਤ ਵੱਲੋਂ ਜਿਹੜਾ ਵੀ ਆਕੀ ਹੁੰਦਾ, ਉਹੀ ਉਸ ਕੋਲ ਜਾ ਓਟ ਲੈਂਦਾ; ਉਹ ਆਪਣੇ ਆਪ ਨੂੰ "ਸੱਚਾ ਪਾਤਸ਼ਾਹ" ਕਹਾਉਂਦਾ ਤੇ ਕਰਾਮਾਤ ਧਾਰੀ ਹੋਣ ਦਾ ਦਾਅਵਾ ਕਰਦਾ।

"ਸੱਚਾ ਪਾਤਸ਼ਾਹ" ਤੇ "ਕਰਾਮਾਤ-ਧਾਰੀ ਹੋਣਾ" -ਇਹੀ ਦੋ ਚੀਜ਼ਾਂ ਸਨ ਜਿਸ ਨੂੰ ਵਕਤ ਦੀ ਸਰਕਾਰ ਫੜ ਕੇ ਬਹਿ ਗਈ। "ਸੱਚਾ ਪਾਤਸ਼ਾਹ" ਵਿਚ ਉਸ ਵਕਤ ਦੇ ਅਤਿ ਸ਼ਕਤੀਸ਼ਾਲੀ, ਬਾਦਸ਼ਾਹ ਔਰੰਗਜ਼ੇਬ, ਦੇ "ਝੂਠਾ ਪਾਤਸ਼ਾਹ" ਹੋਣ ਦੀ ਗੱਲ ਲੁਪਤ ਸੀ ਤੇ "ਕਰਾਮਾਤ ਧਾਰੀ" ਹੋਣ ਵਿਚ ਵਲੀ, ਪੈਗ਼ੰਬਰ, ਕੁਤਬ ਜਾਂ ਗੋਸ ਹੋਣ ਦਾ ਭਾਵ ਲੁਪਤ ਸੀ। ਦੋਹਾਂ ਚੀਜ਼ਾਂ ਨੂੰ ਔਰੰਗਜ਼ੇਬ ਕਿਵੇਂ ਜਰ ਸਕਦਾ ਸੀ; ਉਸ ਨੂੰ ਇਹ ਕਿਵੇਂ ਭਾ ਸਕਦਾ ਸੀ ਕਿ ਉਸ ਦੇ ਹੁੰਦਿਆਂ ਕੋਈ "ਸੱਚਾ ਪਾਤਸ਼ਾਹ" ਹੋਣ ਦਾ ਦਾਅਵਾ ਕਰੇ, ਜਾਂ ਇਸਲਾਮ ਤੋਂ ਬਾਹਰ ਰਹਿ ਕੇ ਕੋਈ ਕਰਾਮਾਤੀ ਹੋ ਸਕੇ? ਸੋ ਉਸ ਨੇ ਆਪਣੇ ਵਿਸ਼ੇਸ਼ ਢੰਗ ਨਾਲ "ਕਰਾਮਾਤ ਜਾਂ ਇਸਲਾਮ" ਜਾਂ ਫਿਰ "ਮੌਤ" ਕਬੂਲ ਕਰਨ ਦੀ ਪੇਸ਼ਕਸ਼ ਕੀਤੀ ਤੇ ਇਹ ਤੱਥ ਸਭਨਾਂ ਲੇਖਕਾਂ ਨੇ ਭਲੀ-ਭਾਂਤ ਉਜਾਗਰ ਕੀਤਾ ਹੈ।

ਸ਼ਹੀਦੀ ਪਿੱਛੋਂ ਗੁਰੂ ਸਾਹਿਬ ਦੇ ਸੀਸ ਅਤੇ ਸਰੀਰ ਨੂੰ ਸੰਭਾਲਣ ਸੰਬੰਧੀ ਇੱਥੇ ਅੰਕਿਤ ਘਟਨਾਵਾਂ: ਰੰਘਰੇਟੇ ਭਾਈ ਜੈਤਾ ਜੀ ਰਾਹੀਂ ਗੁਰੂ ਸਾਹਿਬ ਦੇ ਸੀਸ ਦਾ ਸ੍ਰੀ ਅਨੰਦਪੁਰ ਸਾਹਿਬ ਪਹੁੰਚਣਾ ਅਤੇ ਲੱਖੀ ਸ਼ਾਹ ਦਾ ਆਪਣਾ ਘਰ ਜਾਲ ਕੇ ਗੁਰੂ ਸਾਹਿਬ ਦੀ ਦੇਹ ਦਾ ਸਸਕਾਰ ਕਰਨਾ, ਇਹ ਸਾਰੀਆਂ ਘਟਨਾਵਾਂ ਵੀ ਸਿੱਖ ਪਰੰਪਰਾ ਤੋਂ ਹੀ ਆਈਆਂ ਹਨ।

ਸਾਰੀ ਚਰਚਾ ਦਾ ਸਿੱਟਾ ਇਹ ਕਿ ਇਨ੍ਹਾਂ ਫ਼ਾਰਸੀ ਸਰੋਤਾਂ ਤੋਂ—ਉਹ ਮੁਸਲਮਾਨ ਲੇਖਕਾਂ ਦੇ ਹਨ ਤੇ ਭਾਵੇਂ ਹਿੰਦੂ ਲੇਖਕਾਂ ਦੇ—ਉਹ ਆਸ ਪੂਰੀ ਹੁੰਦੀ ਨਹੀਂ ਦਿੱਸਦੀ ਜੋ ਅਸਾਂ ਇਨ੍ਹਾਂ ਉੱਪਰ ਲਾਈ ਸੀ। ਇਨ੍ਹਾਂ ਨੂੰ ਮੂਲ ਫ਼ਾਰਸੀ ਦਸਤਾਵੇਜ਼ ਪ੍ਰਾਪਤ ਨਹੀਂ ਸਨ ਕਿਉਂ ਜੋ ਇਹ ਗੁਰੂ ਸਾਹਿਬ ਦੀ ਸ਼ਹੀਦੀ ਤੋਂ ਚੋਖਾ ਚਿਰ ਪਿੱਛੋਂ-ਕੋਈ ਸੌ ਕੁ ਸਾਲ ਪਿੱਛੋਂ-ਲਿਖ ਰਹੇ ਸਨ। ਇਸ ਕਾਰਨ ਇਨ੍ਹਾਂ ਨੂੰ ਭਉਂ ਚਉਂ ਕੇ ਸਿੱਖ ਰਿਵਾਇਤਾਂ ਉਪਰ ਹੀ ਨਿਰਭਰਤਾ ਰੱਖਣੀ ਪਈ।

ਹਵਾਲੇ:

੧. *ਹ: ਲਿ:* ਨੰਬਰ ੪੭੪, ਪੰਨਾ ੧੨-੧੩

੨. *ਦੇਖੋ,* ਸਾਖੀ ੧੯

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀਆਂ ਸਮਕਾਲੀ ਪਰਸਥਿਤੀਆਂ

*-ਡਾ. ਭਾਈ ਜੋਧ ਸਿੰਘ**

ਨੌਵੇਂ ਗੁਰੂ ਜੀ ਦੇ ਗੁਰਿਆਈ-ਆਸੀਨ ਹੋਣ ਸਮੇਂ ਦਿੱਲੀ ਦਾ ਸ਼ਹਿਨਸ਼ਾਹ ਔਰੰਗਜ਼ੇਬ ਸੀ। ਭਾਈ ਕਾਨ੍ਹ ਸਿੰਘ ਜੀ ਦੇ 'ਮਹਾਨ ਕੋਸ਼' ਪੰਨਾ ੮੩ ਅਨੁਸਾਰ ਉਹ ਸੰਨ ੧੬੫੮ ਵਿਚ ਆਪਣੇ ਪਿਤਾ ਸ਼ਾਹ ਜਹਾਨ ਨੂੰ ਆਗਰੇ ਦੇ ਕਿਲ੍ਹੇ ਵਿਚ ਕੈਦ ਕਰ ਕੇ ੨੧ ਜੁਲਾਈ ਨੂੰ ਦਿੱਲੀ ਦੇ ਤਖਤ ਪੁਰ ਬੈਠਾ। ਜਿਸ ਧੋਖੇ ਅਤੇ ਬੇਦਰਦੀ ਦਾ ਸਲੂਕ ਆਪਣੇ ਦੋ ਭਰਾਵਾਂ, ਦਾਰਾ ਸ਼ਿਕੋਹ ਅਤੇ ਮੁਰਾਦ ਬਖਸ਼ ਨਾਲ ਕੀਤਾ, ਉਸ ਦਾ ਥੋੜਾ ਵੇਰਵਾ ਦੇਣਾ, ਉਸ ਦੇ ਆਚਰਨ ਪੁਰ ਰੋਸ਼ਨੀ ਪਾਉਣ ਲਈ ਜ਼ਰੂਰੀ ਹੈ। ਦਾਰਾ ਸ਼ਿਕੋਹ ਸ਼ਾਹ ਜਹਾਨ ਦਾ ਵੱਡਾ ਪੁੱਤਰ ਸੀ ਅਤੇ ਤਖਤ ਦਾ ਹੱਕਦਾਰ ਸੀ। ਜਦੋਂ ਸ਼ਾਹ ਜਹਾਨ ਬਹੁਤ ਬੀਮਾਰ ਹੋ ਗਿਆ ਤਾਂ ਦਾਰਾ ਸ਼ਿਕੋਹ ਨੇ ਰਾਜ ਦਾ ਕੰਮ ਸੰਭਾਲ ਲਿਆ। ਉਸ ਤੋਂ ਛੋਟਾ ਪੁੱਤਰ ਸੁਜਾਹ ਮੁਹੰਮਦ ਬੰਗਾਲ ਦਾ ਗਵਰਨਰ ਸੀ। ਪਿਉ ਦੀ ਬੀਮਾਰੀ ਦੀ ਖ਼ਬਰ ਸੁਣ ਕੇ ਤਖ਼ਤ ਪੁਰ ਕਬਜ਼ਾ ਕਰਨ ਲਈ ਉਹ ਪਟਨੇ ਤੋਂ ਬਨਾਰਸ ਆ ਗਿਆ। ਜਦੋਂ ਦਾਰਾ ਸ਼ਿਕੋਹ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਸ ਨੇ ਰਾਜਾ ਜੈ ਸਿੰਘ ਨੂੰ ਹੁਕਮ ਦਿੱਤਾ ਕਿ ਉਸ ਨੂੰ ਦਿੱਲੀ ਪੁੱਜਣ ਤੋਂ ਪਹਿਲਾਂ ਹੀ ਰਾਹ ਵਿਚ ਰੋਕ ਕੇ ਉਸ ਦਾ ਮੁਕਾਬਲਾ ਕਰੋ। ਰਾਜਾ ਜੈ ਸਿੰਘ ਤੁਰੰਤ ਬਨਾਰਸ ਵੱਲ ਤੁਰ ਪਿਆ ਅਤੇ ਬਹਾਦਰਪੁਰ ਜਾ ਮੁਕਾਮ ਕੀਤਾ। ਸੁਜਾਹ ਮੁਹੰਮਦ ਉਸ ਨਾਲ ਜੰਗ ਕਰਨ ਲਈ ਅੱਗੇ ਵਧਿਆ। ਸੁਜਾਹ ਮੁਹੰਮਦ ਦੀਆਂ ਫ਼ੌਜਾਂ ਨੂੰ ਹਾਰ ਹੋਈ ਅਤੇ ਉਸ ਦੇ ਬਹੁਤ ਸਾਰੇ ਆਦਮੀ ਮਾਰੇ ਗਏ। ਉਹ ਬੰਗਾਲ ਵੱਲ ਮੁੜ ਪਿਆ ਅਤੇ ਰਾਜਾ ਜੈ ਸਿੰਘ ਨੇ ਉਸ ਦਾ ਪਿੱਛਾ ਕੀਤਾ। ਉਸ ਨੇ ਪਟਨਾ ਅਤੇ ਮੰਗੇਰ ਦੇ ਇਲਾਕੇ ਵਿਚ ਅਮਨ ਕਾਇਮ ਕੀਤਾ ਅਤੇ ਸੁਜਾਹ ਮੁਹੰਮਦ ਦੇ ਜ਼ੁਲਮਾਂ ਤੋਂ ਤੰਗ ਆਈ ਰਿਆਇਆ ਦੇ ਅੱਥਰੂ ਪੂੰਝੇ।

ਔਰੰਗਜ਼ੇਬ ਨੇ ਜੋ ਦੱਖਣ ਦਾ ਸੂਬੇਦਾਰ ਸੀ, ਆਪਣੇ ਛੋਟੇ ਭਰਾ ਮੁਰਾਦ ਬਖਸ਼ ਨਾਲ, ਜੋ ਗੁਜਰਾਤ ਦਾ ਗਵਰਨਰ ਸੀ, ਇਕ ਚਾਲ ਖੇਡੀ। ਭਾਈ ਕਾਨ੍ਹ ਸਿੰਘ ਅਨੁਸਾਰ ਉਸ ਨੇ ਮੁਰਾਦ ਬਖ਼ਸ਼ ਨੂੰ ਕਿਹਾ ਕਿ ਮੈਂ ਬਾਦਸ਼ਾਹਤ ਨਹੀਂ ਚਾਹੁੰਦਾ। ਕੇਵਲ ਕਾਫ਼ਰ ਦਾਰਾ ਨੂੰ ਬਾਦਸ਼ਾਹ ਦੇਖਣਾ ਪਸੰਦ ਨਹੀਂ ਕਰਦਾ, ਇਸ ਲਈ ਤੇਰੀ ਸਹਾਇਤਾ ਨਾਲ ਦਾਰਾ ਨੂੰ ਮਾਰ, ਤਾਜ ਤੇਰੇ ਸਿਰ ਦੇ ਕੇ, ਮੈਂ ਮੱਕੇ ਨੂੰ ਚਲਾ ਜਾਵਾਂਗਾ। ਨਾਮੁਰਾਦ ਮੁਰਾਦ ਦੰਭੀ ਦੇ ਪੇਚ ਫਸ ਗਿਆ ਅਤੇ ਔਰੰਗਜ਼ੇਬ ਨਾਲ ਰਲ ਕੇ ਫ਼ਤਹਬਾਦ ਦੇ ਮੁਕਾਮ 'ਤੇ ਦਾਰਾ ਨੂੰ ਸ਼ਿਕਸਤ ਦੇਣ ਦਾ ਕਾਰਨ ਬਣਿਆ। ਔਰੰਗਜ਼ੇਬ ਨੇ ਜੰਗ ਜਿੱਤ

---

* *ਗੁਰਪੁਰਵਾਸੀ*

ਕੇ ਭਾਰੀ ਜ਼ਿਆਫਤ ਕੀਤੀ ਅਤੇ ਮੁਰਾਦ ਨੂੰ ਸ਼ਰਾਬ ਵਿਚ ਮਸਤ ਕਰ ਕੇ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰ ਦਿੱਤਾ। ਤਿੰਨ ਵਰ੍ਹੇ ਪਿੱਛੋਂ ਇਕ ਸੱਯਦ ਦੇ ਖ਼ੂਨ ਦਾ ਅਪਰਾਧ ਉਸ ਦੇ ਮੱਥੇ ਮੜ੍ਹ ਕੇ ਕਤਲ ਕਰਵਾ ਦਿੱਤਾ।

ਦਾਰਾ ਸ਼ਿਕੋਹ ਨੇ ਰਾਜਾ ਜਸਵੰਤ ਸਿੰਘ ਨੂੰ ਬਹੁਤ ਸਾਰੀ ਫ਼ੌਜ ਦੇ ਕੇ ਦੱਖਣ ਵੱਲ ਔਰੰਗਜ਼ੇਬ ਨੂੰ ਦਿੱਲੀ ਪੁੱਜਣ ਤੋਂ ਰੋਕਣ ਲਈ ਭੇਜਿਆ। ਪਰ ਉਸ ਨੂੰ ਔਰੰਗਜ਼ੇਬ ਅਤੇ ਮੁਰਾਦ ਦੀਆਂ ਰਲਵੀਆਂ ਫੌਜਾਂ ਤੋਂ ਹਾਰ ਹੋ ਗਈ। ਜਦੋਂ ਦਾਰਾ ਸ਼ਿਕੋਹ ਨੂੰ ਇਹ ਖ਼ਬਰ ਮਿਲੀ ਤਾਂ ਉਹ ਆਪ ਆਪਣੇ ਅਮੀਰ ਅਤੇ ਬਹੁਤ ਸਾਰੀ ਫੌਜ ਲੈ ਕੇ ਔਰੰਗਜ਼ੇਬ ਨਾਲ ਮੁਕਾਬਲਾ ਕਰਨ ਲਈ ਤੁਰ ਪਇਆ। ਸ਼ਾਹ ਜਹਾਨ ਨੇ ਉਸ ਨੂੰ ਕਿਹਾ ਕਿ ਔਰੰਗਜ਼ੇਬ ਬੜਾ ਚਾਲਬਾਜ਼ ਹੈ, ਉਸ ਦੇ ਮਕਰਾਂ ਤੋਂ ਖ਼ਬਰਦਾਰ ਰਹੀਂ। ਪਰੰਤੂ ਦਾਰਾ ਨੇ ਪਿਤਾ ਦੇ ਕਥਨ ਦੀ ਕੋਈ ਪਰਵਾਹ ਨਾ ਕੀਤੀ ਅਤੇ ਬੜੇ ਕੱਰੋਫਰ ਨਾਲ ਪ੍ਰਸੰਨ-ਚਿਤ ਦੱਖਣ ਵੱਲ ਚੱਲ ਪਿਆ ਅਤੇ ਚੰਬਲ ਦਰਿਆ ਦੇ ਨੇੜ੍ਹੇ ਸੁਮੂਗੜ੍ਹ ਵਿਚ ਜਾ ਡੇਰਾ ਕੀਤਾ। ਔਰੰਗਜ਼ੇਬ ਵੀ ਛੇਤੀ ਹੀ ਉੱਥੇ ਆ ਧਮਕਿਆ ਅਤੇ ਨਾ ਕੇਵਲ ਦਾਰਾ ਦੀਆਂ ਫ਼ੌਜਾਂ ਨੂੰ ਸ਼ਿਕਸਤ ਦਿੱਤੀ, ਸਗੋਂ ਉਸ ਦੇ ਨਾਲ ਦੇ ਅਮੀਰਾਂ ਨੂੰ ਵੀ ਫੜ ਲਿਆ। ਦਾਰਾ ਉੱਥੋਂ ਹਾਰ ਕੇ ਦਿੱਲੀ ਆ ਗਇਆ ਅਤੇ ਕਿਲ੍ਹੇ ਵਿਚ ਆ ਥਾਂ ਮੱਲੀ। ਔਰੰਗਜ਼ੇਬ ਨੇ ਆਗਰੇ ਪੁੱਜ ਕੇ ਆਪਣੇ ਪਿਤਾ ਨੂੰ, ਜੋ ਉੱਥੇ ਸਖ਼ਤ ਬੀਮਾਰ ਸੀ, ਆਗਰੇ ਦੇ ਕਿਲ੍ਹੇ ਵਿਚ ਕੈਦ ਕਰ ਲਿਆ ਅਤੇ ਜਿਸ ਤਰ੍ਹਾਂ ਉੱਪਰ ਲਿਖਿਆ ਜਾ ਚੁਕਾ ਹੈ, ਮੁਰਾਦ ਨੂੰ ਕੈਦ ਕਰ ਕੇ ਗਵਾਲੀਅਰ ਭੇਜ ਦਿੱਤਾ ਅਤੇ ਆਪਣੀ ਅਤੇ ਮੁਰਾਦ ਦੀ ਫੌਜ ਲੈ ਕੇ ਦਿੱਲੀ ਵੱਲ ਵਧਿਆ। ਦਾਰਾ ਸ਼ਿਕੋਹ ਨੂੰ ਜਦੋਂ ਇਹ ਪਤਾ ਲੱਗਿਆ ਕਿ ਦਿੱਲੀ ਦੇ ਅਮੀਰ ਔਰੰਗਜ਼ੇਬ ਦੀ ਮਦਦ ਕਰਨਗੇ ਤਾਂ ਉਹ ਆਪਣੇ ਕੁਝ ਵਫਾਦਾਰ ਸਾਥੀ ਅਤੇ ਸਾਰਾ ਧਨ ਅਤੇ ਕੀਮਤੀ ਵਸਤਾਂ ਲੈ ਕੇ ਪੰਜਾਬ ਵੱਲ ਨੱਠ ਤੁਰਿਆ। ਬਿਆਸ ਦੇ ਕੰਢੇ ਉਸ ਦਾ ਸ੍ਰੀ ਗੁਰੂ ਹਰਿਰਾਇ ਜੀ ਨਾਲ ਮੇਲ ਹੋਇਆ। ਜਦੋਂ ਦਾਰਾ ਸ਼ਿਕੋਹ ਨੂੰ ਪਤਾ ਲੱਗਿਆ ਕਿ ਔਰੰਗਜ਼ੇਬ ਦੀਆਂ ਫੌਜਾਂ ਨੇੜ੍ਹੇ ਆ ਪੁੱਜੀਆਂ ਹਨ ਤਾਂ ਉੱਥੋਂ ਨੱਠ ਕੇ ਲਾਹੌਰ ਪੁੱਜਾ। ਉੱਥੋਂ ਸੁਲਤਾਨ, ਫਿਰ ਭੱਖਰ ਅਤੇ ਦੱਖਣ ਵਿਚ ਗੁਜਰਾਤ ਜਾ ਅੱਪੜਿਆ। ਉੱਥੇ ਇਕ ਪਠਾਨ ਜੀਵਣ ਨਾਮ ਦੀ ਬੇਵਫਾਈ ਨਾਲ ਉਹ ਪਕੜਿਆ ਗਿਆ ਅਤੇ ਉਸ ਨੂੰ ਦਿੱਲੀ ਲਿਆਂਦਾ ਗਿਆ। ਮੈਕਾਲਿਫ ਅਨੁਸਾਰ ਉਸ ਨੇ ਔਰੰਗਜ਼ੇਬ ਨੂੰ ਕਿਹਾ ਕਿ ਮੈਨੂੰ ਬਾਦਸ਼ਾਹਤ ਦੀ ਕੋਈ ਲੋੜ ਨਹੀਂ। ਇਹ ਤਾਜ-ਤਖ਼ਤ ਤੈਨੂੰ ਤੇਰੀ ਔਲਾਦ ਨੂੰ ਮੁਬਾਰਕ ਹੋਵੇ। ਮੈਨੂੰ ਕੋਈ ਗੋਸ਼ਾ ਦੇ ਦੇ ਅਤੇ ਇਕ ਨੌਕਰਾਣੀ ਜੋ ਮੇਰੀ ਰੋਟੀ ਆਦਿ ਪਕਾਉਣ ਦਾ ਪ੍ਰਬੰਧ ਕਰੇ ਅਤੇ ਮੈਂ ਤੇਰੇ ਲਈ ਦੁਆਵਾਂ ਕਰਦਾ ਰਹਾਂਗਾ। ਪਰ ਔਰੰਗਜ਼ੇਬ ਪੁਰ ਇਨ੍ਹਾਂ ਗੱਲਾਂ ਦਾ ਕੋਈ ਅਸਰ ਨਾ ਹੋਇਆ ਅਤੇ ਕੱਟੜ ਮੁਸਲਮਾਨ ਮੌਲਵੀਆਂ ਨੇ ਕੁਫਰ ਦਾ ਫ਼ਤਵਾ ਲਾ ਕੇ ਉਸ ਨੂੰ ਕਾਬਲ ਗਰਦਨ-ਜਦਨੀ ਕਰਾਰ ਦੇ ਦਿੱਤਾ ਅਤੇ ਉਸ ਨੂੰ ਕਤਲ ਕੀਤਾ ਗਇਆ।

ਮੈਕਾਲਿਫ ਲਿਖਦਾ ਹੈ ਕਿ ਤਿੰਨ ਸੌ ਸੱਤਰ ਮੌਲਵੀਆਂ ਨੇ ਉਸ ਦੇ ਮੌਤ ਦੇ ਵਾਰੰਟ ਪੁਰ ਦਸਤਖਤ ਕੀਤੇ ਪਰ ਇਕ ਸਰਮਦ ਨਾਮੀ ਨੇ ਦਸਤਖਤ ਕਰਨੋਂ ਨਾਂਹ ਕਰ ਦਿੱਤੀ। ਤਿੰਨ ਸਾਲ ਮਗਰੋਂ ਇਸ ਪੁਰ ਵੀ ਕੁਫਰ ਦਾ ਫਤਵਾ ਲਾ ਕੇ ਕਤਲ ਕਰ ਦਿੱਤਾ ਗਿਆ। ਸਰਮਦ ਹਜ਼ਰਤ ਮੀਆਂ ਮੀਰ ਤੋਂ ਵਰੋਸਾਇਆ ਹੋਇਆ ਸੀ।

ਹੁਣ ਔਰੰਗਜ਼ੇਬ ਦੇ ਸਾਰੇ ਭਰਾ ਖ਼ਤਮ ਹੋ ਗਏ ਅਤੇ ਉਸ ਦੇ ਮਨ ਵਿਚ ਕੋਈ ਖਟਕਾ ਕਿਸੇ ਵੱਲੋਂ ਤਖ਼ਤ ਦਾ ਦਾਵਾ ਕਰਨ ਦਾ ਨਾ ਰਿਹਾ। ਪਰ ਬਾਪ ਨੂੰ ਕੈਦ ਕਰਨ ਅਤੇ ਮੁਰਾਦ ਬਖ਼ਸ਼ ਨੂੰ ਧੋਖਾ ਦੇ ਕੇ ਮਾਰਨ ਕਾਰਨ ਨੇਕ ਮੁਸਲਮਾਨ ਵੀ ਉਸ ਨੂੰ ਨਾਪਸੰਦਗੀ ਦੀ ਨਜ਼ਰ ਨਾਲ ਵੇਖਣ ਲੱਗ ਪਏ। ਮੈਕਾਲਿਫ਼ ਅਨੁਸਾਰ ਉਸ ਨੇ ਆਪਣੇ ਹਮਾਇਤੀ ਮੌਲਵੀਆਂ ਨੂੰ ਪੁੱਛਿਆ ਕਿ ਹੁਣ ਉਹ ਕੀ ਕਰੇ, ਜਿਸ ਨਾਲ ਘਟੋ ਘੱਟ ਸਾਰੇ ਮੁਸਲਮਾਨਾਂ ਦੇ ਦਿਲ ਉਹ ਜਿੱਤ ਲਵੇ। ਉਨ੍ਹਾਂ ਸਲਾਹ ਦਿੱਤੀ ਕਿ ਹਿੰਦੂਆਂ ਨੂੰ ਇਸਲਾਮ ਵਿਚ ਲਿਆ ਕੇ ਹੀ ਉਹ ਮੁਸਲਮਾਨਾਂ ਵਿਚ ਹਰਦਿਲ-ਅਜ਼ੀਜ਼ ਹੋ ਸਕਦਾ ਹੈ। ਉਹ ਆਪਣੀ ਸਾਰੀ ਬਾਦਸ਼ਾਹਤ ਵਿਚ ਨਸ਼ਰ ਕਰੇ ਕਿ ਜੋ ਹਿੰਦੂ ਇਸਲਾਮ ਕਬੂਲ ਕਰ ਲੈਣਗੇ, ਉਨ੍ਹਾਂ ਨੂੰ ਜਾਗੀਰਾਂ ਅਤੇ ਸਰਕਾਰੀ ਨੌਕਰੀਆਂ ਮਿਲਣਗੀਆਂ ਅਤੇ ਉਹ ਸਭ ਰਿਆਇਤਾਂ ਪ੍ਰਾਪਤ ਹੋਣਗੀਆਂ ਜੋ ਉਨ੍ਹਾਂ ਨੂੰ ਮਿਲਦੀਆਂ ਹਨ, ਜਿਨ੍ਹਾਂ ਉੱਪਰ ਸਾਹਿਨਸ਼ਾਹ ਮਿਹਰਬਾਨ ਹੁੰਦਾ ਹੈ। ਜੋ ਇਸ ਲਾਲਚ ਵਿਚ ਨਾ ਫਸਣ, ਉਨ੍ਹਾਂ ਨੂੰ ਜ਼ਬਰਦਸਤੀ ਮੁਸਲਮਾਨ ਕੀਤਾ ਜਾਵੇ।

ਇਸ ਮਨੋਰਥ ਦੀ ਕਾਮਯਾਬੀ ਲਈ ਉਸ ਨੇ ਪਹਿਲੋਂ ਤਾਂ ਹਿੰਦੂਆਂ ਨੂੰ ਵੱਡੇ-ਵੱਡੇ ਅਹੁਦੇ ਦੇਣੇ ਬੰਦ ਕਰਾ ਦਿੱਤੇ। ਉਸ ਨੂੰ ਸ਼ੱਕ ਸੀ ਕਿ ਇਹ ਦਿਲੋਂ ਕਦੀ ਇਸਲਾਮੀ ਰਾਜ ਦੇ ਵਫਾਦਾਰ ਨਹੀਂ ਹੋ ਸਕਦੇ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਸਿੱਖਾਂ ਨੇ ਜੋ ਕੁਝ ਪੰਜਾਬ ਵਿਚ ਕੀਤਾ ਸੀ ਅਤੇ ਮਰਹੱਟੇ ਜੋ ਮਹਾਂਰਾਸ਼ਟਰ ਵਿਚ ਕਰ ਰਹੇ ਸਨ, ਉਨ੍ਹਾਂ ਦੀਆਂ ਸਰਗਰਮੀਆਂ ਤੋਂ ਉਸ ਦਾ ਇਹ ਸ਼ੱਕ ਪੱਕਾ ਹੋ ਗਿਆ। ਡਾ. ਫੌਜਾ ਸਿੰਘ ਅਨੁਸਾਰ ੧੬੬੬ ਈ. ਵਿਚ ਮਥਰਾ ਦੇ ਮਸ਼ਹੂਰ ਕੇਸ਼ਵ ਰਾਏ ਮੰਦਰ ਦਾ ਪੱਥਰ ਦਾ ਜੰਗਲਾ ਸ਼ਾਹੀ ਹੁਕਮ ਨਾਲ ਹਟਾ ਦਿੱਤਾ ਗਿਆ। ਤਿੰਨ ਸਾਲ ਮਗਰੋਂ ੧੬੬੯ ਈ. ਵਿਚ ਇਕ ਆਮ ਫੁਰਮਾਨ ਜਾਰੀ ਕੀਤਾ ਗਿਆ ਕਿ ਹਿੰਦੂਆਂ ਦੇ ਮੰਦਰ ਅਤੇ ਪਾਠਸ਼ਾਲਾਵਾਂ ਤਬਾਹ ਕੀਤੀਆਂ ਜਾਣ। ਸੂਬਿਆਂ ਦੇ ਗਵਰਨਰਾਂ ਨੂੰ ਹੁਕਮ ਭੇਜੇ ਗਏ ਕਿ ਤੁਸੀਂ ਕਾਫ਼ਰਾਂ ਦੇ ਮੰਦਰ ਅਤੇ ਸਿਖਿਆਲੇ ਤਬਾਹ ਕਰ ਦਿਓ ਤਾਂ ਜੁ ਉਨ੍ਹਾਂ ਦੀਆਂ ਵਿੱਦਿਅਕ ਸਰਗਰਮੀਆਂ ਖਤਮ ਹੋ ਜਾਣ ਅਤੇ ਉਨ੍ਹਾਂ ਦੀਆਂ ਧਾਰਮਿਕ ਰੀਤੀਆਂ ਦਾ ਅਭਿਆਸ ਖਤਮ ਹੋ ਜਾਵੇ।

ਫੁਰਮਾਨ ਦੇ ਜਾਰੀ ਹੋਣ ਮਗਰੋਂ ਛੇਤੀ ਹੀ ਸਾਰੀ ਬਾਦਸ਼ਾਹਤ ਵਿੱਚੋਂ ਮੰਦਰਾਂ ਦੇ ਤਬਾਹ ਕਰਨ ਦੀਆਂ ਰਿਪੋਟਾਂ ਆਉਣੀਆਂ ਅਰੰਭ ਹੋ ਗਈਆਂ। ਮਈ ੧੬੬੯ ਈ. ਵਿਚ ਇਕ ਸ਼ਾਹੀ ਦੂਤ ਮਲਾਰਿਨ ਦਾ ਮੰਦਰ ਨਾਸ਼ ਕਰਨ ਲਈ ਘੱਲਿਆ ਗਿਆ।

ਅਗਸਤ ੧੬੬੯ ਈ. ਵਿਚ ਬਨਾਰਸ ਦਾ ਵਿਸ਼ਵਨਾਥ ਮੰਦਰ-ਨਾਸ਼ ਕੀਤਾ ਗਿਆ ਅਤੇ ਮਗਰੋਂ ਤਬਾਹ ਕੀਤੀ ਇਮਾਰਤ ਦੇ ਸਥਾਨ ਪੁਰ ਇਕ ਮਸਜਿਦ ਉਸਾਰੀ ਗਈ। ਲਗਪਗ ਉਸੇ ਸਮੇਂ ਬਨਾਰਸ ਦਾ ਗੋਪੀਨਾਥ ਮੰਦਰ ਵੀ ਤਬਾਹ ਕੀਤਾ ਗਿਆ। ਬਨਾਰਸ ਵਿਚ ਜੰਗਮਵਾੜੀ ਦੇ ਸ਼ਿਵਮੰਦਰ ਨੂੰ ਵੀ ਨਾਸ਼ ਕਰਨ ਦਾ ਜਤਨ ਕੀਤਾ ਗਿਆ, ਪਰੰਤੂ ਕਿਸੇ ਕਾਰਨ ਕੁਝ ਸਮੇਂ ਲਈ ਇਹ ਕੰਮ ਤਿਆਗ ਦਿੱਤਾ ਗਿਆ। ਫਿਰ ਮਥੁਰਾ ਦੇ ਕੇਸ਼ਵ ਰਾਏ ਮੰਦਰ ਦੀ ਵਾਰੀ ਆਈ। ਜਹਾਂਗੀਰ ਦੇ ਅਹਦ ਵਿਚ ਰਾਓ ਬੀਰ ਸਿੰਘ ਬੁੰਦੇਲ ਨੇ ੩੩ ਲੱਖ ਰੁਪਏ ਖਰਚ ਕੇ ਇਹ ਮੰਦਰ ਬਣਵਾਇਆ ਸੀ। ਮੰਦਰ ਨੂੰ ਡੇਗ ਕੇ ਢੇਰੀ ਕੀਤਾ ਗਿਆ ਅਤੇ ਹੁਕਮ ਦਿੱਤਾ ਗਿਆ ਕਿ ਉਸ ਥਾਂ 'ਤੇ ਇਕ ਮਸਜਿਦ ਬਣਾਈ ਜਾਏ।

ਅਜਿਹੇ ਹੀ ਨਾਸ਼ ਦਾ ਹੁਕਮ ਰਾਜਪੂਤ ਰਿਆਸਤਾਂ ਵਿਚ ਹੋਇਆ। ਅਜਮੇਰ, ਉਜੈਨ, ਬੰਗਾਲ ਅਤੇ ਬਾਦਸ਼ਾਹਿਤ ਦੇ ਹੋਰ ਕਈ ਹਿੱਸੇ ਵੀ ਇਸ ਹੁਕਮ ਦੀ ਜਦ ਵਿਚ ਆਏ। ਦੱਖਣ ਦੇ ਮੰਦਰ ਇਸ ਸ਼ਾਹੀ ਹੁਕਮ ਦੀ ਫੇਟ ਤੋਂ ਬਚ ਗਏ। ਉੱਥੇ ਮਰਹੱਟਿਆਂ ਦੇ ਉੱਥਾਨ ਨੇ ਇਕ ਨਾਜ਼ੁਕ ਹਾਲਤ ਪੈਦਾ ਕਰ ਦਿੱਤੀ ਸੀ। ਔਰੰਗਜ਼ੇਬ ਨੇ ਸਿੱਖਾਂ ਦੇ ਧਰਮ ਅਸਥਾਨ ਨਾਸ਼ ਕਰਨ ਦਾ ਵੀ ਹੁਕਮ ਦਿੱਤਾ ਅਤੇ ਆਖਿਆ ਕਿ ਜੋ ਮਸੰਦ ਗੁਰੂ ਲਈ ਦਸਵੰਧ ਅਤੇ ਭੇਟਾ ਗੁਰੂ ਜੀ ਦੇ ਅਨੁਯਾਈਆਂ ਪਾਸੋਂ ਇਕੱਠਾ ਕਰਨ, ਉਨ੍ਹਾਂ ਨੂੰ ਸ਼ਹਿਰਾਂ ਵਿੱਚੋਂ ਕੱਢ ਦਿਓ।

ਟੈਕਸਾਂ ਦੇ ਘੇਰੇ ਵਿਚ ਗੈਰ-ਮੁਸਲਮਾਨਾਂ ਵਿਰੁੱਧ ਭੇਦ-ਭਾਵ ਵਰਤਿਆ ਗਿਆ। ਭਾਵੇਂ ੧੬੭੯ ਈ. ਤੀਕ ਜਜ਼ੀਆ ਮੁੜ ਨਹੀਂ ਸੀ ਲਾਇਆ ਗਿਆ, ਪਰ ਤੀਰਥ-ਯਾਤਰਾ ਪੁਰ ਟੈਕਸ ਸਥਾਪਿਤ ਕੀਤਾ ਗਇਆ। ੧੬੬੫ ਈ. ਵਿਚ ਹੁਕਮ ਦਿੱਤਾ ਗਿਆ ਕਿ ਮੁਸਲਮਾਨ ੨-੫ ਪ੍ਰਤੀਸ਼ਤ ਆਯਾਤ ਕਰ ਦੇਣ ਪਰ ਹਿੰਦੂ ੫ ਪ੍ਰਤੀਸ਼ਤ। ਬਾਗਾਂ ਲਈ ਹਿੰਦੂਆਂ ਨੂੰ ੨੦ ਫੀਸਦੀ ਕਰ ਦੇਣਾ ਪੈਂਦਾ ਸੀ, ਪਰ ਮੁਸਲਮਾਨਾਂ ਨੂੰ ੧੬.੬ ਫੀਸਦੀ। ਢੋਰਾਂ ਦੇ ਮੁੱਲ ਪੁਰ ਇਕ ਹਿਜਰੀ ਸਾਲ ਵਿਚ ਹਿੰਦੂ ੫ ਫੀਸਦੀ ਕਰ ਦੇਣ ਪਰ ਮੁਸਲਮਾਨ ੨.੫ ਫੀਸਦੀ।

ਇਹ ਸਾਰੇ ਵਿਤਕਰੇ ਹਿੰਦੂਆਂ ਨੂੰ ਇਸਲਾਮ ਕਬੂਲ ਕਰਨ ਲਈ ਮਜਬੂਰ ਕਰਨ ਵਾਸਤੇ ਸਨ। ਪਰ ਤਾਂ ਵੀ ਧਰਮ ਬਦਲਣ ਦੀ ਰਫਤਾਰ ਉਤਨੀ ਤੇਜ਼ ਨਹੀਂ ਸੀ, ਜਿਤਨੀ ਔਰੰਗਜ਼ੇਬ ਚਾਹੁੰਦਾ ਸੀ। ਇਸ ਲਈ ਜਬਰੀ ਧਰਮ ਬਦਲੀ ਅਰੰਭ ਕੀਤੀ ਗਈ। ਇਹ ਤਜਰਬਾ ਪਹਿਲੋਂ ਕਸ਼ਮੀਰ ਵਿਚ ਅਰੰਭ ਕੀਤਾ ਗਿਆ। ਇਸ ਦੇ ਦੋ ਕਾਰਨ ਸਨ। ਪਹਿਲਾ ਇਹ ਕਿ ਕਸ਼ਮੀਰੀ ਪੰਡਿਤ ਵਿਦਵਾਨ ਸਮਝੇ ਜਾਂਦੇ ਸਨ। ਇਸ ਲਈ ਇਹ ਖ਼ਿਆਲ ਕੀਤਾ ਗਿਆ ਕਿ ਉਹ ਇਸਲਾਮ ਕਬੂਲ ਕਰ ਲੈਣ ਤਾਂ ਹਿੰਦੁਸਤਾਨ ਦੇ ਵਸਨੀਕ ਛੇਤੀ ਉਨ੍ਹਾਂ ਦੇ ਮਗਰ ਲੱਗ ਕੇ ਮੁਸਲਮਾਨ ਬਣ ਜਾਣਗੇ। ਦੂਜਾ ਪਿਸ਼ੌਰ ਅਤੇ ਕਾਬਲ ਦੀ ਮੁਸਲਮਾਨ ਵੱਸੋਂ ਵਾਲੇ ਦੇਸ਼ ਨੇੜੇ ਸਨ। ਜੇ

ਕਸ਼ਮੀਰੀ ਧਰਮ-ਬਦਲੀ ਸੰਬੰਧੀ ਕੋਈ ਮੁਕਾਬਲਾ ਕਰਨਗੇ ਤਾਂ ਮੁਸਲਮਾਨ ਜਹਾਦ ਦਾ ਨਾਹਰਾ ਲਾ ਕੇ ਉਨ੍ਹਾਂ ਨੂੰ ਨਾਸ਼ ਕਰ ਦੇਣਗੇ। ਭਾਵੇਂ ਇਹ ਯਕੀਨ ਕਰਨ ਦੀ ਕੋਈ ਬੁਨਿਆਦ ਨਹੀਂ ਸੀ, ਪਰ ਮੰਨਿਆ ਜਾਂਦਾ ਸੀ ਕਿ ਉੱਥੋਂ ਦੇ ਵਾਸੀ ਭਿਖ-ਮੰਗੇ ਅਤੇ ਕਮੀਨੇ ਹਨ ਅਤੇ ਉਹ ਪੈਸੇ ਅਤੇ ਸਰਕਾਰੀ ਨੌਕਰੀਆਂ ਦੇ ਲਾਲਚ ਵਿਚ ਫਸ ਕੇ ਮੁਸਲਮਾਨ ਬਣ ਜਾਣਗੇ।

ਹੁਣ ਅਸੀਂ ਸਿੱਖ ਭਾਈਚਾਰੇ ਦੀ ਉਦੋਂ ਦੀ ਹਾਲਤ ਪੁਰ ਨਜ਼ਰ ਮਾਰਦੇ ਹਾਂ। ਬਾਬਾ ਸਿਰੀਚੰਦ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੇਠੇ ਪੁੱਤਰ ਨੇ ਗ੍ਰਿਹਸਤੀ ਜੀਵਨ ਦੇ ਤਿਆਗ ਕਰਨ ਦਾ ਉਪਦੇਸ਼ ਕਰ ਦਿੱਤਾ। ਪਰ ਇਹ ਤ੍ਰੇੜ ਮਿਟ ਗਈ ਜਦੋਂ ਉਨ੍ਹਾਂ ਬਾਬਾ ਗੁਰਦਿੱਤਾ ਜੀ ਨੂੰ, ਜੋ ਵਿਆਹੁਤਾ ਜੀਵਨ ਬਸਰ ਕਰ ਰਹੇ ਸਨ ਅਤੇ ਜਿਨ੍ਹਾਂ ਦੇ ਦੋ ਸਾਹਿਬਜ਼ਾਦੇ ਵੀ ਸਨ, ਆਪਣਾ ਜਾਨਸ਼ੀਨ ਥਾਪਿਆ। ਉਦਾਸੀ ਸਿੱਖ ਪੰਥ ਦਾ ਇਕ ਭਾਗ ਬਣ ਗਏ ਅਤੇ ਭਾਰਤ ਦੇ ਪੰਜਾਬ ਤੋਂ ਬਾਹਰਲੇ ਪ੍ਰਾਂਤਾਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਪਦੇਸ਼ ਪ੍ਰਸਾਰਣ ਦਾ ਵਸੀਲਾ ਬਣੇ। ਦੂਜੇ ਅਤੇ ਤੀਜੇ ਗੁਰੂ ਜੀ ਦੇ ਪੁੱਤਰਾਂ ਵੱਲੋਂ ਕੋਈ ਖ਼ਾਸ ਪ੍ਰਣਾਲੀ ਚਲਾਉਣ ਦਾ ਯਤਨ ਨਹੀਂ ਸੀ ਹੋਇਆ। ਪਰ ਸ੍ਰੀ ਗੁਰੂ ਰਾਮਦਾਸ ਜੀ ਦੇ ਜੇਠੇ ਪੁੱਤਰ ਪ੍ਰਿਥੀ ਚੰਦ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਰੱਜ ਕੇ ਮੁਖਾਲਫਿਤ ਕੀਤੀ ਅਤੇ ਗੁਰਿਆਈ ਪ੍ਰਾਪਤ ਕਰਨ ਲਈ ਮੁਗ਼ਲ ਰਾਜ ਦੇ ਸੂਬੇਦਾਰਾਂ ਦੀ ਸਹਾਇਤਾ ਨੂੰ ਵੀ ਵਰਤਿਆ। ਉਸ ਦੇ ਪੁੱਤਰ ਮਿਹਰਬਾਨ ਨੇ ਬਾਣੀ ਉਚਾਰਨੀ ਵੀ ਅਰੰਭ ਦਿੱਤੀ ਅਤੇ ਸੱਚੇ ਗੁਰੂਆਂ ਦੀ ਤਰ੍ਹਾਂ ਉਪਨਾਮ 'ਨਾਨਕ' ਵਰਤਣ ਲੱਗ ਪਇਆ। ਪਰੰਤੂ ਸ੍ਰੀ ਗੁਰੂ ਅਰਜਨ ਜੀ ਦੀ ਸ਼ਹਾਦਤ ਮਗਰੋਂ ਜਦੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ ਅਤੇ ਪੀਰੀ ਦੀਆਂ ਦੋ ਕਿਰਪਾਨਾਂ ਧਾਰਨ ਕਰ ਲਈਆਂ ਤਾਂ ਉਸ ਦੀ ਗੁਰਿਆਈ ਦਾ ਕੰਮ ਮੰਦਾ ਪੈ ਗਿਆ। ਪਰ ਇਸ ਦੁਫੇੜ ਦਾ ਇਕ ਮਾੜਾ ਸਿੱਟਾ ਇਹ ਨਿਕਲਿਆ ਕਿ ਮਸੰਦਾਂ ਦੇ ਦਿਲਾਂ ਵਿਚ ਇਹ ਖਿਆਲ ਘਰ ਕਰਨ ਲੱਗ ਪਇਆ ਕਿ ਗੁਰਗੱਦੀ ਦੀ ਮਹੱਤਾ ਨੂੰ ਬਣਾਈ ਰੱਖਣ ਵਿਚ ਉਹ ਕਾਫੀ ਹੱਦ ਤੀਕ ਸਹਾਈ ਹੋ ਸਕਦੇ ਹਨ। ਹੌਲੀ-ਹੌਲੀ ਇਹ ਖਿਆਲ ਅਹੰਕਾਰ ਦੀ ਸ਼ਕਲ ਵਿਚ ਬਦਲ ਗਿਆ ਅਤੇ ਰਬਾਬੀਆਂ ਦੀ ਤਰ੍ਹਾਂ ਜਿਨ੍ਹਾਂ ਨੂੰ ਇਹ ਹੰਕਾਰ ਹੋ ਗਿਆ ਸੀ ਕਿ ਸਾਡਾ ਕੀਰਤਨ ਹੀ ਗੁਰਿਆਈ ਦੀ ਮਹੱਤਤਾ ਨੂੰ ਕਾਇਮ ਰੱਖਦਾ ਹੈ, ਮਸੰਦ ਵੀ ਉਹੋ ਜਿਹੇ ਖਿਆਲਾਂ ਨੂੰ ਆਪਣੇ ਮਨ ਵਿਚ ਥਾਂ ਦੇਣ ਲੱਗ ਪਏ। ਧੀਰਮੱਲ ਦੇ ਮਸੰਦ ਸੀਹੇਂ ਦਾ ਕਥਨ ਕਿ ਮੈਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਮਾਰ ਕੇ ਤੇਰੀ ਗੁਰਿਆਈ ਦੇ ਰਸਤੇ ਵਿੱਚੋਂ ਇਕ ਵੱਡੀ ਰੋਕ ਹਟਾ ਦਿਆਂਗਾ, ਇਸੀ ਗ਼ਰੂਰ ਦਾ ਹੀ ਸਿੱਟਾ ਸੀ। ਝੂਠੇ ਗੁਰੂਆਂ ਦੇ ਮਸੰਦ ਫਿਰ ਸਿੱਖਾਂ ਪਾਸੋਂ ਜੁ ਉਗਰਾਹੀ ਕਰਦੇ ਸਨ, ਉਸ ਦਾ ਚੋਖਾ ਹਿੱਸਾ ਆਪਣੀਆਂ ਰੰਗਰਲੀਆਂ ਪੁਰ ਖਰਚ ਕਰਨ ਲੱਗ ਪਏ। ਇਹ ਕਬਾਹਿਤ ਇੱਥੋਂ ਤੀਕ ਵਧੀ ਕਿ ਦਸਵੇਂ ਗੁਰੂ ਜੀ ਨੂੰ ਮਸੰਦਾਂ ਦੀ ਪ੍ਰਣਾਲੀ ਨੂੰ

ਖ਼ਤਮ ਕਰਨਾ ਪਿਆ। ਕਰਤਾਰਪੁਰ ਦੇ ਜੁੱਧ ਵੇਲੇ ਮਸੰਦਾਂ ਨੇ ਹੀ ਧੀਰਮੱਲ ਨੂੰ ਗੁਮਰਾਹ ਕੀਤਾ ਸੀ ਅਤੇ ਉਸ ਕੋਲੋਂ ਪੈਂਦੇ ਖਾਨ ਵੱਲ ਦੋਸਤੀ ਦੀ ਚਿੱਠੀ ਲਿਖਵਾਈ ਸੀ ਅਤੇ ਗੁਰੂ ਤੋਂ ਬੇਮੁਖ ਕੀਤਾ ਸੀ। ਫਿਰ ਜਦੋਂ ਦਾਰਾ ਸ਼ਿਕੋਹ ਦਿੱਲੀਓਂ ਨੱਸਿਆ ਸੀ ਤਾਂ ਔਰੰਗਜ਼ੇਬ ਨੇ ਇਹ ਫੁਰਮਾਨ ਜਾਰੀ ਕੀਤਾ ਸੀ ਕਿ ਜੋ ਕੋਈ ਇਸ ਦੀ ਸਹਾਇਤਾ ਕਰੇਗਾ, ਉਹ ਸ਼ਾਹੀ ਅਤਾਬ ਦਾ ਭਾਗੀ ਹੋਵੇਗਾ। ਉਸ ਨੂੰ ਪਤਾ ਲਗਾ ਕਿ ਬਿਆਸ ਦੇ ਕੰਢੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਉਸ ਨੂੰ ਮਿਲੇ ਸਨ ਅਤੇ ਉਸ ਨੂੰ ਵਰ ਦਿੱਤਾ ਸੀ। ਨਾਲੇ ਉਸ ਪਾਸ ਇਹ ਸ਼ਿਕਾਇਤ ਹੋਈ ਕਿ ਉਹ ਇਸਲਾਮ ਤੋਂ ਇੱਕ ਵੱਖਰੇ ਧਰਮ ਦਾ ਪ੍ਰਚਾਰ ਕਰ ਰਹੇ ਹਨ। ਉਸ ਨੂੰ ਇਹ ਸਲਾਹ ਦਿੱਤੀ ਗਈ ਕਿ ਉਹ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੂੰ ਬੁਲਾ ਭੇਜੇ ਅਤੇ ਇਸਲਾਮ ਕਬੂਲ ਕਰਾਏ, ਨਹੀਂ ਤਾਂ ਉਸ ਨੂੰ ਆਖੇ ਕਿ ਜੇ ਉਹ ਗੁਰੂ ਹੈ ਤਾਂ ਰੱਬ ਵੱਲੋਂ ਭੇਜਿਆ ਹੋਣ ਦੇ ਸਬੂਤ ਵਿਚ ਕੋਈ ਮੁਅਜਜ਼ੇ ਵਿਖਾਏ। ਜਦੋਂ ਗੁਰੂ ਇਕ ਵਾਰੀ ਮੁਸਲਮਾਨ ਹੋ ਗਿਆ ਤਾਂ ਹਜ਼ਾਰਾਂ ਸਿੱਖ ਉਸ ਦੀ ਮਿਸਾਲ ਵੇਖ ਕੇ ਮੁਸਲਮਾਨ ਹੋ ਜਾਣਗੇ।

ਔਰੰਗਜ਼ੇਬ ਨੇ ਇਸ ਕਾਰਨ ਗੁਰੂ ਜੀ ਵੱਲ ਇਕ ਚਿੱਠੀ ਲਿਖੀ– ‘‘ਗੁਰੂ ਨਾਨਕ ਦਾ ਘਰ ਇਕ ਪਵਿੱਤਰ ਪੁਰਸ਼ਾਂ ਦਾ ਘਰਾਣਾ ਸੀ। ਉਹ ਦੋਸਤ ਦੁਸ਼ਮਣਾਂ ਨਾਲ ਇੱਕੋ ਜੇਹਾ ਵਰਤਾ ਕਰਦੇ ਸਨ। ਪਰੰਤੂ ਤੁਸੀਂ ਦਾਰਾ ਸ਼ਿਕੋਹ ਦੀ ਸਹਾਇਤਾ ਕੀਤੀ ਤਾਂ ਜੋ ਉਸ ਨੂੰ ਬਾਦਸ਼ਾਹਤ ਮਿਲ ਜਾਵੇ। ਮੈਂ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਮੌਤ ਦੇ ਹਵਾਲੇ ਕਰ ਦਿੱਤਾ ਹੈ। ਉਸ ਨੂੰ ਤੁਹਾਡੀ ਸਹਾਇਤਾ ਦਾ ਕੋਈ ਲਾਭ ਨਹੀਂ ਹੋਇਆ। ਪਰੰਤੂ ਜੋ ਹੋ ਗਿਆ ਸੋ ਹੋ ਗਿਆ। ਹੁਣ ਅਸੀਂ ਮਿੱਤਰ ਬਣ ਜਾਈਏ। ਮੇਰੇ ਪਾਸ ਆਓ, ਹੁਣ ਮੈਂ ਸ਼ਹਿਨਸ਼ਾਹੀ ਤਖਤ ਪੁਰ ਬੈਠ ਗਿਆ ਹਾਂ। ਤੁਹਾਡਾ ਦਰਸ਼ਨ ਕਰਨ ਦੀ ਮੇਰੇ ਮਨ ਵਿਚ ਬਹੁਤ ਚਾਹ ਹੈ। ਇਸ ਲਈ ਤੁਸੀ ਮੇਰੇ ਪਾਸ ਜਲਦੀ ਪਹੁੰਚੋ।’’

ਗੁਰੂ ਜੀ ਨੇ ਉੱਤਰ ਦਿੱਤਾ– ‘‘ਮੈਨੂੰ ਤੇਰੇ ਨਾਲ ਕੋਈ ਕੰਮ ਨਹੀਂ, ਜਿਸ ਲਈ ਤੂੰ ਮੈਨੂੰ ਸੱਦ ਭੇਜਿਆ ਹੈ। ਮੈਂ ਕੋਈ ਰਾਜਾ ਨਹੀਂ, ਜਿਸ ਤੈਨੂੰ ਖਰਾਜ ਦੇਣਾ ਹੈ। ਨਾ ਮੈਨੂੰ ਕੋਈ ਚਾਹ ਹੈ ਕਿ ਤੇਰੇ ਪਾਸੋਂ ਕੁਝ ਮਿਲੇ। ਸਾਡਾ ਆਪੋ ਵਿਚ ਪੀਰ ਮੁਰਸ਼ਦ ਵਾਲਾ ਵੀ ਰਿਸ਼ਤਾ ਨਹੀਂ। ਇਸ ਲਈ ਤੂੰ ਮੈਨੂੰ ਕਿਉਂ ਸੱਦ ਭੇਜਿਆ ਹੈ। ਮੈਂ ਦਾਰਾ ਸ਼ਿਕੋਹ ਨੂੰ ਬਾਦਸ਼ਾਹਤ ਦਾ ਵਰ ਨਹੀਂ ਸੀ ਦਿੱਤਾ। ਮੈਂ ਉਸ ਨੂੰ ਧਰਮ ਦਾ ਛਤਰ ਅਤੇ ਸਦੀਵੀ ਤਖ਼ਤ ਦਿੱਤਾ ਸੀ। ਉਸ ਨੂੰ ਦੁਨਿਆਵੀ ਰਾਜ ਦੀ ਕੋਈ ਖਾਹਿਸ਼ ਨਹੀਂ ਸੀ। ਜੋ ਰਾਜ ਉਸ ਨੂੰ ਮਿਲਿਆ ਹੈ, ਉਹ ਨਾਸ਼-ਰਹਿਤ ਹੈ। ਦਾਰਾ ਸ਼ਿਕੋਹ ਵਰਗਾ ਉਹੀ ਹੋ ਸਕਦਾ ਹੈ, ਜੋ ਪਰਮਾਤਮਾ ਦਾ ਪਿਆਰਾ ਹੋਵੇ। ਜੇ ਤੈਨੂੰ ਕੋਈ ਸ਼ੱਕ ਹੈ ਕਿ ਕਿਹੜੀ ਬਾਦਸ਼ਾਹਤ ਦਾਰਾ ਸ਼ਿਕੋਹ ਨੂੰ ਮਿਲੀ ਹੈ ਤਾਂ ਸੌਣ ਲੱਗਿਆਂ ਤੂੰ ਉਸ ਦਾ ਧਿਆਨ ਧਰੀਂ ਅਤੇ ਤੈਨੂੰ ਅਸਲੀਅਤ ਸੁਪਨੇ ਵਿਚ ਨਜ਼ਰ ਆ ਜਾਏਗੀ।’’ ਸੱਚਮੁਚ ਜਦੋਂ ਔਰੰਗਜ਼ੇਬ

ਰਾਤ ਨੂੰ ਸੁੱਤਾ ਤਾਂ ਉਸ ਨੂੰ ਦਾਰਾ ਇਕ ਨੂਰਾਨੀ ਤਖਤ ਪੁਰ ਬੈਠਾ ਨਜ਼ਰ ਆਇਆ ਅਤੇ ਉਹ (ਔਰੰਗਜ਼ੇਬ) ਚੀਥੜੇ ਪਹਨੇ ਇਕ ਗੰਦਗੀ ਦਾ ਟੋਕਰਾ ਚੁੱਕੀ ਜਾ ਰਿਹਾ ਹੈ। ਸਵੇਰੇ ਜਦੋਂ ਜਾਗਿਆ ਤਾਂ ਕਹਿਣ ਲੱਗਾ ਇਹ ਸੁਪਨਾ ਗੁਰੂ ਨੇ ਮੈਨੂੰ ਡੰਗਣ ਲਈ ਭੇਜਿਆ ਹੈ ਪਰ ਮੈਂ ਉਨ੍ਹਾਂ ਦੇ ਵਿਰੁੱਧ ਜਤਨ ਨਹੀਂ ਛੱਡਾਂਗਾ ਅਤੇ ਜੇ ਸੱਦੇ ਪੁਰ ਨਾ ਆਏ ਤਾਂ ਫ਼ੌਜ ਭੇਜ ਕੇ ਗ੍ਰਿਫਤਾਰ ਕਰਾਂਗਾ। ਦੂਜੀ ਭਲਕ ਉਸ ਨੇ ਆਪਣੇ ਇਕ ਅਮੀਰ ਨੂੰ ਬੁਲਾਇਆ ਅਤੇ ਕਿਹਾ ਜੇ ਗੁਰੂ ਹਰਿਰਾਇ (ਸ੍ਰੀ ਗੁਰੂ ਹਰਿਰਾਇ ਸਾਹਿਬ ਜੀ) ਆਪਣੀ ਮਰਜ਼ੀ ਨਾਲ ਨਾ ਆਉਣ, ਤਾਂ ਗ੍ਰਿਫਤਾਰ ਕਰ ਕੇ ਲੈ ਆਓ।

ਉਸ ਅਮੀਰ ਨੂੰ ਕੰਮ ਜੋ ਉਸ ਨੂੰ ਸੌਂਪਿਆ ਗਿਆ ਸੀ, ਉਸ ਦੀ ਔਖਿਆਈ ਨੂੰ ਵੇਖਿਆ ਪਰ ਹੁਕਮ ਮੰਨ ਕੇ ਦਿਲੀਓਂ ਤੁਰ ਪਿਆ। ਪਰ ਉਹ ਆਪਣਾ ਮਨੋਰਥ ਪੂਰਾ ਨਾ ਕਰ ਸਕਿਆ। ਰਾਹ ਵਿਚ ਭੈੜੀ ਤਰ੍ਹਾਂ ਪੱਕੀ ਹੋਈ ਖੁਰਾਕ ਖਾਧੀ ਅਤੇ ਬਦਹਜ਼ਮੀ ਕਾਰਨ ਮਰ ਗਿਆ। ਦਿਲੀਓਂ ਕੁਝ ਸਿੱਖ ਗੁਰੂ ਜੀ ਦੇ ਦਰਸ਼ਨ ਲਈ ਆਏ ਅਤੇ ਉਨ੍ਹਾਂ ਸਾਰਾ ਹੀਜ-ਪਿਆਜ ਬਾਦਸ਼ਾਹ ਦੇ ਬੁਲਾਵੇ ਦਾ ਖੋਲ੍ਹ ਕੇ ਦੱਸਿਆ।

ਉਧਰੋਂ ਬਾਦਸ਼ਾਹ ਦੇ ਸਲਾਹਕਾਰਾਂ ਕਿਹਾ ਕਿ ਸੱਦਾ-ਪੱਤਰ ਆਦਰ ਭਰੇ ਸ਼ਬਦਾਂ ਵਿਚ ਲਿਖੋ। ਜਦੋਂ ਇੱਥੇ ਗੁਰੂ ਜੀ ਆ ਜਾਣਗੇ ਤਦ ਜੋ ਜੀ ਚਾਹੇ ਸਲੂਕ ਕਰਨਾ।

ਚਿੱਠੀ ਲੈ ਕੇ ਜਦੋਂ ਦੂਤ ਕੀਰਤਪੁਰ ਪੁੱਜਿਆ, ਸਤਿਗੁਰਾਂ ਉਹ ਚਿੱਠੀ ਸੰਗਤ ਦੇ ਸਾਹਮਣੇ ਰੱਖੀ ਤਾਂ ਉਨ੍ਹਾਂ ਕਿਹਾ ਜਾਣਾ ਹੀ ਬਣਦਾ ਹੈ, ਨਹੀਂ ਤਾਂ ਮਾਮਲਾ ਵਧੇਰੇ ਨਾ ਵਿਗੜ ਜਾਏ। ਗੁਰੂ ਜੀ ਨੇ ਕਿਹਾ ਕਿ ਜਿਸ ਔਰੰਗਜ਼ੇਬ ਨੇ ਆਪਣੇ ਪਿਉ ਨੂੰ ਕੈਦ ਵਿਚ ਰੱਖਿਆ ਹੋਇਆ ਹੈ ਜਿਸ ਨੇ ਦਾਰਾ ਵਰਗੇ ਸੰਤ ਨੂੰ ਕਤਲ ਕਰ ਦਿੱਤਾ ਹੈ ਅਤੇ ਜੋ ਬੜਾ ਧੋਖੇਬਾਜ਼ ਹੈ ਮੈਂ ਤਾਂ ਪ੍ਰਣ ਕੀਤਾ ਹੋਇਆ ਹੈ ਕਿ ਉਸ ਨੂੰ ਦਰਸ਼ਨ ਨਹੀਂ ਦੇਵਾਂਗਾ। ਇਹ ਗੱਲਾਂ-ਬਾਤਾਂ ਹੋ ਰਹੀਆਂ ਸਨ ਕਿ ਗੁਰੂ ਜੀ ਦਾ ਜੇਠਾ ਪੁੱਤਰ ਰਾਮਰਾਏ ਇਕੱਠ ਵਿਚ ਆ ਗਿਆ। ਸੰਗਤ ਵਿੱਚੋਂ ਕੁਝ ਕਹਿੰਦੇ ਸਨ ਜਾਣਾ ਚਾਹੀਦਾ ਹੈ ਕੁਝ ਆਖਦੇ ਸਨ ਨਹੀਂ। ਇਸ ਪੁਰ ਰਾਮਰਾਏ ਨੇ ਆਪਣੀ ਰਾਏ ਦਿੱਤੀ ਕਿ ਕਿਸੇ ਨਾ ਕਿਸੇ ਨੂੰ ਜ਼ਰੂਰ ਜਾਣਾ ਚਾਹੀਦਾ ਹੈ ਨਹੀਂ ਤਾਂ ਮਾਮਲਾ ਹੋਰ ਵਿਗੜ ਜਾਏਗਾ, ਕਿਉਂਕਿ ਸਾਹਿਨਸ਼ਾਹ ਬਹਾਨੇ ਨਾਲ ਟਾਲਿਆ ਨਹੀਂ ਜਾ ਸਕੇਗਾ। ਇਸ ਪੁਰ ਇਕੱਠ ਨੇ ਉਸ ਵੱਲ ਨਜ਼ਰ ਕਰ ਕੇ ਆਖਿਆ ਤੁਸੀਂ ਗੁਰੂ ਜੀ ਦੇ ਵੱਡੇ ਪੁੱਤਰ ਹੋ ਅਤੇ ਸਿਆਣੇ ਹੋ। ਤੁਸੀਂ ਜਾ ਕੇ ਇਸ ਮਾਮਲੇ ਨੂੰ ਨਿੱਜਿਠੋ ਨਹੀਂ ਤਾਂ ਬਹੁਤ ਤਕਲੀਫ਼ ਹੋਵੇਗੀ। ਔਰੰਗਜ਼ੇਬ ਨੇ ਆਪਣੀ ਤਜਵੀਜ਼ ਨੂੰ ਸਿਰੇ ਚਾੜ੍ਹਨ-ਚੜਾਣ ਦਾ ਪੂਰਾ ਇਰਾਦਾ ਕਰ ਲਿਆ ਹੈ। ਜੇ ਤੁਸੀਂ ਨਾ ਗਏ ਤਾਂ ਇਕ ਵੱਡਾ ਭਾਂਬੜ ਮੱਚ ਜਾਏਗਾ। ਕਿਸੇ ਕਾਰਨ ਵੀ ਸਮੇਂ ਦੇ ਹਾਕਮ ਨਾਲ ਝਗੜਾ ਕਰਨਾ ਯੋਗ ਨਹੀਂ। ਇਸ ਪੁਰ ਰਾਮਰਾਏ ਨੇ ਆਖਿਆ ਕਿ ਜੇ ਤੁਸੀਂ ਸਾਰੇ ਚਾਹੁੰਦੇ ਹੋ ਤਾਂ ਮੈਂ ਸ਼ਹਿਨਸ਼ਾਹ ਪਾਸ ਚਲਾ ਜਾਵਾਂਗਾ ਅਤੇ ਉਸ ਨਾਲ ਇਕ ਤਸੱਲੀਬਖਸ਼ ਨਿਪਟਾਰਾ ਕਰਾਂਗਾ। ਸ੍ਰੀ ਗੁਰੂ ਹਰਿਰਾਇ

ਸਾਹਿਬ ਜੀ ਨੇ ਇਸ ਕਾਰਨ ਉਸ ਨੂੰ ਜਾਣ ਲਈ ਇਜਾਜ਼ਤ ਦੇ ਦਿੱਤੀ।

ਦਿੱਲੀ ਲਈ ਰਵਾਨਾ ਹੋਣ ਵੇਲੇ ਗੁਰੂ ਜੀ ਨੇ ਰਾਮਰਾਏ ਨੂੰ ਆਖਿਆ ਕਿ ਤੂੰ ਹਰ ਬਚਨ ਅਤੇ ਕਰਮ ਵਿਚ ਅਕਾਲ ਪੁਰਖ ਦਾ ਖਿਆਲ ਰੱਖੀਂ ਤਾਂ ਹਰ ਗੱਲ ਵਿਚ ਕਾਮਯਾਬੀ ਹੋਵੇਗੀ, ਅਤੇ ਰਾਮਰਾਏ ਨੂੰ ਚੰਗੀ ਤਰ੍ਹਾਂ ਸਮਝਾਇਆ ਕਿ ਸ਼ਹਿਨਸ਼ਾਹ ਗ੍ਰੰਥ ਸਾਹਿਬ (ਸ੍ਰੀ ਗੁਰੂ ਗ੍ਰੰਥ ਸਾਹਿਬ) ਪੁਰ ਕੋਈ ਇਤਰਾਜ਼ ਕਰੇ ਤਾਂ ਤੂੰ ਉਸ ਨੂੰ ਨਾ ਸਹਾਰੀਂ। ਤੂੰ ਉਸ ਦਾ ਉੱਤਰ ਠਰੰਮੇ ਨਾਲ ਯੁਕਤੀ-ਪੂਰਵਕ ਦੇਵੀਂ। ਗੁਰੂ ਜੀ ਨੇ ਆਖਿਆ ਕਿ ਮੇਰੇ ਦਾਦਾ ਜੀ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਜਹਾਂਗੀਰ ਨੇ ਕਿਹਾ ਸੀ ਕਿ ਗ੍ਰੰਥ ਸਾਹਿਬ (ਸ੍ਰੀ ਗੁਰੂ ਗ੍ਰੰਥ ਸਾਹਿਬ) ਵਿੱਚੋਂ ਉਹ ਸ਼ਬਦ ਕੱਢ ਦਿਓ, ਜਿਨ੍ਹਾਂ ਵਿਚ ਮੁਸਲਮਾਨਾਂ ਬਾਬਤ ਕੁਝ ਇਤਰਾਜ਼ ਦਰਜ ਹਨ। ਉਨ੍ਹਾਂ ਨੇ ਸਾਫ ਇਨਕਾਰ ਕਰ ਦਿੱਤਾ ਅਤੇ ਕਿਹਾ ਮੈਂ ਗੁਰਬਾਣੀ ਵਿਚ ਕੋਈ ਅਦਲਾ-ਬਦਲੀ ਨਹੀਂ ਕਰਾਂਗਾ ਨਾ ਹੀ ਕੋਈ ਘਾਟ-ਵਾਧ ਕਰਾਂਗਾ। ਸਿੱਟਾ ਇਹ ਨਿਕਲਿਆ ਕਿ ਉਨ੍ਹਾਂ ਨੂੰ ਬਹੁਤ ਦੁਖ ਸਹਾਰਨਾ ਪਇਆ ਪਰ ਉਨ੍ਹਾਂ ਉਸ ਦੀ ਖ਼ੁਸ਼ਾਮਦ ਨਹੀਂ ਸੀ ਕੀਤੀ। ਰਾਮਰਾਏ ਨੂੰ ਫਿਰ ਇਹ ਉਪਦੇਸ਼ ਕੀਤਾ ਗਿਆ ਕਿ ਤੂੰ ਗੁਰੂ ਸਾਹਿਬਾਂ ਦੀ ਦੈਵੀ ਸ਼ਕਤੀ ਪੁਰ ਭਰੋਸਾ ਰੱਖੀਂ ਅਤੇ ਧਰਮ ਦੇ ਅਸੂਲਾਂ ਤੋਂ ਕਿਸੇ ਤਰ੍ਹਾਂ ਵੀ ਪਿੱਛੇ ਨਾ ਹਟੀ।

ਰਾਮਰਾਏ ਨੇ ਆਪਣੇ ਸਫ਼ਰ ਦੀ ਤਿਆਰੀ ਕਰ ਲਈ ਅਤੇ ਦੂਜੀ ਭਲਕ ਗੁਰੂ ਜੀ ਪਾਸੋਂ ਵਿਦਾ ਹੋ ਕੇ ਦਿੱਲੀ ਦਾ ਰਾਹ ਫੜਿਆ। ਜਦੋਂ ਕੁਝ ਦਿਨਾਂ ਮਗਰੋਂ ਉਹ ਦਿੱਲੀ ਅੱਪੜੇ ਤਾਂ ਅਮਲੇ ਦੇ ਇਕ ਵਿਅਕਤੀ ਨੇ ਸ਼ਹਿਨਸ਼ਾਹ ਨੂੰ ਖ਼ਬਰ ਦਿੱਤੀ ਕਿ ਸ੍ਰੀ ਗੁਰੂ ਹਰਿਰਾਇ ਸਾਹਿਬ ਆਪ ਤਾਂ ਨਹੀਂ ਆਏ ਪਰ ਉਨ੍ਹਾਂ ਆਪਣੇ ਪੁੱਤਰ ਰਾਮਰਾਏ ਨੂੰ ਘੱਲਿਆ ਹੈ। ਜੋ ਪ੍ਰੀਖਿਆ ਤੁਸਾਂ ਗੁਰੂ ਜੀ ਦੀ ਕਰਨੀ ਸੀ, ਉਹ ਉਨ੍ਹਾਂ ਦੇ ਲੜਕੇ ਦੀ ਕਰ ਲਵੋ। ਸ਼ਹਿਨਸ਼ਾਹ ਨੇ ਫੈਸਲਾ ਕੀਤਾ ਜੋ ਮੇਰਾ ਮਨੋਰਥ ਗੁਰੂ ਦੀ ਪ੍ਰੀਖਿਆ ਕਰਨ ਦਾ ਲੜਕੇ ਦੁਆਰਾ ਨਾ ਪੂਰਾ ਹੋਇਆ ਤਾਂ ਉਹ ਖ਼ੁਦ ਗੁਰੂ ਜੀ ਨੂੰ ਬੁਲਾ ਭੇਜੇਗਾ।

ਕਿਹਾ ਜਾਂਦਾ ਹੈ ਕਿ ਰਾਮਰਾਏ ਨੇ ਕਈ ਕਰਾਮਾਤਾਂ ਦਿੱਲੀ ਵਿਚ ਵਿਖਾਈਆਂ। ਸ਼ਹਿਨਸ਼ਾਹ ਨੇ ਉਸ ਨੂੰ ਜ਼ਹਿਰ ਭਰੇ ਕੱਪੜੇ ਭੇਜੇ, ਪਰ ਉਨ੍ਹਾਂ ਦੇ ਪਹਿਨਣ ਨਾਲ ਉਸ ਨੂੰ ਕੋਈ ਤਕਲੀਫ ਨਾ ਹੋਈ। ਇਕ ਵਾਰ ਬੁਲਾਵੇ ਸਮੇਂ ਇਕ ਡੂੰਘੇ ਟੋਏ ਪੁਰ ਚੱਦਰ ਵਿਛਾ ਦਿੱਤੀ ਗਈ, ਤਾਂ ਜੋ ਰਾਮਰਾਏ ਉੱਪਰੋਂ ਲੰਘਦਾ ਟੋਏ ਵਿਚ ਡਿੱਗ ਪਵੇ। ਪਰ ਚੱਦਰ ਲਿਫ਼ੀ ਨਾ ਅਤੇ ਰਾਮਰਾਏ ਟੋਏ ਵਿਚ ਨਾ ਡਿੱਗੇ। ਇਹ ਵੀ ਇਕ ਕਰਾਮਾਤ ਸਮਝੀ ਗਈ।

ਸ਼ਹਿਨਸ਼ਾਹ ਦੇ ਹੁਕਮ ਨਾਲ ਮੁਸਲਮਾਨ ਮੌਲਵੀਆਂ ਦੀ ਇਕ ਇਕੱਤ੍ਰਤਾ ਕੀਤੀ ਗਈ। ਮਨੋਰਥ ਇਹ ਸੀ ਕਿ ਉਹ ਗੁਰਬਾਣੀ ਸੰਬੰਧੀ ਉਸ ਕੋਲੋਂ ਪੁੱਛ-ਗਿੱਛ ਕਰਨ। ਸ਼ਹਿਨਸ਼ਾਹ ਨੇ ਆਪ ਗੱਲ ਅਰੰਭ ਕੀਤੀ ਅਤੇ ਕਿਹਾ "ਤੁਹਾਡੇ ਗੁਰੂ ਨਾਨਕ

ਨੇ ਇਸਲਾਮ ਦੇ ਵਿਰੁੱਧ ਲਿਖਿਆ ਹੈ। ਇਕ ਥਾਂ ਉਨ੍ਹਾਂ ਨੇ ਆਖਿਆ ਹੈ:-

ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ॥

ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੪੬੬)

ਜਿਸ ਦਾ ਅਨੁਵਾਦ ਹੈ:-

'ਮੁਸਲਮਾਨਾਂ ਦੀ ਮਿਟੀ ਕੁੰਭਾਰ ਦੇ ਪੇੜੇ ਵਿਚ ਪਈ। ਉਸ ਨਾਲ ਭਾਂਡੇ ਤੇ ਇੱਟਾਂ ਬਣਾਈਆਂ ਗਈਆਂ। ਜਦੋਂ ਉਹ ਸੜਨ ਲੱਗੀਆਂ ਤਾਂ ਮਿੱਟੀ ਨੇ ਪੁਕਾਰ ਕੀਤੀ'। ਤੂੰ ਦੱਸ ਇਸ ਦਾ ਕੀ ਅਰਥ ਹੈ?"

ਰਾਮਰਾਏ ਨੇ ਸੋਚਿਆ ਕਿ ਬੜੀ ਮੁਸ਼ਕਲ ਨਾਲ ਔਰੰਗਜ਼ੇਬ ਨੂੰ ਖੁਸ਼ ਕੀਤਾ ਹੈ, ਜੇ ਉਹ ਗੁੱਸੇ ਹੋ ਗਿਆ ਤਾਂ ਮੇਰੀਆਂ ਸਾਰੀਆਂ ਕਰਾਮਾਤਾਂ ਅਜਾਈਂ ਗਈਆਂ। ਸ਼ਹਿਨਸ਼ਾਹ ਨੂੰ ਖੁਸ਼ ਕਰਨ ਲਈ ਉਸ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਤੁਕ ਨੂੰ ਬਦਲਣ ਦਾ ਮਨ ਬਣਾ ਲਿਆ ਅਤੇ ਆਖਿਆ ਕਿ ਅਸਲੀ ਤੁਕ ਵਿਚ ਲਫ਼ਜ਼ ਮੁਸਲਮਾਨ ਨਹੀਂ ਬੇਈਮਾਨ ਹੈ। ਇਹ ਲਿਖਾਰੀਆਂ ਦੀ ਭੁੱਲ ਹੈ। ਔਰੰਗਜ਼ੇਬ ਖੁਸ਼ ਹੋ ਗਿਆ ਅਤੇ ਰਾਮਰਾਏ ਨੂੰ ਖਿਲਅਤ ਦਿੱਤੀ ਅਤੇ ਇਕੱਤ੍ਰਤਾ ਬਰਖ਼ਾਸਤ ਹੋ ਗਈ।

ਰਾਮਰਾਏ ਨੂੰ ਗੁਰੂ ਜੀ ਨੇ ਇਸ ਘਟਨਾ ਮਗਰੋਂ ਗੁਰਿਆਈ ਦਾ ਹੱਕਦਾਰ ਨਾ ਸਮਝਿਆ। ਉਸ ਨੇ ਦੁਨਿਆਵੀ ਬਾਦਸ਼ਾਹ ਨੂੰ ਖ਼ੁਸ਼ ਕਰਨ ਲਈ ਸੱਚੇ ਪਾਤਸ਼ਾਹ ਦੀ ਬਾਣੀ ਬਦਲ ਦਿੱਤੀ ਸੀ।

ਮੈਕਾਲਿਫ ਦੀ ਲਿਖੀ ਪੁਸਤਕ ਵਿੱਚੋਂ ਦਿੱਤੀ ਇਹ ਲੰਮੀ ਟੂਕ ਜ਼ਾਹਿਰ ਕਰਦੀ ਹੈ ਕਿ ਔਰੰਗਜ਼ੇਬ ਪੰਜਾਬ ਵਿਚ ਸਿੱਖੀ ਦੇ ਪ੍ਰਚਾਰ ਨੂੰ ਮੁਗ਼ਲ ਸਲਤਨਤ ਲਈ ਇਕ ਖ਼ਤਰਾ ਸਮਝਦਾ ਸੀ। ਜਹਾਂਗੀਰ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਨ ਦਾ ਹੁਕਮ ਦੇਣ ਦਾ ਮੰਤਵ ਉਸ ਦੀ ਆਪਣੀ ਲਿਖਤ ਅਨੁਸਾਰ ਇਸ "ਦੁਕਾਨ-ਏ-ਬਾਤਲ" ਨੂੰ ਖਤਮ ਕਰਨ ਦਾ ਸੀ। ਪਰ ਉਸ ਦੇ ਕਰਤਵ ਦਾ ਨਤੀਜਾ ਉਲਟਾ ਨਿਕਲਿਆ। ਛੇਵੇਂ ਗੁਰੂ ਜੀ ਨੇ ਧਰਮ ਦੀ ਰਾਖੀ ਲਈ ਸਿੱਖਾਂ ਨੂੰ ਹਥਿਆਰਬੰਦ ਕਰ ਦਿੱਤਾ। ਦੁਕਾਨ ਬੰਦ ਹੋਣ ਦੀ ਥਾਂ ਸਗੋਂ ਵਧੀਕ ਚਮਕ ਪਈ। ਸਿੱਖਾਂ ਵਿਚ ਇਹ ਜੁਰਅਤ ਪੈਦਾ ਹੋ ਗਈ ਕਿ ਉਹ ਮੁਗ਼ਲ ਫੌਜਦਾਰਾਂ ਦੀਆਂ ਸੈਨਾਵਾਂ ਦਾ ਨਾ-ਕੇਵਲ ਮੁਕਾਬਲਾ ਕਰ ਸਕਦੇ ਸਨ, ਸਗੋਂ ਉਨ੍ਹਾਂ ਨੂੰ ਹਾਰ ਵੀ ਦੇ ਸਕਦੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਮਗਰੋਂ ਸ੍ਰੀ ਗੁਰੂ ਅੰਗਦ ਦੇਵ ਜੀ ਸ੍ਰੀ ਗੁਰੂ ਅਮਰਦਾਸ ਜੀ ਸ੍ਰੀ ਗੁਰੂ ਰਾਮਦਾਸ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਆਪ ਸਤਲੁਜ ਪਾਰ ਨਹੀਂ ਸੀ ਗਏ, ਭਾਵੇਂ ਉਨ੍ਹਾਂ ਦੇ ਮਸੰਦਾਂ ਰਾਹੀਂ ਸਿੱਖੀ ਲਗਪਗ ਸਾਰੇ ਉੱਤਰੀ ਭਾਰਤ ਵਿਚ ਫੈਲ ਚੁੱਕੀ ਸੀ। ਛੇਵੇਂ ਗੁਰੂ ਜੀ ਦਾ ਹਥਿਆਰਬੰਦ ਸਿੱਖਾਂ ਸਣੇ ਨਾਨਕ ਮਤੇ ਅਲਮਸਤ ਦੀ ਸਹਾਇਤਾ ਲਈ ਪੁੱਜਣਾ ਸਿੱਖੀ ਦੇ ਪ੍ਰਚਾਰਕਾਂ ਨੂੰ ਇਹ ਨਿਸਚਾ ਕਰਵਾਉਣ ਲਈ ਸੀ ਕਿ ਕੋਈ ਧਾਰਮਿਕ ਪਰੰਪਰਾ ਜ਼ਬਰਦਸਤੀ ਤੁਸਾਂ ਨੂੰ ਇਸ ਪ੍ਰਚਾਰ ਤੋਂ ਨਹੀਂ ਰੋਕ ਸਕਦੀ।

ਔਰੰਗਜ਼ੇਬ ਦਾ ਇਹ ਜਤਨ ਵੀ ਬਿਰਥਾ ਗਿਆ ਕਿ ਰਾਮਰਾਏ ਪੁਰ ਮਿਹਰਬਾਨੀਆਂ ਕਰ ਕੇ ਉਸ ਨੇ ਗੁਰਗੱਦੀ ਦਾ ਇਕ ਦਾਵੇਦਾਰ ਆਪਣੇ ਵੱਲ ਕਰ ਲਿਆ ਹੈ। ਡਾ. ਫੌਜਾ ਸਿੰਘ ਅਨੁਸਾਰ ਜਦੋਂ ਦੀਵਾਨ ਦੁਰਗਾ ਮੱਲ ਅਠਵੇਂ ਗੁਰੂ ਜੀ ਦੀਆਂ ਨਿਸ਼ਾਨੀਆਂ (ਪੰਜ ਪੈਸੇ ਅਤੇ ਨਲੇਰ) ਲੈ ਕੇ ਬਕਾਲੇ ਆਇਆ ਤਾਂ ਹੋਰ ਦਿੱਲੀ ਦੀ ਸੰਗਤ ਨਾਲ ਬਾਬਾ ਰਾਮਰਾਏ ਜੀ ਵੀ ਬਾਬਾ ਬਕਾਲੇ ਆਇਆ ਸੀ।

ਨੌਵੇਂ ਗੁਰੂ ਜੀ ਨੇ ਆਪਣੀ ਬਾਣੀ ਵਿਚ ਮਾਇਆ ਦੇ ਲਾਲਚ ਨੂੰ ਨਿੰਦਿਆ ਹੈ। ਮਾਇਆ ਬੱਦਲ ਦੀ ਛਾਂ ਵਾਂਗਰ ਚਿਰ-ਸਥਾਈ ਨਹੀਂ। ਦੁਨੀਆ ਦੇ ਸਾਰੇ ਸੰਬੰਧ ਇਕ ਧੂੰਏਂ ਦਾ ਪਹਾੜ ਹਨ। ਇਹ ਉਪਦੇਸ਼ ਲਾਲਚ ਤੋਂ ਹਟਕਣ ਲਈ ਸਨ। ਫਿਰ ਉਨ੍ਹਾਂ ਇਹ ਵੀ ਕਿਹਾ ਕਿ ਅਸਲੀ ਗਿਆਨੀ ਉਹ ਹੀ ਹੈ ਜੋ ਨਾ ਕਿਸੇ ਨੂੰ ਡਰਾਉਂਦਾ ਹੈ ਨਾ ਕਿਸੇ ਪਾਸੋਂ ਡਰਦਾ ਹੈ। ਨਿਰਭੈਤਾ ਦਾ ਉਪਦੇਸ਼ ਜ਼ਬਰਦਸਤੀ ਦੇ ਮੁਕਾਬਲੇ ਦੀ ਤਿਆਰੀ ਵਿਚ ਸਹਾਇਕ ਹੋ ਸਕਦਾ ਸੀ। ਨੌਵੇਂ ਗੁਰੂ ਜੀ ਨੇ ਮਾਲਵੇ ਵਿਚ ਦੌਰੇ ਕਰ ਕੇ ਉੱਥੇ ਵੀ ਸਿੱਖ ਸੰਗਤਾਂ ਨੂੰ ਸੁਚੇਤ ਕਰਨ ਦਾ ਕੰਮ ਕੀਤਾ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਿਛੋਂ ਕੇਵਲ ਨੌਵੇਂ ਗੁਰੂ ਜੀ ਹੀ ਹਨ, ਜੋ ਪੰਜਾਬੋਂ ਬਾਹਰ ਗਏ ਅਤੇ ਬਨਾਰਸ, ਪਟਨਾ ਅਤੇ ਢਾਕੇ ਆਦਿ ਥਾਵਾਂ ਵਿਚ ਸਿੱਖ ਸੰਗਤਾਂ ਪੱਕੀ ਤਰ੍ਹਾਂ ਕਾਇਮ ਕੀਤੀਆਂ। ਇਹ ਸਾਰਾ ਪ੍ਰਚਾਰ ਔਰੰਗਜ਼ੇਬ ਨੂੰ ਸੁਖਾਉਂਦਾ ਨਹੀਂ ਸੀ। ਪਰ ਗੁਰੂ ਜੀ ਆਪਣਾ ਫ਼ਰਜ਼ ਸਮਝਦੇ ਸਨ ਕਿ ਜੁਲਮ ਹੇਠਾਂ ਦੱਬੇ ਹੋਏ ਲੋਕਾਂ ਵਿਚ ਆਪਣੇ ਵਿਸ਼ਵਾਸਾਂ ਲਈ ਕੁਰਬਾਨੀ ਦਾ ਮਾਦਾ ਉਭਰੇ ਅਤੇ ਉਹ ਇਸ ਵਿਚ ਕਾਮਯਾਬ ਹੋਏ। ਭਾਈ ਦਿਆਲ ਦਾਸ ਜੀ, ਭਾਈ ਮਤੀ ਦਾਸ ਜੀ ਅਤੇ ਭਾਈ ਸਤੀ ਦਾਸ ਜੀ ਨੇ ਅਕਹਿ ਕਸ਼ਟ ਸਹਾਰ ਕੇ ਜਾਨ ਕੁਰਬਾਨ ਕਰ ਦਿੱਤੀ ਪਰ ਧਰਮ ਨਾ ਤਿਆਗਿਆ। ਇਸ ਸ਼ਹੀਦੀ ਦੀ ਸਪਿਰਿਟ ਨੂੰ ਬੜ੍ਹਾਵਾ ਦੇਣ ਲਈ ਹੀ ਉਨ੍ਹਾਂ ਆਪ ਵੀ ਤਸੀਹੇ ਸਹਾਰ ਕੇ ਅਪਣਾ ਸੀਸ ਦੇ ਦਿਤਾ:

ਧਰਮ ਹੇਤ ਸਾਕਾ ਜਿਨਿ ਕੀਆ॥
ਸੀਸੁ ਦੀਆ ਪਰ ਸਿਰਰੁ ਨ ਦੀਆ॥ *(ਬਚਿਤ੍ਰ ਨਾਟਕ)*

ਇਸ ਸ਼ਹੀਦੀ ਦਾ ਸਿੱਟਾ ਵੀ ਔਰੰਗਜ਼ੇਬ ਦੀ ਆਸ ਦੇ ਉਲਟ ਨਿਕਲਿਆ। ਸ਼ਹੀਦੀ ਨੇ ਖ਼ਾਲਸੇ ਨੂੰ ਜਨਮ ਦਿੱਤਾ, ਜਿਸ ਨੇ ਬੇਅੰਤ ਕੁਰਬਾਨੀਆਂ ਦੇ ਕੇ ਅੰਤ ਪੰਜਾਬ ਵਿੱਚੋਂ ਮੁਗਲ ਰਾਜ ਖ਼ਤਮ ਕਰ ਦਿਤਾ।

REFERENCES

੧. M. A. Macauliffe: *The Sikh Religion,* Vol. V

੨. Dr. Fauja Singh : *Guru Teg Bahadur.*

੩. ਭਾਈ ਕਾਨ੍ਹ ਸਿੰਘ ਜੀ : *ਗੁਰ ਸ਼ਬਦ ਰਤਨਾਕਰ ਮਹਾਨ ਕੋਸ਼*

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ

*-ਸ. ਪਰਮਜੀਤ ਸਿੰਘ 'ਸੁਚਿੰਤਨ'**

ਔਰੰਗਜ਼ੇਬ ਬਹੁਤ ਜ਼ਾਲਮ ਬਾਦਸ਼ਾਹ ਸੀ, ਉਸ ਨੇ ਧਰਮ ਦੀ ਆੜ੍ਹ ਥੱਲੇ ਸਿਆਸੀ ਤੌਰ 'ਤੇ ਬਹੁਤ ਜ਼ੁਲਮ ਕੀਤੇ। ਤਖ਼ਤ ਹਥਿਆਉਣ ਲਈ, ਆਪਣੇ ਦੋ ਭਰਾਵਾਂ (ਦਾਰਾ ਤੇ ਮੁਰਾਦ) ਦਾ ਕਤਲ ਕਰਵਾ ਦਿੱਤਾ ਤੇ ਇੱਕ ਭਰਾ (ਸ਼ੁਜਾਹ) ਨੂੰ ਦੇਸ਼ ਨਿਕਾਲਾ ਦੇ ਦਿੱਤਾ। ਆਪਣੀ ਭੈਣ ਰੌਸ਼ਨਆਰਾ ਨੂੰ ਥੋੜ੍ਹਾ-ਥੋੜ੍ਹਾ ਜ਼ਹਿਰ (Slow Poisioning) ਦੇ ਕੇ ਮਾਰ ਦਿੱਤਾ। ਆਪਣੇ ਪਿਤਾ ਸ਼ਾਹਜਹਾਂ ਨੂੰ ਉਸਦੇ ਅੰਤਿਮ ਸਮੇਂ ਤਕ ਕੈਦ ਕਰ ਕੇ ਰੱਖਿਆ ਤੇ ਤਸੀਹੇ ਦਿੰਦਾ ਰਿਹਾ। ਇੱਥੋਂ ਤਕ ਕਿ ਉਸ ਨੇ ਸੂਫ਼ੀ ਫ਼ਕੀਰਾਂ ਨੂੰ ਵੀ ਨਹੀਂ ਬਖ਼ਸ਼ਿਆ। ਹਿੰਦੂਆਂ 'ਤੇ ਪੂਰੀ ਸਖ਼ਤੀ ਸ਼ੁਰੂ ਹੋ ਗਈ। ਮੰਦਿਰ ਢਾਹ ਕੇ ਮਸੀਤਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ। ਹਿੰਦੂਆਂ 'ਤੇ ਜਜ਼ੀਆ (ਸਪੈਸ਼ਲ ਟੈਕਸ) ਲਾ ਦਿੱਤਾ ਗਿਆ। ਹਿੰਦੂਆਂ ਦੇ ਧਾਰਮਿਕ ਇੱਕਠਾਂ 'ਤੇ ਪਾਬੰਦੀਆਂ ਲਾ ਦਿੱਤੀਆਂ ਗਈਆਂ। ਹੁਣ ਹਿੰਦੂ ਕੋਈ ਧਾਰਮਿਕ ਇਕੱਠ ਵੀ ਨਹੀਂ ਸਨ ਕਰ ਸਕਦੇ।

ਇਧਰ ਹਿੰਦੂ ਧਰਮ ਦੇ ਆਗੂ ਜਾਂ ਤਾਂ ਬ੍ਰਾਹਮਣ ਸਨ ਜਾਂ ਫਿਰ ਸ਼ਸਤ੍ਰਧਾਰੀ ਰਾਜਪੂਤ ਖੱਤਰੀ। ਇਹ ਰਾਜਪੂਤ ਤਾਂ ਮੁਗਲਾਂ ਦਾ ਹੱਥ ਠੋਕਾ ਬਣ ਕੇ, ਓਹਨਾਂ ਦੇ ਨਾਲ ਹੀ ਰੱਲ ਗਏ ਸਨ ਅਤੇ ਬ੍ਰਾਹਮਣਾਂ ਨੇ ਅਨਪੜ੍ਹ ਤੇ ਭੋਲੇ-ਭਾਲੇ ਹਿੰਦੂਆਂ ਨੂੰ ਫੋਕੇ ਕਰਮ-ਕਾਂਡਾਂ, ਪਾਖੰਡਾਂ ਤੇ ਵਹਿਮਾਂ-ਭਰਮਾਂ ਦੇ ਜਾਲ 'ਚ ਫਸਾ ਕੇ, ਆਪਣੇ ਆਪ ਨੂੰ, ਆਪਣੀ ਰੋਜ਼ੀ-ਰੋਟੀ ਕਮਾਉਣ ਤਕ ਹੀ ਸੀਮਿਤ ਕਰ ਲਿਆ ਸੀ। ਇਨ੍ਹਾਂ ਹਾਲਾਤਾਂ 'ਚ ਸਮੁੱਚਾ ਹਿੰਦੂ ਸਮਾਜ ਆਗੂਹੀਣ ਬਣ ਚੁੱਕਾ ਸੀ।

ਕਸ਼ਮੀਰੀ ਪੰਡਿਤਾਂ ਦਾ ਸ੍ਰੀ ਅਨੰਦਪੁਰ ਸਾਹਿਬ ਆਉਣਾ:

ਉਸ ਸਮੇਂ ਕਸ਼ਮੀਰ ਪੰਡਿਤਾਂ ਦਾ ਬੜਾ ਵੱਡਾ ਗੜ੍ਹ ਸੀ। ਇੱਥੇ ਬਹੁਤ ਵਿਦਵਾਨ ਪੰਡਿਤ ਰਹਿੰਦੇ ਸਨ। ਸੰਨ ੧੬੭੪ ਈ. 'ਚ, ਜਦੋਂ ਔਰੰਗਜ਼ੇਬ ਨੇ ਇਹ ਫੈਸਲਾ ਕੀਤਾ ਕਿ ਹਿੰਦੂਆਂ ਨੂੰ ਮੁਸਲਮਾਨ ਬਣਾਉਣਾ ਹੈ ਤਾਂ ਉਸ ਨੇ ਇਸ ਕੰਮ ਲਈ ਕਸ਼ਮੀਰ ਨੂੰ ਹੀ ਚੁਣਿਆ। ਇਸ ਦੇ ਕਈ ਕਾਰਨ ਸਨ। ਪਹਿਲਾ ਇਹ ਕਿ ਉਸ ਨੂੰ ਲੱਗਦਾ ਸੀ ਕਿ ਜੇ ਕਸ਼ਮੀਰੀ ਪੰਡਿਤ ਇਸਲਾਮ ਕਬੂਲ ਕਰ ਲੈਣਗੇ ਤਾਂ ਬਾਕੀ ਹਿੰਦੂਆਂ ਨੂੰ ਮੁਸਲਮਾਨ ਬਣਾਉਣਾ ਸੌਖਾ ਹੋ ਜਾਵੇਗਾ। ਦੂਜਾ ਇਹ ਕਿ ਬ੍ਰਾਹਮਣ ਲੋਕ ਪੂਜਾ ਦਾ ਧਾਨ ਖਾਣ ਵਾਲੇ ਲੋਕ ਹਨ। ਇਨ੍ਹਾਂ ਅੰਦਰ ਲੜਨ ਦੀ ਸ਼ਕਤੀ ਨਹੀਂ ਹੁੰਦੀ। ਇਸ ਲਈ ਇਨ੍ਹਾਂ ਨੂੰ ਡਰਾ-ਧਮਕਾਅ ਕੇ ਜਾਂ ਲਾਲਚ ਦੇ ਕੇ ਇਸਲਾਮ ਵੱਲ ਜਲਦੀ ਪ੍ਰੇਰਿਤ ਕੀਤਾ ਜਾ ਸਕਦਾ ਹੈ ਤੇ ਤੀਜਾ ਇਹ ਕਿ ਕਸ਼ਮੀਰ ਦੀਆਂ ਹੱਦਾਂ ਬਹੁਤ ਸਾਰੇ ਦੇਸ਼ਾਂ ਤੇ ਰਾਜਾਂ ਨਾਲ ਲੱਗਦੀਆਂ ਹਨ,

* *੭੬, ਫੇਜ਼-੩, ਅਰਬਨ ਅਸਟੇਟ, ਦੁੱਗਰੀ, ਲੁਧਿਆਣਾ-੧੪੧੦੧੩, ਮੋ. ੯੭੭੯੧੨੪੫੦੦*

ਇਸ ਲਈ ਇੱਥੋਂ ਦੇ ਵਸਨੀਕਾਂ ਨੂੰ ਮੁਸਲਮਾਨ ਬਣਾਉਣ ਨਾਲ ਇਸਲਾਮ ਦਾ ਪ੍ਰਭਾਵ ਸੰਸਾਰ ਪੱਧਰ 'ਤੇ ਤੇਜ਼ੀ ਨਾਲ ਵਧੇਗਾ।

ਔਰੰਗਜ਼ੇਬ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ, ਉਸ ਸਮੇਂ ਦੇ ਕਸ਼ਮੀਰ ਦੇ ਗਵਰਨਰ ਇਫ਼ਤਿਖ਼ਾਰ ਖ਼ਾਨ ਨੇ ਕਸ਼ਮੀਰੀ ਪੰਡਿਤਾਂ 'ਤੇ ਬਹੁਤ ਜ਼ੁਲਮ ਢਾਹੇ। ਇਨ੍ਹਾਂ ਪੰਡਿਤਾਂ ਨੂੰ ਜ਼ਬਰੀ ਮੁਸਲਮਾਨ ਬਣਾ ਦਿੱਤਾ ਜਾਂਦਾ ਸੀ, ਉਨ੍ਹਾਂ ਦੇ ਜੰਞੂ ਲਾਹ ਦਿੱਤੇ ਜਾਂਦੇ ਸਨ ਅਤੇ ਉਨ੍ਹਾਂ ਨੂੰ ਹਿੰਦੂ ਪਰੰਪਰਾ ਤੇ ਰੀਤੀ-ਰਿਵਾਜ ਅਨੁਸਾਰ ਪੂਜਾ-ਪਾਠ ਨਹੀਂ ਸੀ ਕਰਨ ਦਿੱਤਾ ਜਾਂਦਾ। ਕਿਹਾ ਜਾਂਦਾ ਹੈ ਕਿ ਰੋਜ਼ਾਨਾ ਇੰਨੇ ਪੰਡਿਤਾਂ ਨੂੰ ਮੁਸਲਮਾਨ ਬਣਾਇਆ ਜਾਂਦਾ ਸੀ ਕਿ ਉਨ੍ਹਾਂ ਦੇ ਲੱਖੇ ਜੰਞੂਆਂ ਦਾ ਭਾਰ ਸਵਾ ਮਣ ਹੋ ਜਾਂਦਾ ਸੀ। ਉਨ੍ਹਾਂ ਦਿਨਾਂ 'ਚ ਇਹ ਗੱਲ ਵੀ ਪ੍ਰਚਲਿਤ ਸੀ ਕਿ ਔਰੰਗਜ਼ੇਬ ਸਵਾ ਮਣ ਜੰਞੂ ਲਾਹ ਕੇ ਹੀ ਭੋਜਨ ਕਰਦਾ ਸੀ। ਜਿਹੜਾ ਪੰਡਿਤ ਔਰੰਗਜ਼ੇਬ ਦਾ ਹੁਕਮ ਨਹੀਂ ਸੀ ਮੰਨਦਾ, ਉਸ ਨੂੰ ਤਸੀਹੇ ਦੇ ਕੇ ਕਤਲ ਕਰ ਦਿੱਤਾ ਜਾਂਦਾ ਸੀ।

ਕਸ਼ਮੀਰੀ ਪੰਡਿਤਾਂ ਨੇ ਔਰੰਗਜ਼ੇਬ ਦੇ ਜ਼ੁਲਮਾਂ ਤੋਂ ਦੁਖੀ ਹੋ ਕੇ, ਇਨ੍ਹਾਂ ਹਾਲਾਤਾਂ ਦਾ ਹੱਲ ਲੱਭਣ ਲਈ ਵਿਚਾਰ-ਵਟਾਂਦਰਾ ਕੀਤਾ। ਪੰਡਿਤ ਕਿਰਪਾ ਰਾਮ ਜੀ ਨੇ ਸਲਾਹ ਦਿੱਤੀ ਕਿ ਔਰੰਗਜ਼ੇਬ ਦੇ ਜ਼ੁਲਮਾਂ ਤੋਂ ਸਾਨੂੰ ਜੇ ਕੋਈ ਬਚਾ ਸਕਦਾ ਹੈ ਤਾਂ ਨੌਵੇਂ ਗੁਰੂ ਨਾਨਕ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਹੀ ਬਚਾ ਸਕਦੇ ਹਨ। ਸਾਰਿਆਂ ਦੇ ਵਿਚਾਰ ਸੁਣ ਕੇ, ਇਹ ਫ਼ੈਸਲਾ ਕੀਤਾ ਗਿਆ ਕਿ ਪੰਡਿਤ ਕਿਰਪਾ ਰਾਮ ਜੀ ਦੀ ਅਗਵਾਈ 'ਚ, ਪੰਡਿਤਾਂ ਦਾ ਇੱਕ ਵਫ਼ਦ (ਜਥਾ) ਲੈ ਕੇ, ਸ੍ਰੀ ਅਨੰਦਪੁਰ ਸਾਹਿਬ ਜਾਇਆ ਜਾਵੇ ਅਤੇ ਉੱਥੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਦਰਬਾਰ 'ਚ ਹਾਜ਼ਰ ਹੋ ਕੇ, ਗੁਰੂ ਸਾਹਿਬ ਜੀ ਦੇ ਚਰਨਾਂ 'ਚ ਬੇਨਤੀ ਕੀਤੀ ਜਾਵੇ ਕਿ ਸਤਿਗੁਰੂ ਜੀ! ਸਾਨੂੰ ਔਰੰਗਜ਼ੇਬ ਦੇ ਜ਼ੁਲਮਾਂ ਤੋਂ ਬਚਾਅ ਲਓ। ਕੀਤੇ ਗਏ ਫ਼ੈਸਲੇ ਅਨੁਸਾਰ, ਪੰਡਿਤ ਕਿਰਪਾ ਰਾਮ ਜੀ ਦੀ ਅਗਵਾਈ 'ਚ, ਕਸ਼ਮੀਰੀ ਪੰਡਿਤਾਂ ਦਾ ਇੱਕ ਵਫ਼ਦ (ਜਥਾ) ਸ੍ਰੀ ਅਨੰਦਪੁਰ ਸਾਹਿਬ ਪਹੁੰਚਿਆ।

ਮਿਤੀ ੨੫ ਮਈ, ੧੬੭੫ ਈ. ਨੂੰ, ਪੰਡਿਤ ਕਿਰਪਾ ਰਾਮ ਤੇ ਹੋਰ ਬਹੁਤ ਸਾਰੇ ਕਸ਼ਮੀਰੀ ਪੰਡਿਤ, ਆਪਣੀ ਫ਼ਰਿਆਦ ਲੈ ਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਦਰਬਾਰ 'ਚ ਹਾਜ਼ਰ ਹੋਏ ਅਤੇ ਆਪਣਾ ਦੁੱਖ ਦੱਸਿਆ। ਗੁਰੂ ਸਾਹਿਬ ਜੀ ਨੇ ਕਸ਼ਮੀਰੀ ਪੰਡਿਤਾਂ ਦਾ ਦੁੱਖ ਬਹੁਤ ਧਿਆਨ ਨਾਲ ਸੁਣਿਆ ਅਤੇ ਉਨ੍ਹਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ। ਫਿਰ, ਗੁਰੂ ਸਾਹਿਬ ਜੀ ਕਹਿਣ ਲੱਗੇ ਕਿ ਜੇ ਕੋਈ ਮਹਾਂਪੁਰਖ ਆਪਣੀ ਸ਼ਹਾਦਤ ਦੇਣ ਲਈ ਤਿਆਰ ਹੋ ਜਾਵੇ ਤਾਂ ਇਸ ਸੰਕਟ ਦਾ ਹੱਲ ਨਿਕਲ ਸਕਦਾ ਹੈ।

ਗੁਰੂ ਸਾਹਿਬ ਜੀ ਦੇ ਇਹ ਬਚਨ ਸੁਣ ਕੇ, ਕੋਲ ਬੈਠੇ ੯ ਸਾਲਾਂ ਦੇ ਬਾਲਕ ਗੋਬਿੰਦ ਰਾਇ ਜੀ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਕਹਿਣ ਲੱਗੇ ਕਿ ਗੁਰੂ ਪਿਤਾ ਜੀ! ਆਪ ਜੀ ਤੋਂ ਵੱਡਾ ਮਹਾਂਪੁਰਖ ਇਸ ਸੰਸਾਰ 'ਚ ਹੋਰ ਕੌਣ ਹੋ ਸਕਦਾ ਹੈ? ਇਹ ਗੱਲ ਸੁਣ ਕੇ, ਉੱਥੇ ਹਾਜ਼ਰ ਸਿੱਖ-ਸੰਗਤਾਂ ਅੰਦਰ ਸੰਨਾਟਾ ਛਾ ਗਿਆ। ਪਰ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ

ਮੁਸਕੁਰਾ ਪਏ ਅਤੇ ਕਸ਼ਮੀਰੀ ਪੰਡਿਤਾਂ ਨੂੰ ਕਹਿਣ ਲੱਗੇ ਕਿ ਤੁਸੀਂ ਔਰੰਗਜ਼ੇਬ ਬਾਦਸ਼ਾਹ ਤਕ ਇਹ ਸੁਨੇਹਾ ਪਹੁੰਚਾ ਦਿਓ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਸਾਡੇ ਰਹਿਬਰ ਹਨ, ਜੇ ਉਹ ਇਸਲਾਮ ਕਬੂਲ ਕਰ ਲੈਣ ਤਾਂ ਅਸੀਂ ਸਾਰੇ ਵੀ ਇਸਲਾਮ ਕਬੂਲ ਕਰ ਲਵਾਂਗੇ। ਇੰਝ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਔਰੰਗਜ਼ੇਬ ਦੇ ਜ਼ੁਲਮਾਂ ਨੂੰ ਠੱਲ੍ਹ ਪਾਉਣ ਲਈ, ਉਸ ਨੂੰ ਵੰਗਾਰਿਆ।

ਕਸ਼ਮੀਰੀ ਪੰਡਿਤਾਂ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸੁਨੇਹਾ, ਔਰੰਗਜ਼ੇਬ ਤਕ ਪਹੁੰਚਾ ਦਿੱਤਾ। ਜਦੋਂ ਔਰੰਗਜ਼ੇਬ ਨੂੰ ਸਾਰੀ ਗੱਲ ਦਾ ਪਤਾ ਲੱਗਾ ਤਾਂ ਉਹ ਬਹੁਤ ਖੁਸ਼ ਹੋਇਆ। ਉਸ ਨੂੰ ਲੱਗਾ ਕਿ ਇਹ ਤਾਂ ਕੰਮ ਹੀ ਬਹੁਤ ਸੌਖਾ ਹੋ ਗਿਆ ਹੈ। ਮੈਂ ਤਾਂ ਸਾਰੇ ਕਸ਼ਮੀਰੀ ਪੰਡਿਤਾਂ ਨੂੰ ਮੁਸਲਮਾਨ ਬਣਾਉਣ ਲਈ ਜ਼ੋਰ ਲਾ ਰਿਹਾ ਸੀ। ਹੁਣ ਤਾਂ ਸਿਰਫ਼ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਹੀ ਮੁਸਲਮਾਨ ਬਣਾਉਣਾ ਹੈ। ਜੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਇਸਲਾਮ ਕਬੂਲ ਕਰ ਲਿਆ ਤਾਂ ਕਸ਼ਮੀਰੀ ਪੰਡਿਤ ਤਾਂ ਆਪਣੇ ਆਪ ਹੀ ਮੁਸਲਮਾਨ ਬਣ ਜਾਣਗੇ। ਸਾਰੇ ਕਸ਼ਮੀਰੀ ਪੰਡਿਤਾਂ ਨੂੰ ਮੁਸਲਮਾਨ ਬਣਾਉਣ ਨਾਲੋਂ, ਇਕੱਲੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਇਸਲਾਮ ਕਬੂਲ ਕਰਵਾਉਣਾ ਕਿਤੇ ਸੌਖਾ ਹੈ।

ਬੱਸ, ਫਿਰ ਕੀ ਸੀ, ਹੁਕਮ ਜਾਰੀ ਕਰ ਦਿੱਤਾ ਗਿਆ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਗ੍ਰਿਫ਼ਤਾਰ ਕਰ ਕੇ, ਦਿੱਲੀ ਲਿਆਂਦਾ ਜਾਵੇ। ਇਧਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਆਪਣੀ ਸ਼ਹਾਦਤ ਦੇਣ ਲਈ, ਬਾਲਕ ਗੋਬਿੰਦ ਰਾਇ ਨੂੰ ਸ੍ਰੀ ਅਨੰਦਪੁਰ ਸਾਹਿਬ ਜੀ ਦੀ ਸਮੁੱਚੀ ਜ਼ਿੰਮੇਵਾਰੀ ਸੌਂਪ ਕੇ ਤੇ ਕੁਝ-ਕੁ ਸਿੱਖਾਂ ਨੂੰ ਨਾਲ ਲੈ ਕੇ, ੧੧ ਹਾੜ ਸੰਮਤ ੧੭੩੨ (ਸੰਨ ੧੬੭੫ ਈ.) ਨੂੰ ਸ੍ਰੀ ਅਨੰਦਪੁਰ ਸਾਹਿਬ ਤੋਂ ਚੱਲ ਪਏ।

ਗੁਰੂ ਸਾਹਿਬ ਜੀ ਦੀ ਗ੍ਰਿਫ਼ਤਾਰੀ:

ਸ੍ਰੀ ਅਨੰਦਪੁਰ ਸਾਹਿਬ ਤੋਂ ਚੱਲ ਕੇ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਕੀਰਤਪੁਰ ਸਾਹਿਬ, ਭਰਤਗੜ੍ਹ, ਰੋਪੜ, ਸੈਫ਼ਾਬਾਦ (ਹੁਣ ਬਹਾਦਰਗੜ੍ਹ, ਜ਼ਿਲ੍ਹਾ ਪਟਿਆਲਾ), ਪਟਿਆਲਾ, ਸਮਾਣਾ, ਚੀਕਾ, ਕੈਥਲ, ਧਮਤਾਨ ਸਾਹਿਬ, ਜੀਂਦ, ਲਾਖਨ ਮਾਜਰਾ ਤੇ ਰੋਹਤਕ ਹੁੰਦੇ ਹੋਏ, ਆਗਰੇ ਪਹੁੰਚੇ। ਇੱਥੇ ਹੀ ਗੁਰੂ ਸਾਹਿਬ ਜੀ ਨੇ ਆਪਣੀ ਗ੍ਰਿਫ਼ਤਾਰੀ ਦਿੱਤੀ। ਗੁਰੂ ਸਾਹਿਬ ਜੀ ਨੂੰ ਆਗਰੇ ਵਿਖੇ ਗ੍ਰਿਫ਼ਤਾਰ ਕਰਕੇ, ਇੱਥੇ ਹੀ ੯ ਦਿਨ ਨਜ਼ਰਬੰਦ ਕਰ ਕੇ ਰੱਖਿਆ ਗਿਆ। ਜਿਸ ਅਸਥਾਨ 'ਤੇ ਗੁਰੂ ਸਾਹਿਬ ਜੀ ਨੂੰ ਨਜ਼ਰਬੰਦ ਕਰ ਕੇ ਰੱਖਿਆ ਗਿਆ, ਉਸ ਅਸਥਾਨ 'ਤੇ ਸੁੰਦਰ ਗੁਰਦੁਆਰਾ 'ਗੁਰੂ ਕਾ ਤਾਲ' ਸੁਭਾਇਮਾਨ ਹੈ। ਇੱਥੋਂ ਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਭਾਰੀ ਫੌਜ ਦੀ ਨਿਗਰਾਨੀ ਹੇਠ, ਦਿੱਲੀ ਵਿਖੇ ਲਿਆਂਦਾ ਗਿਆ।

ਕੁਝ ਇਤਿਹਾਸਕਾਰ ਲਿਖਦੇ ਹਨ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਤੇ ਤਿੰਨਾਂ ਸਿੱਖਾਂ (ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ) ਨੂੰ ਰੋਪੜ ਦੇ ਨੇੜੇ ਮਲਕਪੁਰ ਰੰਘੜਾ ਪਿੰਡ ਤੋਂ ਗ੍ਰਿਫ਼ਤਾਰ ਕੀਤਾ ਗਿਆ ਤੇ ਕੁਝ ਦਿਨ

ਸਰਹੰਦ ਦੇ ਸੂਬੇਦਾਰ ਕੋਲ ਕੈਦ 'ਚ ਰੱਖਣ ਤੋਂ ਬਾਅਦ, ਬੱਸੀ ਪਠਾਣਾਂ ਦੀ ਜੇਲ੍ਹ 'ਚ ਕੈਦ ਕਰ ਦਿੱਤਾ ਗਿਆ। ਚਾਰ ਮਹੀਨੇ ਕੈਦ 'ਚ ਰੱਖਣ ਤੋਂ ਬਾਅਦ, ਗੁਰੂ ਸਾਹਿਬ ਜੀ ਨੂੰ ਲੋਹੇ ਦੇ ਪਿੰਜਰੇ 'ਚ ਬੰਦ ਕਰ ਕੇ, ਭਾਰੀ ਪਹਿਰੇ ਹੇਠ ਦਿੱਲੀ ਲਿਆਂਦਾ ਗਿਆ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਜਦੋਂ ਦਿੱਲੀ ਲਿਆਂਦਾ ਗਿਆ ਤਾਂ ਔਰੰਗਜ਼ੇਬ ਦਿੱਲੀ 'ਚ ਨਹੀਂ ਸੀ। ਉਹ ਹਸਨ ਅਬਦਾਲ ਦੇ ਇਲਾਕੇ 'ਚ ਗਿਆ ਹੋਇਆ ਸੀ। ਔਰੰਗਜ਼ੇਬ ਦੇ ਹੁਕਮ ਅਨੁਸਾਰ, ਦਿੱਲੀ ਦੇ ਸ਼ਾਹੀ ਕਾਜ਼ੀ ਅਬਦੁੱਲ ਵਹਾਬ ਵੱਲੋਂ ਗੁਰੂ ਸਾਹਿਬ ਜੀ ਸਾਹਮਣੇ ਤਿੰਨ ਸ਼ਰਤਾਂ ਰੱਖੀਆਂ ਗਈਆਂ। ਇਸਲਾਮ ਕਬੂਲ ਕਰ ਲਓ ਜਾਂ ਕਰਾਮਾਤ ਦਿਖਾ ਦਿਓ, ਨਹੀਂ ਤਾਂ ਸ਼ਹੀਦ ਹੋਣ ਲਈ ਤਿਆਰ ਹੋ ਜਾਓ। ਗੁਰੂ ਸਾਹਿਬ ਜੀ ਨੂੰ ਇਹ ਵੀ ਕਿਹਾ ਗਿਆ ਕਿ ਸਿਆਣਪ ਇਸੇ ਵਿਚ ਹੁੰਦੀ ਹੈ ਕਿ ਸਮੇਂ ਦੀ ਹਕੂਮਤ ਦੀ "ਹਾਂ" ਵਿਚ "ਹਾਂ" ਮਿਲਾ ਕੇ ਸੁੱਖ ਭੋਗੇ ਜਾਣ। ਸਿਆਣੇ ਲੋਕ ਸਮੇਂ ਦੀਆਂ ਹਕੂਮਤਾਂ ਦਾ ਪੱਖ ਲੈਂਦੇ ਹਨ ਅਤੇ ਉਨ੍ਹਾਂ ਖ਼ਿਲਾਫ਼ ਨਹੀਂ ਅੜਦੇ। ਤੁਸੀਂ ਵੀ ਔਰੰਗਜ਼ੇਬ ਦੇ ਕਹੇ ਅਨੁਸਾਰ ਚੱਲ ਕੇ ਦੁਨਿਆਵੀ ਸੁੱਖ ਭੋਗ ਸਕਦੇ ਹੋ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਅੱਗੋਂ ਜੁਆਬ ਦਿੱਤਾ ਕਿ ਸਾਡੇ ਲਈ ਆਪਣਾ ਧਰਮ ਪਿਆਰਾ ਹੈ, ਧਰਮ ਤਿਆਗਣਾ ਤਾਂ ਬਹੁਤ ਦੂਰ ਦੀ ਗੱਲ ਹੈ, ਇਸ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ। ਦੁਨਿਆਵੀ ਸੁੱਖ ਤਾਂ ਸੁਪਨੇ ਦੀ ਨਿਆਈਂ ਹਨ, ਪਲਾਂ ਵਿਚ ਹੀ ਖ਼ਤਮ ਹੋ ਜਾਂਦੇ ਹਨ। ਜਿਥੋਂ ਤਕ ਕਰਾਮਾਤ ਦਿਖਾਉਣ ਦੀ ਗੱਲ ਹੈ, ਕਰਾਮਾਤ ਤਾਂ ਕਹਿਰ ਦਾ ਨਾਮ ਹੈ। ਕਰਾਮਾਤ ਦਿਖਾਉਣੀ, ਉਸ ਅਕਾਲ ਪੁਰਖੁ ਦੀ ਰਜ਼ਾ ਤੋਂ ਮੁਨਕਰ ਹੋਣ ਸਮਾਨ ਹੈ ਅਤੇ ਗੁਰਮਤਿ ਆਸ਼ੇ ਦੇ ਉਲਟ ਹੈ। ਸਾਨੂੰ ਰੱਬ ਦੀ ਰਜ਼ਾ 'ਚ ਰਹਿਣ ਦਾ ਹੁਕਮ ਹੈ। ਰਹੀ ਗੱਲ ਮੌਤ ਨੂੰ ਕਬੂਲ ਕਰਨ ਦੀ ਤਾਂ ਮੌਤ ਤੋਂ ਤਾਂ ਅੱਜ ਤਕ ਨਾ ਅਸੀਂ ਕਦੇ ਡਰੇ ਹਾਂ ਤੇ ਨਾ ਹੀ ਕਦੇ ਡਰਾਂਗੇ। ਧਰਮ ਦੀ ਰੱਖਿਆ ਕਰਨ ਖ਼ਾਤਰ ਤੇ ਜ਼ੁਲਮ ਨੂੰ ਮਿਟਾਉਣ ਲਈ, ਆਪਣੀ ਸ਼ਹਾਦਤ ਵੀ ਦੇਣੀ ਪਈ ਤਾਂ ਵੀ ਅਸੀਂ ਕਦੇ ਪਿੱਛੇ ਨਹੀਂ ਹਟਾਂਗੇ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਪਾਸੋਂ ਇਹ ਗੱਲ ਸੁਣ ਕੇ, ਮੁਗ਼ਲ ਹਕੂਮਤ ਨੇ ਕਾਜ਼ੀ ਦੀ ਸਲਾਹ ਨਾਲ ਗੁਰੂ ਸਾਹਿਬ ਜੀ ਨੂੰ ਸ਼ਹੀਦ ਕਰਨ ਦਾ ਹੁਕਮ ਜਾਰੀ ਕਰ ਦਿੱਤਾ। ਗੁਰੂ ਸਾਹਿਬ ਜੀ ਨੂੰ ਪਿੰਜਰੇ 'ਚ ਕੈਦ ਕਰ ਦਿੱਤਾ ਗਿਆ। ਪਿੰਜਰਾ ਵੀ ਇਹੋ ਜਿਹਾ, ਜਿਸ ਵਿੱਚ ਨਾ ਤਾਂ ਖੜ੍ਹਾ ਹੋਇਆ ਜਾ ਸਕਦਾ ਸੀ ਤੇ ਨਾ ਹੀ ਲੇਟਿਆ ਜਾ ਸਕਦਾ ਸੀ। ਸ਼ਹੀਦ ਕਰਨ ਤੋਂ ਪਹਿਲਾਂ ਗੁਰੂ ਸਾਹਿਬ ਜੀ ਨੂੰ ਲਾਲਚ, ਡਰ ਤੇ ਭਾਰੀ ਤਸੀਹੇ ਦਿੱਤੇ ਗਏ ਤਾਂ ਜੋ ਉਹ ਆਪਣਾ ਫੈਸਲਾ ਬਦਲ ਲੈਣ ਤੇ ਇਸਲਾਮ ਕਬੂਲ ਕਰ ਲੈਣ। ਪਰ, ਗੁਰੂ ਸਾਹਿਬ ਜੀ ਆਪਣੇ ਫ਼ੈਸਲੇ 'ਤੇ ਅਡਿੱਗ ਸਨ।

ਮੁਗ਼ਲ ਹਕੂਮਤ ਵੱਲੋਂ, ਮਿਤੀ ੧੧ ਨਵੰਬਰ, ੧੬੭੫ ਵਾਲੇ ਦਿਨ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਚਾਂਦਨੀ ਚੌਂਕ, ਦਿੱਲੀ ਵਿਖੇ ਸ਼ਹੀਦ ਕਰਨ ਦਾ ਫੈਸਲਾ ਕੀਤਾ ਗਿਆ। ਔਰੰਗਜ਼ੇਬ ਵੱਲੋਂ ਆਮ ਲੋਕਾਂ ਅੰਦਰ ਡਰ ਤੇ ਖ਼ੌਫ਼ ਦਾ ਮਾਹੌਲ ਪੈਦਾ ਕਰਨ ਲਈ,

ਸਾਰੇ ਸ਼ਹਿਰ ਅੰਦਰ ਗੁਰੂ ਸਾਹਿਬ ਜੀ ਦੀ ਸ਼ਹਾਦਤ ਸੰਬੰਧੀ ਮੁਨਾਦੀ ਕਰਵਾਈ ਗਈ ਤਾਂ ਜੋ ਉਸ ਦਿਨ ਵੱਧ ਤੋਂ ਵੱਧ ਲੋਕ ਆ ਕੇ ਆਪਣੀਆਂ ਅੱਖਾਂ ਨਾਲ ਦੇਖ ਲੈਣ ਕਿ ਇਸਲਾਮ ਕਬੂਲ ਨਾ ਕਰਕੇ, ਔਰੰਗਜ਼ੇਬ ਦੀ ਗੱਲ ਨਾ ਮੰਨਣ ਦਾ ਕੀ ਹਸ਼ਰ ਹੁੰਦਾ ਹੈ। ਹੁਕਮ-ਅਦੂਲੀ ਕਰਨ ਵਾਲਿਆਂ ਨੂੰ ਕਿਵੇਂ ਤਸੀਹੇ ਦੇ-ਦੇ ਕੇ ਸ਼ਹੀਦ ਕਰ ਦਿੱਤਾ ਜਾਂਦਾ ਹੈ।

ਉਸ ਦਿਨ ਦਿੱਲੀ ਦੇ ਚਾਂਦਨੀ ਚੌਂਕ ਇਲਾਕੇ 'ਚ, ਦੇਖਣ ਵਾਲਿਆਂ ਦੀ ਭਾਰੀ ਭੀੜ ਜਮ੍ਹਾਂ ਸੀ। ਜਿਸ 'ਚ ਹਿੰਦੂ ਤੇ ਮੁਸਲਮਾਨ ਦੋਵੇਂ ਵੱਡੀ ਗਿਣਤੀ 'ਚ ਮੌਜੂਦ ਸਨ। ਗੁਰੂ ਸਾਹਿਬ ਜੀ ਨੂੰ ਭਿਆਨਕ ਮੌਤ ਦਾ ਡਰਾਵਾ ਦੇਣ ਲਈ, ਇੱਕ ਵਿਉਂਤ ਬਣਾਈ ਗਈ ਸੀ ਤੇ ਫ਼ੈਸਲਾ ਕੀਤਾ ਗਿਆ ਸੀ ਕਿ ਗੁਰੂ ਸਾਹਿਬ ਜੀ ਨੂੰ ਸ਼ਹੀਦ ਕਰਨ ਤੋਂ ਪਹਿਲਾਂ, ਗੁਰੂ ਸਾਹਿਬ ਜੀ ਦੇ ਪਿਆਰੇ ਕੁਝ ਸਿੱਖਾਂ ਨੂੰ ਤਸੀਹੇ ਦੇ-ਦੇ ਕੇ, ਗੁਰੂ ਸਾਹਿਬ ਜੀ ਦੇ ਸਾਹਮਣੇ ਸ਼ਹੀਦ ਕਰ ਦਿੱਤਾ ਜਾਵੇ। ਇੰਝ ਗੁਰੂ ਸਾਹਿਬ ਜੀ ਆਪਣੇ ਪਿਆਰੇ ਸਿੱਖਾਂ ਨੂੰ ਆਪਣੇ ਸਾਹਮਣੇ ਸ਼ਹੀਦ ਹੁੰਦਾ ਦੇਖ ਕੇ ਡੋਲ ਜਾਣਗੇ ਤੇ ਮੁਸਲਮਾਨ ਬਣਨਾ ਪ੍ਰਵਾਨ ਕਰ ਲੈਣਗੇ।

ਮਿਤੀ ੧੧ ਨਵੰਬਰ, ੧੬੭੫ ਈ. ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਕੋਤਵਾਲੀ ਤੋਂ ਬਾਹਰ ਲਿਆ ਕੇ, ਇੱਕ ਰੁੱਖ ਹੇਠ ਬਿਠਾ ਦਿੱਤਾ ਗਿਆ ਅਤੇ ਆਪ ਜੀ ਦੇ ਸਾਹਮਣੇ ਭਾਈ ਮਤੀ ਦਾਸ ਜੀ ਨੂੰ ਲਿਆਂਦਾ ਗਿਆ। ਭਾਈ ਮਤੀ ਦਾਸ ਜੀ ਨੂੰ ਹੱਥ-ਕੜੀਆਂ ਤੇ ਬੇੜੀਆਂ ਨਾਲ ਬੰਨ੍ਹਿਆ ਹੋਇਆ ਸੀ। ਕਾਜ਼ੀ ਨੇ ਭਾਈ ਮਤੀ ਦਾਸ ਜੀ ਨੂੰ ਕਿਹਾ ਕਿ ਇਸਲਾਮ ਕਬੂਲ ਕਰ ਲਓ, ਨਹੀਂ ਤਾਂ ਆਰੇ ਨਾਲ ਸਰੀਰ ਚੀਰ ਕੇ ਤੁਹਾਨੂੰ ਸ਼ਹੀਦ ਕਰ ਦਿੱਤਾ ਜਾਵੇਗਾ। ਭਾਈ ਮਤੀ ਦਾਸ ਜੀ ਨੇ ਧਰਮ ਤਿਆਗਣ ਦੀ ਥਾਂ ਸ਼ਹੀਦ ਹੋਣਾ ਪ੍ਰਵਾਨ ਕਰ ਲਿਆ। ਭਾਈ ਮਤੀ ਦਾਸ ਜੀ ਪਾਸੋਂ ਆਖ਼ਰੀ ਖਾਹਿਸ਼ ਪੁੱਛੀ ਤਾਂ ਆਪ ਜੀ ਨੇ ਕਿਹਾ ਕਿ ਜਦੋਂ ਮੇਰਾ ਸਰੀਰ ਚੀਰਿਆ ਜਾਵੇ ਤਾਂ ਮੇਰਾ ਮੁਖ ਮੇਰੇ ਸਤਿਗੁਰੂ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਵੱਲ ਹੋਵੇ। ਜੱਲਾਦਾਂ ਨੇ ਭਾਈ ਮਤੀ ਦਾਸ ਜੀ ਨੂੰ ਲੱਕੜੀ ਦੇ ਮੋਟੇ-ਮੋਟੇ ਫੱਟਿਆਂ 'ਚ ਜਕੜ ਕੇ ਬੰਨ੍ਹ ਦਿੱਤਾ ਤਾਂ ਜੋ ਉਹ ਹਿਲਜੁੱਲ ਨਾ ਸਕਣ। ਭਾਈ ਮਤੀ ਦਾਸ ਜੀ ਦਾ ਮੁੱਖ ਗੁਰੂ ਸਾਹਿਬ ਜੀ ਵੱਲ ਕਰ ਦਿੱਤਾ ਗਿਆ। ਜੱਲਾਦਾਂ ਨੇ ਭਾਈ ਮਤੀ ਦਾਸ ਜੀ ਦੇ ਸੀਸ 'ਤੇ ਆਰਾ ਰੱਖ ਕੇ ਚਲਾਉਣਾ ਸ਼ੁਰੂ ਕੀਤਾ ਤਾਂ ਭਾਈ ਮਤੀ ਦਾਸ ਜੀ ਨੇ ਜਪੁਜੀ ਸਾਹਿਬ ਜੀ ਦਾ ਪਾਠ ਕਰਨਾ ਸ਼ੁਰੂ ਕਰ ਦਿੱਤਾ। ਦੇਖਦਿਆਂ-ਦੇਖਦਿਆਂ ਹੀ ਭਾਈ ਮਤੀ ਦਾਸ ਜੀ ਦਾ ਸਰੀਰ ਦੋ-ਫਾੜ ਹੋ ਗਿਆ ਅਤੇ ਭਾਈ ਮਤੀ ਦਾਸ ਜੀ ਨੇ ਜਪੁਜੀ ਸਾਹਿਬ ਜੀ ਦੇ ਪਾਠ ਦੀ ਸੰਪੂਰਨਤਾ ਕਰ ਕੇ, ਆਪਣੇ ਸੁਆਸ ਤਿਆਗ ਦਿੱਤੇ। ਇਸ ਦੌਰਾਨ, ਗੁਰੂ ਸਾਹਿਬ ਜੀ ਸ਼ਾਂਤ ਚਿੱਤ ਹੋ ਕੇ ਅਡੋਲ ਬੈਠੇ ਰਹੇ।

ਭਾਈ ਸਤੀ ਦਾਸ ਜੀ ਦੀ ਵਾਰੀ ਆਈ (ਭਾਈ ਸਤੀ ਦਾਸ ਜੀ, ਭਾਈ ਮਤੀ ਦਾਸ ਜੀ ਦੇ ਭਰਾਤਾ ਸਨ)। ਭਾਈ ਸਤੀ ਦਾਸ ਜੀ ਨੂੰ ਵੀ ਉਹੀ ਕਿਹਾ ਗਿਆ ਕਿ ਇਸਲਾਮ ਕਬੂਲ ਕਰ ਲਓ ਜਾਂ ਫਿਰ ਸ਼ਹੀਦ ਹੋਣ ਲਈ ਤਿਆਰ ਹੋ ਜਾਓ। ਭਾਈ ਸਤੀ ਦਾਸ ਜੀ ਨੇ ਵੀ ਭਾਈ ਮਤੀ ਦਾਸ ਜੀ ਤੇ ਭਾਈ ਦਿਆਲਾ ਜੀ ਦੀ ਤਰ੍ਹਾਂ ਹੀ ਧਰਮ ਤਿਆਗਣ ਦੀ ਥਾਂ

ਸ਼ਹੀਦ ਹੋਣਾ ਪ੍ਰਵਾਨ ਕਰ ਲਿਆ। ਕਾਜ਼ੀ ਨੇ ਫ਼ਤਵਾ ਜਾਰੀ ਕਰ ਦਿੱਤਾ ਕਿ ਭਾਈ ਸਤੀ ਦਾਸ ਜੀ ਨੂੰ ਰੂੰ ਵਿਚ ਲਪੇਟ ਕੇ, ਅੱਗ ਲਾ ਦਿੱਤੀ ਜਾਵੇ ਅਤੇ ਸਤੀ ਦਾਸ ਜੀ ਨੂੰ ਜਿਉਂਦੇ ਹੀ ਸਾੜ ਕੇ ਸ਼ਹੀਦ ਕਰ ਦਿੱਤਾ ਜਾਵੇ। ਭਾਈ ਸਤੀ ਦਾਸ ਜੀ ਨੂੰ ਰੂੰ 'ਚ ਲਪੇਟ ਕੇ, ਰੂੰ ਨੂੰ ਅੱਗ ਲਾ ਦਿੱਤੀ ਗਈ। ਕੁਝ ਹੀ ਪਲਾਂ 'ਚ, ਭਾਈ ਸਤੀ ਦਾਸ ਜੀ ਵੀ ਸ਼ਹੀਦੀ ਪਾ ਗਏ। ਗੁਰੂ ਸਾਹਿਬ ਜੀ ਆਪਣੇ ਪਿਆਰੇ ਸਿੱਖਾਂ ਦੀ, ਆਪਣੀਆਂ ਅੱਖਾਂ ਸਾਹਮਣੇ ਹੋਈ ਸ਼ਹਾਦਤ ਦੇਖ ਕੇ ਵੀ ਨਹੀਂ ਡੋਲੇ।

ਇਸੇ ਤਰ੍ਹਾਂ ਗੁਰੂ ਸਾਹਿਬ ਜੀ ਦੇ ਇੱਕ ਹੋਰ ਪਿਆਰੇ ਸਿੱਖ ਭਾਈ ਦਿਆਲਾ ਜੀ ਨੂੰ ਕਿਹਾ ਗਿਆ ਕਿ ਇਸਲਾਮ ਕਬੂਲ ਕਰ ਲਓ ਜਾਂ ਫਿਰ ਸ਼ਹੀਦ ਹੋਣ ਲਈ ਤਿਆਰ ਹੋ ਜਾਓ। ਭਾਈ ਦਿਆਲਾ ਜੀ ਨੇ ਵੀ ਭਾਈ ਮਤੀ ਦਾਸ ਜੀ ਦੀ ਤਰ੍ਹਾਂ ਹੀ ਧਰਮ ਤਿਆਗਣ ਦੀ ਥਾਂ ਸ਼ਹੀਦ ਹੋਣਾ ਪ੍ਰਵਾਨ ਕਰ ਲਿਆ। ਭਾਈ ਸਾਹਿਬ ਜੀ ਨੂੰ ਉਬਲਦੇ ਪਾਣੀ ਦੀ ਦੇਗ 'ਚ ਬਿਠਾ ਕੇ ਸ਼ਹੀਦ ਕਰ ਦਿੱਤਾ ਗਿਆ। ਗੁਰੂ ਸਾਹਿਬ ਹੁਣ ਵੀ ਓਸੇ ਤਰ੍ਹਾਂ ਹੀ ਸ਼ਾਂਤ ਚਿੱਤ ਤੇ ਅਡੋਲ ਬੈਠੇ ਰਹੇ।

ਇਨ੍ਹਾਂ ਸਿੱਖਾਂ ਦੀ ਸ਼ਹਾਦਤ ਤੋਂ ਬਾਅਦ, ਜਦੋਂ ਮੁਗ਼ਲ ਹਕੂਮਤ ਨੇ ਦੇਖਿਆ ਕਿ ਗੁਰੂ ਸਾਹਿਬ ਜੀ ਤਾਂ ਓਸੇ ਤਰ੍ਹਾਂ ਹੀ ਸ਼ਾਂਤ-ਚਿੱਤ ਤੇ ਅਡੋਲ ਬੈਠੇ ਹਨ ਤਾਂ ਇੱਕ ਵਾਰ ਫਿਰ ਕਾਜ਼ੀ ਅਬਦੁੱਲ ਵਹਾਬ ਨੇ ਗੁਰੂ ਸਾਹਿਬ ਜੀ ਨੂੰ ਕਿਹਾ ਕਿ ਹਾਲੇ ਵੀ ਸਮਾਂ ਹੈ, ਇਸਲਾਮ ਕਬੂਲ ਕਰ ਲਓ ਜਾਂ ਕਰਾਮਾਤ ਦਿਖਾ ਦਿਓ, ਜ਼ਿੰਦਗੀ ਬਖ਼ਸ਼ ਦਿੱਤੀ ਜਾਵੇਗੀ। ਗੁਰੂ ਸਾਹਿਬ ਜੀ ਕਹਿਣ ਲੱਗੇ ਕਿ ਜਿਸ ਗੁਰੂ-ਕਿਆਂ ਸਿੱਖਾਂ ਅੰਦਰ ਧਰਮ ਪ੍ਰਤੀ ਇੰਨਾ ਪਿਆਰ ਤੇ ਦ੍ਰਿੜ੍ਹਤਾ ਹੈ ਕਿ ਉਨ੍ਹਾਂ ਨੇ ਆਪਣਾ ਧਰਮ ਤਿਆਗਣ ਨਾਲੋਂ ਸ਼ਹੀਦ ਹੋਣਾ ਪ੍ਰਵਾਨ ਕਰ ਲਿਆ ਹੈ, ਤੁਸੀਂ ਉਸ ਗੁਰੂ ਨੂੰ ਧਰਮ ਤਿਆਗਣ ਲਈ ਕਹਿ ਰਹੇ ਹੋ? ਦੂਜਾ, ਜਿੱਥੋਂ ਤਕ ਕਰਾਮਾਤ ਦਿਖਾਉਣ ਦੀ ਗੱਲ ਹੈ ਤਾਂ ਗੁਰੂ-ਘਰ ਅੰਦਰ ਕਰਾਮਾਤ ਦਿਖਾਉਣੀ ਕਹਿਰ ਹੈ। ਸਾਨੂੰ ਰੱਬ ਦੀ ਰਜ਼ਾ 'ਚ ਰਹਿਣ ਦਾ ਹੁਕਮ ਹੈ।

ਇਹ ਗੱਲ ਸੁਣ ਕੇ, ਕਾਜ਼ੀ ਅਬਦੁੱਲ ਵਹਾਬ ਨੇ ਜੱਲਾਦ ਜ਼ਲਾਲੂਦੀਨ ਨੂੰ ਹੁਕਮ ਕਰ ਦਿੱਤਾ ਕਿ ਗੁਰੂ ਸਾਹਿਬ ਜੀ ਦਾ ਧੜ ਸੀਸ ਤੋਂ ਅਲੱਗ ਕਰ ਕੇ, ਗੁਰੂ ਸਾਹਿਬ ਜੀ ਨੂੰ ਸ਼ਹੀਦ ਕਰ ਦਿੱਤਾ ਜਾਵੇ। ਇੰਝ ੧੧ ਨਵੰਬਰ, ੧੬੭੫ ਈ. ਨੂੰ ਚਾਂਦਨੀ ਚੌਂਕ, ਦਿੱਲੀ ਵਿਖੇ ਹਜ਼ਾਰਾਂ ਲੋਕਾਂ ਦੀ ਭੀੜ ਦੇ ਸਾਹਮਣੇ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸੀਸ ਤਲਵਾਰ ਨਾਲ ਧੜ ਤੋਂ ਅਲੱਗ ਕਰਕੇ, ਗੁਰੂ ਸਾਹਿਬ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ। ਇਸ ਅਸਥਾਨ 'ਤੇ ਗੁਰਦੁਆਰਾ ਸੀਸ ਗੰਜ ਸਾਹਿਬ ਸੁਭਾਇਮਾਨ ਹੈ।

ਇਸ ਅਦੁੱਤੀ, ਅਨੋਖੀ, ਵਿਲੱਖਣ ਤੇ ਲਾਸਾਨੀ ਸ਼ਹਾਦਤ ਨੂੰ ਦੇਖ ਕੇ, ਦਿੱਲੀ 'ਚ ਹਾ-ਹਾਕਾਰ ਮੱਚ ਗਈ। ਇਸ ਘਟਨਾ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇੰਝ ਬਿਆਨ ਕੀਤਾ ਹੈ-

ਦੋਹਰਾ॥ ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰ ਕੀਯਾ ਪਯਾਨ॥

ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ॥੧੫॥
ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ॥
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ॥੧੬॥ *(ਬਚਿਤ੍ਰ ਨਾਟਕ)*

ਚਾਰੇ ਪਾਸੇ ਡਰ ਤੇ ਸਹਿਮ ਦਾ ਮਾਹੌਲ ਬਣ ਗਿਆ ਸੀ। ਔਰੰਗਜ਼ੇਬ ਦਾ ਕਹਿਰ ਆਪਣੇ ਸਿਖ਼ਰ 'ਤੇ ਸੀ। ਜ਼ਾਲਮਾਂ ਨੇ ਬੜਾ ਭਾਰੀ ਜ਼ੁਲਮ ਢਾਹਿਆ ਸੀ। ਗੁਰੂ ਸਾਹਿਬ ਜੀ ਦੇ ਸਿੱਦਕ ਅੱਗੇ, ਜ਼ਾਲਮਾਂ ਦਾ ਜ਼ੁਲਮ ਹਾਰ ਗਿਆ ਸੀ। ਇਸ ਸਮੇਂ ਆਸਮਾਨ 'ਤੇ, ਕਾਲੇ ਤੇ ਘਣੇ ਬੱਦਲ ਛਾ ਗਏ ਸਨ। ਚਾਰੇ ਪਾਸੇ ਹਨੇਰਾ ਹੀ ਹਨੇਰਾ ਹੋ ਗਿਆ ਸੀ। ਇੰਝ ਜਾਪਦਾ ਸੀ ਜਿਵੇਂ ਕਿ ਜ਼ੁਲਮ ਦੀ ਇਸ ਇੰਤਿਹਾ ਨੂੰ ਦੇਖ ਕੇ, ਧਰਤੀ ਤੇ ਅੰਬਰ ਦੋਵੇਂ ਕੰਬ ਗਏ ਹੋਣ ਤੇ ਰੋ ਰਹੇ ਹੋਣ। ਚਾਰੇ ਪਾਸੇ ਸੰਨਾਟਾ ਛਾ ਗਿਆ ਸੀ। ਹਿੰਦੂ, ਮੁਸਲਮਾਨ ਤੇ ਸਿੱਖ, ਸਭ ਦੀਆਂ ਅੱਖਾਂ 'ਚ ਅੱਥਰੂ ਸਨ।

ਗੁਰੂ ਸਾਹਿਬ ਜੀ ਦੇ ਸੀਸ ਤੇ ਸਰੀਰ ਦੀ ਸੰਭਾਲ:

ਭਾਈ ਜੈਤਾ ਜੀ, ਦਿੱਲੀ ਦੀ ਦਿਲਵਾਲੀ ਗਲੀ 'ਚ ਰਹਿੰਦੇ ਸਨ। ਇਸੇ ਗਲੀ 'ਚ ਭਾਈ ਨਾਨੂੰ ਜੀ ਦਾ ਵੀ ਘਰ ਸੀ। ਜਦੋਂ ਕਾਜ਼ੀ ਨੇ ਇਹ ਫਤਵਾ ਸੁਣਾਇਆ ਕਿ ਗੁਰੂ ਸਾਹਿਬ ਜੀ ਦਾ ਸੀਸ ਧੜ ਤੋਂ ਅਲੱਗ ਕਰ ਕੇ, ਗੁਰੂ ਸਾਹਿਬ ਜੀ ਨੂੰ ਸ਼ਹੀਦ ਕਰ ਦਿੱਤਾ ਜਾਵੇ ਤਾਂ ਭਾਈ ਨਾਨੂੰ ਜੀ, ਭਾਈ ਊਦਾ ਜੀ ਤੇ ਭਾਈ ਗੁਰਦਿੱਤਾ ਜੀ, ਭਾਈ ਜੈਤਾ ਜੀ ਘਰ ਆ ਗਏ ਅਤੇ ਵਿਚਾਰ ਕੀਤੀ ਕਿ ਗੁਰੂ ਸਾਹਿਬ ਜੀ ਦੀ ਸ਼ਹਾਦਤ ਤੋਂ ਬਾਅਦ, ਆਪ ਜੀ ਦੇ ਪਾਵਨ ਸੀਸ ਤੇ ਸਰੀਰ ਦੀ ਸੰਭਾਲ ਕਿਵੇਂ ਕੀਤੀ ਜਾਵੇ?

ਗੁਰੂ ਸਾਹਿਬ ਜੀ ਦੇ ਸੀਸ ਨੂੰ ਸੰਭਾਲਣ ਦੀ ਸੇਵਾ ਭਾਈ ਜੈਤਾ ਜੀ ਨੇ ਆਪਣੇ ਜਿੰਮੇ ਲੈ ਲਈ। ਸਭਨਾਂ ਨੇ ਵਿਚਾਰ ਕਰ ਕੇ, ਇਹ ਵਿਉਂਤ ਬਣਾਈ ਕਿ ਗੁਰੂ ਸਾਹਿਬ ਜੀ ਦੇ ਸਰੀਰ ਨੂੰ ਸੰਭਾਲਣ ਦੀ ਸੇਵਾ ਭਾਈ ਲੱਖੀ ਸ਼ਾਹ ਜੀ ਨੂੰ ਦਿੱਤੀ ਜਾਵੇ ਕਿਉਂਕਿ ਭਾਈ ਲੱਖੀ ਸ਼ਾਹ ਜੀ ਗੁਰੂ ਘਰ ਦੇ ਸ਼ਰਧਾਲੂ ਹੋਣ ਦੇ ਨਾਲ-ਨਾਲ, ਧਨਾਢ ਵਪਾਰੀ ਵੀ ਹਨ ਤੇ ਉਨ੍ਹਾਂ ਦਾ ਦਿੱਲੀ 'ਚ ਅਸਰ-ਰਸੂਖ ਵੀ ਬਹੁਤ ਹੈ।

ਸੀਸ ਮਾਰਗ:

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਤੋਂ ਬਾਅਦ, ਭਾਈ ਜੈਤਾ ਜੀ ਨੇ ਗੁਰੂ-ਚਰਨਾਂ 'ਚ ਅਰਦਾਸ ਕੀਤੀ ਕਿ ਸੱਚੇ ਪਾਤਿਸ਼ਾਹ! ਆਪ ਜੀ ਦਾ ਓਟ-ਆਸਰਾ ਲੈ ਕੇ, ਆਪ ਜੀ ਦੇ ਸੀਸ ਨੂੰ ਸੰਭਾਲਣ ਦੀ ਸੇਵਾ ਕਰਨ ਲੱਗਾ ਹਾਂ, ਆਪ ਜੀ ਨੇ ਕਿਰਪਾ ਕਰਨੀ, ਸਹਾਈ ਹੋਣਾ ਤਾਂ ਜੋ ਇਹ ਕਾਰਜ ਨਿਰਵਿਘਨਤਾ ਸਹਿਤ ਸੰਪੂਰਨ ਕਰ ਸਕਾਂ। ਅਰਦਾਸ ਕਰ ਕੇ, ਭਾਈ ਜੈਤਾ ਜੀ ਨੇ ਖਰਾਬ ਮੌਸਮ ਤੇ ਪਹਿਰੇਦਾਰਾਂ ਦੇ ਅਵੇਸਲੇਪਨ ਦਾ ਫ਼ਾਇਦਾ ਲੈਂਦੇ ਹੋਏ, ਗੁਰੂ ਸਾਹਿਬ ਜੀ ਦੇ ਪਾਵਨ ਸੀਸ ਨੂੰ ਸੋਹਣੇ ਪੋਸ਼ਾਕੇ 'ਚ ਲਪੇਟ ਲਿਆ ਅਤੇ ਗੁਰੂ ਸਾਹਿਬ ਜੀ ਦੇ ਸੀਸ ਨੂੰ ਆਪਣੇ ਸਿਰ 'ਤੇ ਰੱਖ ਕੇ, ਸ੍ਰੀ ਅਨੰਦਪੁਰ ਸਾਹਿਬ ਵੱਲ ਨੂੰ ਚੱਲ ਪਏ।

ਪਹਿਲਾ ਪੜਾਅ - ਬਾਗਪਤ (ਉੱਤਰ ਪ੍ਰਦੇਸ਼):

ਭਾਈ ਜੈਤਾ ਜੀ ਨੇ ਦਿੱਲੀ ਤੋਂ ਚੱਲ ਕੇ, ਪਹਿਲਾ ਪੜਾਅ ਬਾਗਪਤ ਕੀਤਾ। ਸਾਰੀ ਰਾਤ ਪੈਦਲ ਸਫ਼ਰ ਕਰਦੇ-ਕਰਦੇ, ਭਾਈ ਜੈਤਾ ਜੀ ਥੱਕ ਵੀ ਗਏ ਸਨ ਤੇ ਮੁਗਲ ਫੌਜਾਂ ਦਾ ਡਰ ਵੀ ਸੀ ਕਿ ਕਿਤੇ ਮੁਗਲ ਫੌਜਾਂ ਆਪ ਜੀ ਨੂੰ ਫੜ ਹੀ ਨਾ ਲੈਣ। ਭਾਈ ਜੈਤਾ ਜੀ ਬਾਗਪਤ ਵਿਖੇ ਸੂਫ਼ੀ ਫ਼ਕੀਰ, ਸ਼ੇਖ ਹਜ਼ਰਤ ਵਾਹੁਦੀਨ ਦੀ ਦਰਗਾਹ 'ਤੇ ਪਹੁੰਚੇ। ਸ਼ੇਖ ਜੀ ਨੇ ਪੁੱਛਿਆ ਕਿ ਭਾਈ! ਤੂੰ ਕੌਣ ਹੈਂ? ਭਾਈ ਜੈਤਾ ਜੀ ਨੇ ਦੱਸਿਆ ਕਿ ਮੈਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸਿੱਖ ਹਾਂ। ਸ਼ੇਖ ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਹਾਲ-ਚਾਲ ਪੁੱਛਿਆ ਤਾਂ ਭਾਈ ਜੈਤਾ ਜੀ ਨੇ ਸਾਰਾ ਬ੍ਰਿਤਾਂਤ ਸ਼ੇਖ ਜੀ ਨੂੰ ਸੁਣਾ ਦਿੱਤਾ। ਸ਼ੇਖ ਜੀ ਨੇ ਗੁਰੂ ਸਾਹਿਬ ਜੀ ਦੇ ਸੀਸ ਦੇ ਦਰਸ਼ਨ ਕਰਨ ਦੀ ਇੱਛਾ ਪ੍ਰਗਟਾਈ। ਗੁਰੂ ਸਾਹਿਬ ਜੀ ਦੇ ਸੀਸ ਦੇ ਦਰਸ਼ਨ ਕਰ ਕੇ, ਸ਼ੇਖ ਜੀ ਨੇ ਸਿਜਦਾ ਕੀਤਾ, ਸ਼ੇਖ ਜੀ ਦੀਆਂ ਅੱਖਾਂ 'ਚੋਂ ਅੱਥਰੂ ਵਹਿ ਤੁਰੇ। ਭਰੇ ਮਨ ਨਾਲ ਭਾਈ ਜੈਤਾ ਜੀ ਨੂੰ ਕਹਿਣ ਲੱਗੇ ਕਿ ਤੁਹਾਡੀ ਸੇਵਾ ਬਹੁਤ ਵੱਡੀ ਹੈ, ਬਿਖੜਾ ਪੈਂਡਾ ਹੈ, ਸਾਰੀ ਰਾਤ ਪੈਦਲ ਸਫ਼ਰ ਕਰਨ ਕਰਕੇ, ਤੁਸੀਂ ਥੱਕ ਗਏ ਹੋਵੋਗੇ। ਕੁਝ ਖਾਧਾ ਪੀਤਾ ਵੀ ਨਹੀਂ ਹੋਣਾ। ਇੱਥੇ ਨੇੜ੍ਹੇ ਹੀ ਗੁਰੂ-ਘਰ ਦੇ ਸ਼ਰਧਾਲੂ ਭਾਈ ਕ੍ਰਿਸ਼ਨਪਾਲ ਦਾ ਘਰ ਹੈ, ਓਥੇ ਚੱਲ ਕੇ ਪਰਸ਼ਾਦਾ ਛੱਕ ਲਓ ਤੇ ਥੋੜ੍ਹਾ ਅਰਾਮ ਕਰ ਲਓ। ਭਾਈ ਜੈਤਾ ਜੀ, ਸ਼ੇਖ ਜੀ ਦੇ ਨਾਲ ਭਾਈ ਕ੍ਰਿਸ਼ਨਪਾਲ ਜੀ ਦੇ ਗ੍ਰਿਹ ਵਿਖੇ ਆ ਗਏ ਅਤੇ ਇੱਥੇ ਹੀ ਪਰਸ਼ਾਦਾ ਛੱਕਿਆ ਤੇ ਅਰਾਮ ਕੀਤਾ। ਜਿੰਨਾ ਸਮਾਂ ਭਾਈ ਜੈਤਾ ਜੀ, ਭਾਈ ਕ੍ਰਿਸ਼ਨਪਾਲ ਜੀ ਦੇ ਗ੍ਰਿਹ ਵਿਖੇ ਟਿਕੇ, ਕ੍ਰਿਸ਼ਨਪਾਲ ਜੀ ਗੁਰੂ ਸਾਹਿਬ ਜੀ ਦੇ ਸੀਸ ਦੇ ਦਰਸ਼ਨ ਕਰਦੇ ਰਹੇ। ਓਹਨਾਂ ਦੀਆਂ ਅੱਖਾਂ 'ਚੋਂ ਅੱਥਰੂ ਵਹੀ ਤੁਰੇ ਜਾ ਰਹੇ ਸਨ।

ਦੂਜਾ ਪੜਾਅ - ਤਰਾਵੜੀ (ਹਰਿਆਣਾ):

ਦਿਨ ਚੜ੍ਹੇ ਭਾਈ ਜੈਤਾ ਜੀ ਨੇ ਜੰਗਲਾਂ ਦੇ ਰਸਤੇ, ਸ੍ਰੀ ਅਨੰਦਪੁਰ ਸਾਹਿਬ ਵੱਲ ਚਾਲੇ ਪਾ ਦਿੱਤੇ। ਸਾਰਾ ਦਿਨ ਕੰਡਿਆਲੇ ਰਾਹਾਂ 'ਤੇ ਤੁਰਦੇ ਰਹੇ, ਪਰ, ਸਿਦਕ ਨਹੀਂ ਹਾਰਿਆ। ਮੁਗਲ ਫ਼ੌਜਾਂ ਦਾ ਡਰ ਵੀ ਬਣਿਆ ਹੋਇਆ ਸੀ। ਹਨੇਰੇ ਪਏ ਭਾਈ ਜੈਤਾ ਜੀ ਤਰਾਵੜੀ ਪਹੁੰਚ ਗਏ। ਭਾਈ ਸਾਹਿਬ ਜੀ ਝਾੜੀਆਂ ਵਿਚ ਦੀ ਤੁਰੇ ਜਾ ਰਹੇ ਸਨ ਕਿ ਧੋਬੀ ਦੇਵਾ ਰਾਮ, ਜੋ ਕਿ ਨੇੜ੍ਹੇ ਹੀ ਕੱਪੜੇ ਧੋ ਰਿਹਾ ਸੀ, ਨੇ ਭਾਈ ਸਾਹਿਬ ਜੀ ਦੇ ਪੈਰਾਂ ਦੀ ਅਵਾਜ਼ ਸੁਣੀ। ਅਵਾਜ਼ ਸੁਣ ਕੇ ਭਾਈ ਦੇਵਾ ਰਾਮ ਨੇ ਉੱਚੇ ਜਿਹੇ ਪੁੱਛਿਆ ਕਿ, "ਕੌਣ ਹੈਂ ਭਾਈ?" ਭਾਈ ਜੈਤਾ ਜੀ ਨੇ ਦੱਸਿਆ ਕਿ "ਮੈਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸਿੱਖ ਹਾਂ ਤੇ ਦਿੱਲੀ ਤੋਂ ਆ ਰਿਹਾ ਹਾਂ।" ਇਹ ਸੁਣ ਕੇ, ਭਾਈ ਦੇਵਾ ਰਾਮ ਨੇ ਕਿਹਾ ਕਿ, "ਮੈਂ ਵੀ ਗੁਰੂ-ਘਰ ਦਾ ਸ਼ਰਧਾਲੂ ਹਾਂ। ਤੁਸੀਂ ਚੱਲ ਕੇ ਮੇਰੇ ਘਰ ਅਰਾਮ ਕਰੋ।"

ਭਾਈ ਦੇਵਾ ਰਾਮ ਨੂੰ ਹੁਣ ਤਕ ਗੁਰੂ ਸਾਹਿਬ ਜੀ ਦੀ ਸ਼ਹਾਦਤ ਬਾਰੇ ਪਤਾ ਨਹੀਂ ਸੀ। ਇਹ ਗੁਰੂ ਸਾਹਿਬ ਜੀ ਦਾ ਸੁੱਖ-ਸੁਨੇਹਾ ਲੈਣ ਲਈ ਬਹੁਤ ਬਿਹਬਲ ਸੀ। ਭਾਈ ਦੇਵਾ ਰਾਮ, ਭਾਈ ਜੈਤਾ ਜੀ ਨੂੰ ਕਹਿਣ ਲੱਗਾ ਕਿ ਤੁਸੀਂ ਦਿੱਲੀ ਤੋਂ ਆ ਰਹੇ

ਹੋ, ਗੁਰੂ ਸਾਹਿਬ ਜੀ ਦਾ ਕੋਈ ਸੁੱਖ -ਸੁਨੇਹਾ ਸੁਣਾਓ। ਗੁਰੂ ਸਾਹਿਬ ਜੀ ਬਾਰੇ ਕੁਝ ਦੱਸੋ, ਅੱਜ-ਕੱਲ੍ਹ ਕਿੱਥੇ ਬਿਰਾਜਮਾਨ ਹਨ ਤੇ ਕਿਸ ਧਰਤਿ ਨੂੰ ਭਾਗ ਲਾ ਰਹੇ ਹਨ? ਭਾਈ ਜੈਤਾ ਜੀ ਨੇ ਦਿੱਲੀ 'ਚ ਵਰਤੇ ਕਹਿਰ ਬਾਰੇ ਭਾਈ ਦੇਵਾ ਰਾਮ ਜੀ ਨੂੰ ਦੱਸਿਆ ਤਾਂ ਭਾਈ ਦੇਵਾ ਰਾਮ ਜੀ ਦੀਆਂ ਅੱਖਾਂ 'ਚੋਂ ਅੱਥਰੂ ਵਹਿ ਤੁਰੇ, ਮਨ ਵੈਰਾਗ 'ਚ ਆ ਗਿਆ। ਭਾਈ ਦੇਵਾ ਰਾਮ ਜੀ ਨੇ ਗੁਰੂ ਸਾਹਿਬ ਜੀ ਦੇ ਪਾਵਨ ਸੀਸ ਨੂੰ ਉੱਚੀ ਥਾਂ 'ਤੇ ਸੁਭਾਇਮਾਨ ਕੀਤਾ ਅਤੇ ਭਾਈ ਜੈਤਾ ਜੀ ਤੇ ਭਾਈ ਦੇਵਾ ਰਾਮ ਜੀ ਦਾ ਸਾਰਾ ਪਰਿਵਾਰ ਸਿਮਰਨ ਕਰਦੇ ਰਹੇ। ਭਾਈ ਜੈਤਾ ਜੀ, ਕੁਝ ਸਮਾਂ ਇੱਥੇ ਅਰਾਮ ਕਰ ਕੇ, ਸ੍ਰੀ ਅਨੰਦਪੁਰ ਸਾਹਿਬ ਵੱਲ ਨੂੰ ਚੱਲ ਪਏ। ਇਸ ਅਸਥਾਨ 'ਤੇ ਸੁੰਦਰ ਗੁਰਦੁਆਰਾ ਸਾਹਿਬ 'ਸੀਸ ਗੰਜ ਪਾਤਸ਼ਾਹੀ ਨੌਵੀਂ' ਸੁਭਾਇਮਾਨ ਹੈ।

ਤੀਜਾ ਪੜਾਅ - ਅੰਬਾਲਾ (ਹਰਿਆਣਾ):

ਤਰਾਵੜੀ ਤੋਂ ਚੱਲ ਕੇ, ਭਾਈ ਜੈਤਾ ਜੀ ਅੰਬਾਲੇ ਪਹੁੰਚ ਗਏ। ਇੱਥੇ ਭਾਈ ਜੈਤਾ ਜੀ ਨੇ ਟਾਂਗਰੀ ਨਦੀ ਦੇ ਕਿਨਾਰੇ ਟਿਕਾਣਾ ਕੀਤਾ ਅਤੇ ਗੁਰੂ ਸਾਹਿਬ ਜੀ ਦਾ ਪਾਵਨ ਸੀਸ, ਸਤਿਕਾਰ ਸਹਿਤ ਇੱਕ ਜੰਡ ਦੇ ਰੁੱਖ ਹੇਠ ਬਿਰਾਜਮਾਨ ਕਰ ਦਿੱਤਾ। ਆਸ-ਪਾਸ ਪੁੱਛਣ 'ਤੇ ਪਤਾ ਲੱਗਾ ਕਿ ਕੈਂਥ ਮਾਜਰੀ ਮਹੱਲੇ 'ਚ ਭਾਈ ਰਾਮਦੇਵਾ ਨਾਮ ਦਾ ਇੱਕ ਸਿੱਖ ਰਹਿੰਦਾ ਹੈ। ਭਾਈ ਜੈਤਾ ਜੀ, ਗੁਰੂ ਸਾਹਿਬ ਜੀ ਦਾ ਸੀਸ ਲੈ ਕੇ, ਭਾਈ ਰਾਮਦੇਵਾ ਜੀ ਦੇ ਘਰ ਪਹੁੰਚ ਗਏ ਅਤੇ ਦਿੱਲੀ 'ਚ ਵਰਤੇ ਕਹਿਰ ਬਾਰੇ ਦੱਸਿਆ। ਇਹ ਸਾਰਾ ਬ੍ਰਿਤਾਂਤ ਸੁਣ ਕੇ,ਭਾਈ ਰਾਮਦੇਵਾ ਜੀ ਦੀਆਂ ਭੁੱਬਾਂ ਨਿਕਲ ਗਈਆਂ, ਉਨ੍ਹਾਂ ਦੀਆਂ ਅੱਖਾਂ 'ਚੋਂ ਅੱਥਰੂ ਰੁਕਣ ਦਾ ਨਾਮ ਨਹੀਂ ਸਨ ਲੈ ਰਹੇ।

ਭਾਈ ਜੈਤਾ ਜੀ ਨੇ ਇਹ ਥਾਂ ਸੁਰੱਖਿਅਤ ਜਾਣ ਕੇ, ਰਾਤ ਇੱਥੇ ਹੀ ਟਿਕਾਣਾ ਕਰਨ ਦਾ ਫੈਸਲਾ ਕੀਤਾ। ਭਾਈ ਰਾਮਦੇਵਾ ਜੀ ਪਾਠ ਕਰਦੇ ਰਹੇ ਤੇ ਨਾਲ ਹੀ ਪਹਿਰਾ ਦਿੰਦੇ ਰਹੇ। ਭਾਈ ਜੈਤਾ ਜੀ ਨੇ ਕੁਝ ਸਮਾਂ ਇੱਥੇ ਅਰਾਮ ਕਰਕੇ, ਸ੍ਰੀ ਅਨੰਦਪੁਰ ਸਾਹਿਬ ਵੱਲ ਨੂੰ ਚਾਲੇ ਪਾ ਦਿੱਤੇ। ਇਸ ਅਸਥਾਨ 'ਤੇ, ਸੁੰਦਰ ਗੁਰਦੁਆਰਾ ਸੀਸ ਗੰਜ ਸਾਹਿਬ ਸੁਭਾਇਮਾਨ ਹੈ। ਇਹ ਅਸਥਾਨ ਗੁਰਦੁਆਰਾ ਮੰਜੀ ਸਾਹਿਬ, ਅੰਬਾਲਾ ਸ਼ਹਿਰ ਤੋਂ ਲਗਪਗ ਅੱਧੇ ਕਿਲੋਮੀਟਰ ਦੀ ਵਿੱਥ 'ਤੇ ਹੈ।

ਚੌਥਾ ਪੜਾਅ-ਨਾਭਾ ਸਾਹਿਬ (ਪੰਜਾਬ):

ਅੰਬਾਲੇ ਤੋਂ ਚੱਲ ਕੇ, ਭਾਈ ਜੈਤਾ ਜੀ ਰਾਜਪੁਰਾ-ਜ਼ੀਰਕਪੁਰ ਵਾਲੀ ਸੜਕ 'ਤੇ ਆ ਗਏ। ਇਸ ਇਲਾਕੇ 'ਚ, ਬਹੁਤ ਵੱਡਾ ਤੇ ਸੰਘਣਾ ਜੰਗਲ ਸੀ। ਇਹ ਸਾਰਾ ਇਲਾਕਾ ਮੁਸਲਮਾਨਾਂ ਦਾ ਹੁੰਦਾ ਸੀ। ਗੁਰੂ ਸਾਹਿਬ ਜੀ ਦੇ ਸੀਸ ਦੇ ਸਤਿਕਾਰ ਨੂੰ ਧਿਆਨ 'ਚ ਰੱਖਦਿਆਂ ਹੋਇਆਂ, ਭਾਈ ਜੈਤਾ ਜੀ ਰਾਤ ਸਮੇਂ ਕਿਸੇ ਸੁਰੱਖਿਅਤ ਅਸਥਾਨ 'ਤੇ ਟਿਕਾਣਾ ਕਰਨਾ ਚਾਹੁੰਦੇ ਸਨ। ਭਾਈ ਜੈਤਾ ਜੀ ਨੂੰ ਇਸ ਸੰਘਣੇ ਜੰਗਲ 'ਚ, ਇੱਕ ਕੁਟੀਆ ਦਿਖਾਈ ਦਿੱਤੀ। ਭਾਈ ਜੈਤਾ ਜੀ ਇਸ ਕੁਟੀਆ 'ਚ ਪਹੁੰਚੇ ਤਾਂ ਪਤਾ ਲੱਗਾ

ਕਿ ਇਹ ਕੁਟੀਆ ਦਰਗਾਹੀ ਸ਼ਾਹ ਫਕੀਰ ਦੀ ਹੈ ਜੋ ਕਿ ਗੁਰੂ-ਘਰ ਦਾ ਸ਼ਰਧਾਲੂ ਹੈ। ਇਸ ਫਕੀਰ ਨੇ ਭਾਈ ਜੈਤਾ ਜੀ ਨੂੰ, ਇਸ ਜੰਗਲ 'ਚ ਆਉਣ ਦਾ ਕਾਰਨ ਪੁੱਛਿਆ ਤਾਂ ਭਾਈ ਜੈਤਾ ਜੀ ਨੇ ਗੁਰੂ ਸਾਹਿਬ ਜੀ ਦੀ ਸ਼ਹਾਦਤ ਦਾ ਸਾਰਾ ਬ੍ਰਿਤਾਂਤ ਸੁਣਾ ਦਿੱਤਾ। ਪੀਰ ਜੀ ਦੇ ਨੈਣ ਭਰ ਆਏ। ਉਨ੍ਹਾਂ ਨੇ ਭਾਈ ਜੈਤਾ ਜੀ ਨੂੰ ਬਹੁਤ ਪਿਆਰ ਤੇ ਸਤਿਕਾਰ ਨਾਲ ਬੇਨਤੀ ਕੀਤੀ ਕਿ ਤੁਸੀ ਪੈਦਲ ਚੱਲਣ ਕਾਰਨ ਬਹੁਤ ਥੱਕ ਗਏ ਹੋਵੋਗੇ, ਪੈਂਡਾ ਬਹੁਤ ਲੰਮਾ ਹੈ, ਇਸ ਲਈ ਤੁਸੀਂ ਗੁਰੂ ਸਾਹਿਬ ਜੀ ਦਾ ਸੀਸ ਮੈਨੂੰ ਦੇ ਦਿਓ ਤੇ ਤੁਸੀਂ ਇਸ਼ਨਾਨ ਕਰ ਕੇ, ਪਰਸ਼ਾਦਾ ਛੱਕ ਕੇ, ਅਰਾਮ ਕਰ ਲਓ, ਸੀਸ ਦੀ ਰਾਖੀ ਮੈਂ ਆਪ ਕਰਾਂਗਾ। ਮੇਰੇ ਧੰਨ ਭਾਗ ਹਨ, ਜਿਸ ਦੀ ਕੁਟੀਆ 'ਚ ਗੁਰੂ ਸਾਹਿਬ ਜੀ ਦਾ ਸੀਸ ਪਹੁੰਚਿਆ ਹੈ। ਪੀਰ ਜੀ ਨੇ ਆਪਣੀ ਕੁਟੀਆ 'ਚ ਹੀ ਮਿੱਟੀ ਦਾ ਉੱਚਾ ਥੜ੍ਹਾ ਤਿਆਰ ਕੀਤਾ ਅਤੇ ਗੁਰੂ ਸਾਹਿਬ ਜੀ ਦਾ ਸੀਸ, ਬਹੁਤ ਪਿਆਰ ਤੇ ਸਤਿਕਾਰ ਸਹਿਤ ਇਸ ਥੜ੍ਹੇ 'ਤੇ ਸੁਭਾਇਮਾਨ ਕਰ ਦਿੱਤਾ। ਪੀਰ ਜੀ ਸਾਰੀ ਰਾਤ ਗੁਰੂ ਸਾਹਿਬ ਜੀ ਦੇ ਸੀਸ ਦੇ ਦਰਸ਼ਨ ਕਰਦੇ ਹੋਏ, ਰੱਬੀ ਰੰਗ 'ਚ ਰੱਤੇ ਤੇ ਭਿੱਜੇ ਰਹੇ। ਅੰਮ੍ਰਿਤ ਵੇਲੇ ਭਾਈ ਜੈਤਾ ਜੀ ਉੱਠੇ, ਇਸ਼ਨਾਨ ਕਰ ਕੇ ਤੇ ਪਰਸ਼ਾਦਾ ਛੱਕ ਕੇ, ਪੀਰ ਜੀ ਪਾਸੋਂ ਖ਼ੁਸ਼ੀਆਂ ਲੈ ਕੇ, ਸ੍ਰੀ ਅਨੰਦਪੁਰ ਸਾਹਿਬ ਵੱਲ ਨੂੰ ਚੱਲ ਪਏ। ਇਸ ਪਾਵਨ ਅਸਥਾਨ 'ਤੇ ਸੁੰਦਰ ਗੁਰਦੁਆਰਾ ਨਾਭਾ ਸਾਹਿਬ ਪਾਤਸ਼ਾਹੀ ਨੌਵੀਂ ਤੇ ਦਸਵੀਂ ਸੁਭਾਇਮਾਨ ਹੈ।

ਪੰਜਵਾਂ ਪੜਾਅ-ਕੀਰਤਪੁਰ ਸਾਹਿਬ (ਪੰਜਾਬ):

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸੀਸ ਦੇ ਆਉਣ ਦੀ ਖ਼ਬਰ ਸ੍ਰੀ ਅਨੰਦਪੁਰ ਸਾਹਿਬ ਪਹੁੰਚ ਗਈ ਸੀ। ਸ੍ਰੀ ਗੁਰੂ ਗੋਬਿੰਦ ਰਾਇ ਜੀ (ਸ੍ਰੀ ਗੁਰੂ ਗੋਬਿੰਦ ਸਿੰਘ ਜੀ), ਮਾਤਾ ਨਾਨਕੀ ਜੀ, ਮਾਤਾ ਗੁਜਰੀ ਜੀ ਤੇ ਸਾਰਾ ਪਰਿਵਾਰ ਅਤੇ ਬਹੁਤ ਸਾਰੀ ਸਿੱਖ ਸੰਗਤਾਂ, ਗੁਰੂ ਸਾਹਿਬ ਜੀ ਦੇ ਸੀਸ ਦੇ ਦਰਸ਼ਨ ਕਰਨ ਲਈ, ਪਹਿਲਾਂ ਹੀ ਕੀਰਤਪੁਰ ਸਾਹਿਬ ਪਹੁੰਚ ਗਈਆਂ ਸਨ। ਭਾਈ ਜੈਤਾ ਜੀ ਸੀਸ ਲੈ ਕੇ ਕੀਰਤਪੁਰ ਸਾਹਿਬ ਪਹੁੰਚੇ ਤਾਂ ਸਾਰਿਆਂ ਦੇ ਹਿਰਦਿਆਂ 'ਚ ਵੈਰਾਗ ਸੀ ਤੇ ਅੱਖਾਂ ਨਮ ਸਨ। ਬਹੁਤ ਭਾਵੁਕ ਦ੍ਰਿਸ਼ ਸੀ। ਸ੍ਰੀ ਗੁਰੂ ਗੋਬਿੰਦ ਰਾਇ ਜੀ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਨੇ ਅਗਾਂਹ ਵੱਧ ਕੇ, ਆਪਣੇ ਸ਼ਹੀਦ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪਾਵਨ ਸੀਸ ਆਪਣੇ ਹੱਥਾਂ 'ਚ ਲੈ ਲਿਆ। ਇਸ ਸਮੇਂ ਸ੍ਰੀ ਗੁਰੂ ਗੋਬਿੰਦ ਰਾਇ ਜੀ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਦੀ ਉਮਰ ੯ ਸਾਲ ਦੀ ਸੀ। ਗੁਰੂ ਸਾਹਿਬ ਜੀ ਦੇ ਸੀਸ ਦੇ ਦਰਸ਼ਨ ਕਰ ਕੇ, ਸੀਸ ਨੂੰ ਉੱਚੀ ਥਾਂ 'ਤੇ ਬਿਰਾਜਮਾਨ ਕਰ ਦਿੱਤਾ ਗਿਆ। ਇਸ ਅਸਥਾਨ 'ਤੇ ਸੁੰਦਰ ਗੁਰਦੁਆਰਾ ਬਿਬਾਨਗੜ੍ਹ ਸਾਹਿਬ ਸੁਭਾਇਮਾਨ ਹੈ।

ਸ੍ਰੀ ਗੁਰੂ ਗੋਬਿੰਦ ਰਾਇ ਜੀ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਨੇ ਭਾਈ ਜੈਤਾ ਜੀ ਦੀ ਹਿੰਮਤ, ਹੌਂਸਲੇ, ਬਹਾਦਰੀ ਅਤੇ ਗੁਰੂ-ਘਰ ਪ੍ਰਤੀ ਪਿਆਰ, ਸ਼ਰਧਾ-ਭਾਵਨਾ ਤੇ

ਸੇਵਾ ਨੂੰ ਮੁੱਖ ਰੱਖਦਿਆਂ ਹੋਇਆਂ, ਭਾਈ ਜੈਤਾ ਜੀ ਨੂੰ ਆਪਣੇ ਸੀਨੇ ਨਾਲ ਲਾ ਕੇ ਅਸੀਸਾਂ ਦਿੱਤੀਆਂ ਅਤੇ "ਰੰਘਰੇਟਾ-ਗੁਰੂ ਕਾ ਬੇਟਾ" ਕਹਿ ਕੇ ਨਿਵਾਜਿਆ। ਭਾਈ ਜੈਤਾ ਜੀ, ਸੰਨ ੧੬੯੬ 'ਚ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਕੇ, ਭਾਈ ਜੀਵਨ ਸਿੰਘ ਬਣੇ ਅਤੇ ਚਮਕੌਰ ਸਾਹਿਬ ਦੀ ਜੰਗ 'ਚ ਸ਼ਹੀਦ ਹੋਏ।

ਆਖ਼ਰੀ ਪੜਾਅ-ਸ੍ਰੀ ਅਨੰਦਪੁਰ ਸਾਹਿਬ (ਪੰਜਾਬ):

ਗੁਰੂ ਸਾਹਿਬ ਜੀ ਦੇ ਸੀਸ ਨੂੰ ਸਤਿਕਾਰ ਸਹਿਤ ਪਾਲਕੀ 'ਚ ਸਜਾਇਆ ਗਿਆ ਅਤੇ ਸ਼ਬਦ ਕੀਰਤਨ ਕਰਦੇ ਹੋਏ, ਸ੍ਰੀ ਅਨੰਦਪੁਰ ਸਾਹਿਬ ਲਿਆਂਦਾ ਗਿਆ। ਸ੍ਰੀ ਅਨੰਦਪੁਰ ਸਾਹਿਬ ਵਿਖੇ ਗੁਰੂ ਸਾਹਿਬ ਜੀ ਦੇ ਸੀਸ ਦਾ ਮਰਿਆਦਾ ਅਨੁਸਾਰ, ਪੂਰਨ ਸਤਿਕਾਰ ਨਾਲ ਸਸਕਾਰ ਕੀਤਾ ਗਿਆ। ਜਿਸ ਅਸਥਾਨ 'ਤੇ ਗੁਰੂ ਸਾਹਿਬ ਜੀ ਦੇ ਸੀਸ ਦਾ ਸਸਕਾਰ ਕੀਤਾ ਗਿਆ, ਉਸ ਅਸਥਾਨ 'ਤੇ ਗੁਰਦੁਆਰਾ ਸੀਸ ਗੰਜ ਸਾਹਿਬ ਸੁਭਾਇਮਾਨ ਹੈ। ਸਸਕਾਰ ਕਰਨ ਤੋਂ ਬਾਅਦ, ਸ੍ਰੀ ਗੁਰੂ ਗੋਬਿੰਦ ਰਾਇ ਜੀ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਨੇ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਪਰਮਾਤਮਾ ਦੀ ਰਜ਼ਾ 'ਚ ਰਹਿਣਾ ਹੈ ਤੇ ਉਸ ਅਕਾਲ ਪੁਰਖ ਦਾ ਭਾਣਾ ਮਿੱਠਾ ਕਰਕੇ ਮੰਨਣਾ ਹੈ। ਨਾਲ ਹੀ ਗੁਰੂ ਸਾਹਿਬ ਜੀ ਨੇ ਸੰਗਤਾਂ ਨੂੰ ਜ਼ੁਲਮ ਦੇ ਖ਼ਿਲਾਫ ਇੱਕ-ਜੁੱਟ ਹੋ ਕੇ, ਟਾਕਰਾ ਕਰਨ ਹਿੱਤ ਤਿਆਰ ਹੋਣ ਲਈ ਕਿਹਾ। ਗੁਰੂ ਸਾਹਿਬ ਜੀ ਨੇ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਜ਼ੁਲਮ ਖਤਮ ਕਰਨ ਲਈ, ਸ਼ਕਤੀ ਦੀ ਵਰਤੋਂ ਕੀਤੀ ਜਾਵੇ।

ਧੜ (ਸਰੀਰ) ਦਾ ਸਸਕਾਰ:

ਇਧਰ ਗੁਰੂ ਸਾਹਿਬ ਜੀ ਦੇ ਧੜ (ਸਰੀਰ) ਨੂੰ ਸੰਭਾਲਣ ਦੀ ਸੇਵਾ ਭਾਈ ਲੱਖੀ ਸ਼ਾਹ ਜੀ ਨੇ ਕੀਤੀ। ਜਿਸ ਦਿਨ ਗੁਰੂ ਸਾਹਿਬ ਜੀ ਨੂੰ ਸ਼ਹੀਦ ਕੀਤਾ ਗਿਆ, ਉਸ ਦਿਨ ਭਾਈ ਲੱਖੀ ਸ਼ਾਹ ਜੀ ਆਪਣੇ ਟਾਂਡੇ (ਬੈਲ ਗੱਡੀਆਂ ਦਾ ਕਾਫ਼ਲਾ), ਜਿਸ ਵਿਚ ਚੂਨਾ ਲੱਦਿਆ ਹੋਇਆ ਸੀ, ਸਹਿਤ ਨਾਰਨੌਲ (ਹਰਿਆਣਾ) ਤੋਂ ਦਿੱਲੀ ਪਹੁੰਚੇ ਸਨ। ਭਾਈ ਲੱਖੀ ਸ਼ਾਹ ਜੀ ਨੇ ਆਪਣੀਆਂ ਬੈਲ ਗੱਡੀਆਂ ਲਿਆ ਕੇ, ਚਾਂਦਨੀ ਚੌਂਕ ਖੜ੍ਹੀਆਂ ਕਰ ਦਿੱਤੀਆਂ ਅਤੇ ਮੌਕਾ ਦੇਖ ਕੇ, ਮੁਗਲ ਹਕੂਮਤ ਦੀ ਪਰਵਾਹ ਕੀਤੇ ਬਿਨਾਂ, ਆਪਣੇ ਪੁੱਤਰ ਭਾਈ ਨਗਾਹੀਆ ਜੀ ਤੇ ਹੋਰ ਸਿੱਖਾਂ ਦੀ ਮਦਦ ਨਾਲ, ਗੁਰੂ ਸਾਹਿਬ ਜੀ ਦਾ ਧੜ (ਸਰੀਰ) ਆਪਣੇ ਗੱਡੇ 'ਤੇ ਰੱਖ ਕੇ ਆਪਣੇ ਘਰ ਲੈ ਗਏ। ਘਰ ਅੰਦਰ ਹੀ ਚਿਖ਼ਾ ਤਿਆਰ ਕੀਤੀ ਅਤੇ ਗੁਰੂ ਸਾਹਿਬ ਜੀ ਦੀ ਪਾਵਨ ਦੇਹ ਨੂੰ ਚਿਖ਼ਾ 'ਤੇ ਰੱਖ ਕੇ, ਘਰ ਨੂੰ ਹੀ ਅੱਗ ਲਾ ਦਿੱਤੀ ਤਾਂ ਜੋ ਕਿਸੇ ਨੂੰ ਕੋਈ ਸ਼ੱਕ ਨੇ ਹੋਵੇ। ਦਿੱਲੀ ਵਿਖੇ, ਜਿਸ ਅਸਥਾਨ 'ਤੇ ਗੁਰੂ ਸਾਹਿਬ ਜੀ ਦੇ ਧੜ (ਸਰੀਰ) ਦਾ ਸਸਕਾਰ ਕੀਤਾ ਗਿਆ, ਉਸ ਅਸਥਾਨ 'ਤੇ ਸੁੰਦਰ ਗੁਰਦੁਆਰਾ ਰਕਾਬਗੰਜ ਸਾਹਿਬ ਸੁਭਾਇਮਾਨ ਹੈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਨਾਲ ਸੰਬੰਧਿਤ ਕੁਝ ਮਹੱਤਵਪੂਰਨ ਨੁਕਤੇ ਹੇਠ ਲਿੱਖੇ ਅਨੁਸਾਰ ਹਨ:

ੳ) ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨਾ ਤਾਂ ਆਪ ਜੰਞੂ ਪਹਿਨਦੇ ਸਨ ਤੇ ਨਾ ਹੀ ਜੰਞੂ ਪਹਿਨਣ ਦੇ ਹਾਮੀ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤਾਂ ਪਹਿਲਾਂ ਹੀ ਕਪਾਹ ਦੇ ਬਣੇ ਜੰਞੂ ਪਹਿਨਣ ਤੋਂ ਇਨਕਾਰ ਕਰ ਦਿੱਤਾ ਸੀ। ਫਿਰ ਵੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਜੰਞੂ ਦੀ ਰੱਖਿਆ ਖ਼ਾਤਰ, ਆਪਣੀ ਸ਼ਹਾਦਤ ਦੇ ਦਿੱਤੀ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਦੀ ਸਭ ਤੋਂ ਵਿਲੱਖਣ ਗੱਲ ਇਹ ਹੈ ਕਿ ਗੁਰੂ ਸਾਹਿਬ ਜੀ ਨੇ ਹੋਰਨਾਂ ਦੇ ਧਰਮ, ਧਾਰਮਿਕ ਚਿੰਨ੍ਹਾਂ, ਧਾਰਮਿਕ ਅਜ਼ਾਦੀ ਤੇ ਮਨੁੱਖੀ ਹੱਕਾਂ ਦੀ ਰਾਖੀ ਲਈ ਆਪਣੀ ਸ਼ਹਾਦਤ ਦਿੱਤੀ।

ਅ) ਗੁਰੂ ਸਾਹਿਬ ਜੀ ਕਿਸੇ ਫ਼ਿਰਕੇ ਜਾਂ ਧਰਮ ਦੇ ਖ਼ਿਲਾਫ਼ ਨਹੀਂ ਸਨ। ਓਹਨਾਂ ਦਿਨਾਂ 'ਚ, ਮੁਗ਼ਲ ਹਕੂਮਤ ਬਹੁਤ ਜ਼ਾਲਮ ਸੀ ਤੇ ਹਿੰਦੂਆਂ 'ਤੇ ਜ਼ੁਲਮ ਕਰ ਰਹੀ ਸੀ। ਜਿਸ ਕਾਰਨ ਗੁਰੂ ਸਾਹਿਬ ਜੀ ਨੇ ਹਿੰਦੂਆਂ ਦੀ ਬਾਂਹ ਫੜੀ ਤੇ ਹਿੰਦੂਆਂ ਦੀ ਰੱਖਿਆ ਲਈ, ਮੁਗ਼ਲ ਹਕੂਮਤ ਨਾਲ ਟਾਕਰਾ ਕੀਤਾ ਤੇ ਆਪਣੀ ਸ਼ਹਾਦਤ ਦਿੱਤੀ। ਉਸ ਸਮੇਂ ਜੇ ਕੋਈ ਹੋਰ ਜ਼ਾਲਮ ਹਕੂਮਤ, ਜ਼ੁਲਮ ਕਰ ਰਹੀ ਹੁੰਦੀ ਤਾਂ ਗੁਰੂ ਸਾਹਿਬ ਜੀ ਉਸ ਜ਼ਾਲਮ ਹਕੂਮਤ ਨਾਲ ਵੀ ਇਸੇ ਤਰ੍ਹਾਂ ਹੀ ਟਾਕਰਾ ਕਰਦੇ ਤੇ ਪੀੜਤਾਂ ਦੀ ਰੱਖਿਆ ਕਰਦੇ। ਗੁਰੂ ਸਾਹਿਬਾਨ ਜੀ ਦਾ ਫ਼ਲਸਫ਼ਾ ਹੀ ਇਹੋ ਹੈ ਕਿ ਜ਼ਾਲਮ ਦੇ ਜ਼ੁਲਮਾਂ ਨਾਲ ਟਾਕਰਾ ਕਰਨਾ ਹੈ ਤੇ ਪੀੜਤਾਂ ਦੀ ਬਾਂਹ ਫੜ ਕੇ, ਉਨ੍ਹਾਂ ਦੀ ਰੱਖਿਆ ਕਰਨੀ ਹੈ।

ੲ) ਇਤਿਹਾਸ ਅੰਦਰ ਇਹ ਪਹਿਲਾ ਮੌਕਾ ਸੀ ਜਦੋਂ ਮਕਤੂਲ (ਸ਼ਹਾਦਤ ਦੇਣ ਵਾਲਾ), ਆਪਣੀ ਸ਼ਹਾਦਤ ਦੇਣ ਲਈ, ਆਪ ਚੱਲ ਕੇ ਕਾਤਲ ਕੋਲ ਗਿਆ ਸੀ। ਦੁਨੀਆ ਦੇ ਇਤਿਹਾਸ 'ਚ ਇਹੋ ਜਿਹੀ ਕੋਈ ਹੋਰ ਮਿਸਾਲ ਨਹੀਂ ਮਿਲਦੀ। ਇਸੇ ਲਈ ਲਾਲਾ ਦੌਲਤ ਰਾਇ ਨੇ ਲਿਖਿਆ ਹੈ– "ਆਜ ਤੱਕ ਯਿਹ ਤੋ ਹੁਆ ਹੈ ਕਿ ਕਾਤਲ, ਮਕਤੂਲ ਕੇ ਪਾਸ ਜਾਏ, ਯਿਹ ਨਹੀਂ ਕਿ ਮਕਤੂਲ ਕਾਤਲ ਕੇ ਪਾਸ ਆਏ। ਐਸਾ ਕਰਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਉਲਟੀ ਗੰਗਾ ਬਹਾ ਦੀ।"

ਇੰਝ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੁਆਰਾ ਦਿੱਤੀ ਗਈ ਲਾਸਾਨੀ ਸ਼ਹਾਦਤ, ਆਪਣੇ ਆਪ 'ਚ, ਇੱਕ ਬੇਮਿਸਾਲ, ਅਨੋਖੀ, ਅਦੁੱਤੀ ਤੇ ਵਿਲੱਖਣ ਸ਼ਹਾਦਤ ਸੀ, ਜਿਸ ਦੀ ਕੋਈ ਹੋਰ ਉਦਾਹਰਣ ਦੁਨੀਆ ਦੇ ਇਤਿਹਾਸ 'ਚ ਨਹੀਂ ਮਿਲਦੀ। ਗੁਰੂ ਸਾਹਿਬ ਜੀ ਦੁਆਰਾ ਹੋਰਨਾਂ ਦੇ ਧਰਮ, ਧਾਰਮਿਕ ਚਿੰਨ੍ਹਾਂ, ਧਾਰਮਿਕ ਅਜ਼ਾਦੀ ਤੇ ਮਨੁੱਖੀ ਹੱਕਾਂ ਦੀ ਰਾਖੀ ਲਈ ਦਿੱਤੀ ਗਈ ਸ਼ਹਾਦਤ ਕਾਰਨ ਹੀ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ 'ਧਰਮ ਦੀ ਚਾਦਰ' ਅਤੇ "ਸ੍ਰਿਸ਼ਟੀ ਦੀ ਚਾਦਰ" ਕਿਹਾ ਜਾਂਦਾ ਹੈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ : ਮਨੁੱਖੀ ਅਧਿਕਾਰਾਂ ਦੇ ਸੰਦਰਭ 'ਚ

*-ਬੀਬੀ ਮਨਮੋਹਨ ਕੌਰ**

ਧਰਮ ਕਈ ਪ੍ਰਕਾਰ ਦਾ ਹੁੰਦਾ ਹੈ। ਜੋ ਧਰਮ ਤੰਗ-ਦ੍ਰਿਸ਼ਟੀਕੋਣ ਵਾਲਾ ਹੈ, ਉਸ ਦਾ ਉਦੇਸ਼ ਕੇਵਲ ਰਿਧੀਆਂ/ਸਿਧੀਆਂ ਹਾਸਲ ਕਰ, ਨਿੱਜੀ ਸਵਾਰਥਾਂ ਦੀ ਪੂਰਤੀ ਕਰ, ਸਮਾਜ ਦੇ ਕਿਸੇ ਇਕ ਟੁੱਕੜੇ ਦੀ ਰੱਖਿਆ ਕਰਨ ਤਕ ਹੀ ਸੀਮਤ ਹੁੰਦਾ ਹੈ। ਇਸ ਤੋਂ ਉਲਟ ਜੋ ਧਰਮ ਸਮੁੱਚੇ ਸਮਾਜ ਦੀ ਕਦਰ ਕਰ, ਸਮੁੱਚੀ ਮਾਨਵਤਾ ਦੇ ਹੱਕਾਂ ਦਾ ਹੋਕਾ ਦੇ, ਮਜ਼ਲੂਮ/ਲਿਤਾੜੇ ਲੋਕਾਂ ਨੂੰ ਉੱਪਰ ਚੁੱਕਦਾ ਹੈ; ਅਸਲ ਵਿਚ ਉਹੀ ਧਰਮ ਵਿਸ਼ਾਲ ਤੇ ਮਾਨਵੀ ਧਰਮ ਹੈ। ਆਪੋ-ਆਪਣੇ ਅਕੀਦੇ ਮੁਤਾਬਿਕ ਸਰਬ-ਸ਼ਕਤੀਮਾਨ ਦੀ ਉਪਾਸਨਾ ਕਰਨ ਦਾ ਅਧਿਕਾਰ ਹਰ ਮਨੁੱਖ ਕੋਲ ਹੋਣਾ ਚਾਹੀਦਾ ਹੈ।

ਸ਼ੁਭ ਕਰਮਾਂ ਦੁਆਰਾ ਇਕ ਅਕਾਲ ਪੁਰਖ ਪਰਮਾਤਮਾ ਨਾਲ ਪਿਆਰ ਕਰਨ ਦਾ ਨਾਮ ਹੀ ਧਰਮ ਹੈ। ਹਰ ਕੋਈ ਆਪੋ-ਆਪਣੇ ਧਰਮ ਨੂੰ ਸ੍ਰੇਸ਼ਟ ਮੰਨਦਾ ਹੈ। ਕਿਸੇ ਨੂੰ ਵੀ ਦੂਸਰੇ ਦੇ ਧਰਮ ਵਿਚ ਦਖ਼ਲ ਦੇਣ ਦਾ ਕੋਈ ਹੱਕ ਨਹੀਂ। ਇਸੇ ਤਰ੍ਹਾਂ ਬਰਾਬਰੀ ਵਾਲਾ ਇਕ ਸਮਾਨ ਜੀਵਨ ਜਿਊਣਾ ਹਰ ਮਨੁੱਖ ਦਾ ਮੌਲਿਕ ਅਧਿਕਾਰ ਹੈ। ਮੌਲਿਕ ਅਧਿਕਾਰ ਸਮਾਨਤਾ ਦੀ ਭਾਵਨਾ ਨੂੰ ਉਤਸ਼ਾਹਿਤ ਕਰਨ 'ਤੇ ਜ਼ੋਰ ਦਿੰਦੇ ਹਨ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਧਰਮ ਸੰਬੰਧੀ ਦੋ ਵਿਰੋਧੀ ਮਤਾਂ ਦੇ ਟਕਰਾਉ ਦਾ ਨਤੀਜਾ ਸੀ। ਇਕ ਪਾਸੇ ਗੁਰੂ ਜੀ ਦਾ ਵਿਸ਼ਾਲ ਮਾਨਵ-ਵਾਦੀ ਧਰਮ ਸੀ ਅਤੇ ਦੂਜੇ ਪਾਸੇ ਮੁਗਲ ਬਾਦਸ਼ਾਹ ਔਰੰਗਜ਼ੇਬ ਦਾ ਸੌੜਾ ਫਿਰਕੇਦਾਰਾਨਾ ਧਰਮ ਸੀ, ਜਿਸ ਦਾ ਘੇਰਾ ਇਕ ਧਰਮ ਤੱਕ ਹੀ ਸੀਮਤ ਸੀ।

ਕਰਮ ਧਰਮ ਕੀ ਜਿਨਿ ਪਤਿ ਰਾਖੀ। ਅਟਲ ਕਰੀ ਕਲਜੁਗ ਮੈਂ ਸਾਖੀ॥੧੪॥

(ਸ੍ਰੀ ਗੁਰ ਸੋਭਾ)

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਬਚਪਨ ਦਾ ਨਾਮ ਤਿਆਗ ਮੱਲ ਸੀ। 'ਗੁਰ ਬਿਲਾਸ ਪਾਤਸ਼ਾਹੀ ੬' ਕ੍ਰਿਤ ਕਵੀ ਸੋਹਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਕੁਝ ਹੀ ਵਰ੍ਹੇ ਬਾਅਦ ਲਿਖਿਆ ਗਿਆ ਸੀ। ਇਸ ਅਨੁਸਾਰ ਸ੍ਰੀ ਗੁਰੂ ਤੇਗ ਬਹਾਦਰ

* *ਇੰਚਾਰਜ, (ਗੁਰਮਤਿ ਪ੍ਰਕਾਸ਼/ਗੁਰਮਤਿ ਗਿਆਨ) ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ. ੯੮੧੪੮੯੮੧੨੪*

ਸਾਹਿਬ ਜੀ ਦੇ ਪ੍ਰਕਾਸ਼ ਸਮੇਂ ਉਨ੍ਹਾਂ ਦੇ ਪਿਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ "ਦੀਨ ਰਛ ਸੰਕਟ ਹਰੈ" ਦੇ ਸ਼ਬਦ ਉਚਾਰਨ ਕਰ ਭਵਿੱਖ ਨੂੰ ਦ੍ਰਿਸ਼ਟੀਗੋਚਰ ਕਰ ਕੇ ਫੁਰਮਾਇਆ ਕਿ ਇਹ ਬਾਲਕ ਨਿਥਾਵਿਆਂ ਦੀ ਥਾਂ ਅਤੇ ਗਏ ਗੁਜ਼ਰਿਆਂ ਦੀ ਟੇਕ ਹੋਵੇਗਾ। ਅਜਰ ਨੂੰ ਜਰਨ ਵਾਲਾ, ਧੀਰਜ ਦਾ ਧੁਰੰਧਰ, ਆਪਾ ਵਾਰਨ ਵਾਲਾ ਹੋਵੇਗਾ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਖ਼ਸੀਅਤ ਦੀ ਉਸਾਰੀ ਵਿਚ ਮਾਤਾ ਨਾਨਕੀ ਜੀ ਦਾ ਬਹੁਤ ਵੱਡਾ ਯੋਗਦਾਨ ਹੈ। ਆਪ ਜੀ ਦੇ ਸਾਰੇ ਗੁਣ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਖ਼ਸੀਅਤ ਦਾ ਵੀ ਸ਼ਿੰਗਾਰ ਬਣ ਗਏ। ਆਪ ਜੀ ਦੇ ਬਚਪਨ ਦੀ ਇੱਕ ਸਾਖੀ ਅਨੁਸਾਰ ਆਪ ਜੀ ਚਾਰ ਕੁ ਸਾਲ ਦੇ ਸਨ ਤਾਂ ਵੱਡੇ ਭਰਾਤਾ ਬਾਬਾ ਗੁਰਦਿੱਤਾ ਜੀ ਦੀ ਸ਼ਾਦੀ ਸਮੇਂ ਮਾਤਾ ਜੀ ਨੇ ਆਪ ਜੀ ਨੂੰ ਰੇਸ਼ਮੀ ਕੱਪੜੇ, ਕੈਂਠਾ ਅਤੇ ਸੋਨੇ ਦੇ ਕੜੇ ਪਹਿਨਾ ਜੰਞ ਨਾਲ ਭੇਜਣ ਲਈ ਤਿਆਰ ਕੀਤਾ। ਆਪ ਜੀ ਨੇ ਸੜਕ ਕਿਨਾਰੇ ਇਕ ਗਰੀਬ ਨੰਗੇ ਬਾਲਕ ਨੂੰ ਦੇਖਿਆ ਜੋ ਕਿ ਜੰਞ ਦੇਖ ਰਿਹਾ ਸੀ। ਉਸ ਦੀ ਦੁਰਦਸ਼ਾ ਦੇਖਦੇ ਸਾਰ ਹੀ ਆਪਣੇ ਸਾਰੇ ਕੱਪੜੇ ਉਤਾਰ ਉਸ ਨੂੰ ਪਹਿਨਾ ਦਿੱਤੇ। ਇੱਥੋਂ ਤਕ ਕਿ ਕੈਂਠਾ ਅਤੇ ਕੜੇ ਵੀ। ਵਾਪਸ ਗੁਰੂ ਕੇ ਮਹਿਲ ਪਹੁੰਚੇ ਤਾਂ ਮਾਤਾ ਨਾਨਕੀ ਜੀ ਨੇ ਦੇਖਦੇ ਸਾਰ ਪੁੱਛਿਆ, ਤੁਹਾਡੇ ਬਸਤਰ ਤੇ ਗਹਿਣੇ ਕਿੱਥੇ? ਤਾਂ ਆਪ ਜੀ ਨੇ ਕਿਹਾ ਕਿ 'ਉਸ ਪਾਸ ਨਹੀਂ ਸਨ, ਤੇ ਉਸ ਨੂੰ ਕਿਸੇ ਨੇ ਦੇਣੇ ਵੀ ਨਹੀਂ, ਮੈਨੂੰ ਤਾਂ ਤੁਸੀਂ ਹੋਰ ਦੇ ਦੇਵੋਗੇ।' ਬਚਪਨ ਵਿਚਲੀ ਇਹ ਘਟਨਾ ਗੁਰੂ ਪਾਤਸ਼ਾਹ ਦੇ ਜੀਵਨ ਵਿਚ ਆਉਣ ਵਾਲੀਆਂ ਵੱਡੀਆਂ ਘਟਨਾਵਾਂ ਵੱਲ ਵੀ ਇਸ਼ਾਰਾ ਕਰਦੀ ਹੈ।

ਜੀਵਨ ਵਿਚ ਅੱਗੇ ਜਾ ਕੇ ਇਹ ਬਾਲਕ ਤਿਆਗ ਮੱਲ ਤੋਂ ਤੇਗ ਬਹਾਦਰ ਬਣਦਾ ਹੈ। ਆਪ ਜੀ ਦੇ ਤਿਆਗ ਮੱਲ ਤੋਂ ਤੇਗ ਬਹਾਦਰ ਬਣਨ ਤਕ ਦਾ ਸਫਰ ਸੰਦੇਸ਼ ਦਿੰਦਾ ਹੈ ਕਿ ਸਮਾਜ ਵਿਚ ਆਪਣੇ ਅਧਿਕਾਰਾਂ ਦੇ ਨਾਲ-ਨਾਲ ਦੂਸਰਿਆਂ ਦੇ ਅਧਿਕਾਰਾਂ ਦੀ ਰਾਖੀ ਕਰਨ ਲਈ ਹਰ ਮਨੁੱਖ ਨੂੰ ਮਾਨਸਿਕ ਅਤੇ ਸਰੀਰਿਕ ਤੌਰ 'ਤੇ ਮਜ਼ਬੂਤ ਹੋਣਾ ਚਾਹੀਦਾ ਹੈ। ਜ਼ਿੰਦਗੀ ਵਿਚ ਆਈ ਹਰ ਚੁਣੌਤੀ ਅਤੇ ਜ਼ੁਲਮ ਅੱਗੇ ਝੁਕਣ ਦੀ ਬਜਾਏ ਉਸ ਦਾ ਮੁਕਾਬਲਾ ਕਰਨਾ ਚਾਹੀਦਾ ਹੈ। ਗੁਰੂ ਜੀ ਨੇ ਆਪਣੀ ਬਾਣੀ ਵਿਚ ਵੀ ਪ੍ਰਭੂ ਦੇ ਭੈ-ਭੰਜਨ ਗੁਣ ਵੱਲ ਬਾਰ-ਬਾਰ ਸੰਕੇਤ ਕਰਦਿਆਂ ਦਰਸਾਇਆ ਹੈ ਕਿ ਇਕ ਅਕਾਲ ਪੁਰਖ ਦੀ ਲਗਾਤਾਰ ਅਰਾਧਨਾ ਨਾਲ ਮਨੁੱਖ ਨਾ ਕਿਸੇ ਕੋਲੋਂ ਡਰਦਾ ਹੈ ਅਤੇ ਨਾ ਕਿਸੇ ਨੂੰ ਡਰਾਉਂਦਾ ਹੈ। ਉਸ ਵਿੱਚੋਂ ਡਰ ਦੀ ਭਾਵਨਾ ਖਤਮ ਹੋ ਜਾਂਦੀ ਹੈ। ਜੇ ਕੋਈ ਉਸ ਨੂੰ ਡਰਾਵੇ ਤਾਂ ਉਹ ਡਰਦਾ ਨਹੀਂ, ਸਗੋਂ ਲੋੜ ਪੈਣ 'ਤੇ ਜ਼ੁਲਮ ਦਾ ਟਾਕਰਾ ਕਰਦਾ ਹੈ ਅਤੇ ਮਜ਼ਲੂਮਾਂ ਦੀ ਸਹਾਇਤਾ ਕਰਨ ਲਈ ਹਰ ਸੰਭਵ ਕੁਰਬਾਨੀ ਕਰਦਾ ਹੈ।

ਗੁਰੂ ਜੀ ਵਿਚ ਇਕ ਪ੍ਰਮੁੱਖ ਗੁਣ ਨਿਡਰਤਾ ਦਾ ਸੀ। ਉਨ੍ਹਾਂ ਦਾ ਅਸੂਲ ਸੀ ਕਿ ਨਾ ਕਿਸੇ ਨੂੰ ਡਰਾਓ ਅਤੇ ਨਾ ਕਿਸੇ ਦਾ ਡਰ ਮੰਨੋ।

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥੧੬॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੭)

ਇਹ ਗੱਲ ਸਦਾ ਚੇਤੇ ਰੱਖਣ ਵਾਲੀ ਹੈ ਕਿ ਛੋਟੇ ਹੁੰਦਿਆਂ ਆਪਣੇ ਬਸਤਰਾਂ ਨਾਲ ਗਰੀਬ ਬਾਲਕ ਦਾ ਨੰਗੇਜ਼ ਢੱਕਣ ਵਾਲੇ ਗੁਰੂ ਪਾਤਸ਼ਾਹ ਨੇ ਵੱਡੇ ਹੋ ਕੇ ਕਸ਼ਮੀਰੀ ਬ੍ਰਾਹਮਣਾਂ ਦੇ ਧਰਮ ਦੇ ਅਧਿਕਾਰ ਅਤੇ ਆਜ਼ਾਦੀ ਦੀ ਰੱਖਿਆ ਆਪਣਾ ਸੀਸ ਦੇ ਕੇ ਕੀਤੀ ਅਤੇ 'ਸ੍ਰਿਸ਼ਟੀ ਦੀ ਚਾਦਰ' ਦਾ ਲਕਬ ਹਾਸਲ ਕੀਤਾ:

ਪ੍ਰਗਟ ਭਏ ਗੁਰ ਤੇਗ ਬਹਾਦਰ। ਸਗਲ ਸ੍ਰਿਸਟਿ ਪੈ ਢਾਪੀ ਚਾਦਰ।

(ਸ੍ਰੀ ਗੁਰ ਸੋਭਾ)

ਗੁਰੂ ਨਾਨਕ ਸਾਹਿਬ ਤੋਂ ਪਿੱਛੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਹੀ ਹੋਏ ਹਨ ਜਿਨ੍ਹਾਂ ਨੇ ਦੂਰ-ਦੁਰਾਡੇ ਦੇਸ਼ਾਂ ਵਿਚ ਜਾ ਕੇ ਸਿੱਖੀ ਦਾ ਪ੍ਰਚਾਰ ਕੀਤਾ। ਆਪ ਜੀ ਨੇ ਆਪਣੀ ਗੁਰਿਆਈ ਦਾ ਬਹੁਤਾ ਸਮਾਂ ਪਰਉਪਕਾਰ ਹਿਤ ਸਫਰਾਂ ਵਿਚ ਗੁਜ਼ਾਰਿਆ। ਆਪ ਜੀ ਦੇ ਸਫਰਾਂ ਦਾ ਹਾਲ ਵਾਚੀਏ ਤਾਂ ਪਤਾ ਲੱਗੇਗਾ ਕਿ ਆਪ ਜਿੱਥੇ-ਜਿੱਥੇ ਵੀ ਗਏ ਲੋਕਾਈ ਲਈ ਲੋੜ ਅਨੁਸਾਰ ਭਲਾਈ ਦੇ ਕੰਮ ਕੀਤੇ। ਆਪ ਜੀ ਨੇ ਕੋਲੋਂ ਪੈਸੇ ਖਰਚ ਕਰ ਬਾਂਗਰ ਦੇ ਇਲਾਕੇ ਜੋ ਕਿ ਅੱਜਕਲ੍ਹ ਹਰਿਆਣਾ ਪ੍ਰਦੇਸ਼ ਵਿਚ ਆ ਗਿਆ ਹੈ ਵਿਚ ਕਈ ਖੂਹ ਲਗਵਾਏ।

ਆਪ ਜੀ ਦੀ ਗੁਰਿਆਈ ਕਾਲ ਦੇ ਸਮੇਂ ਔਰੰਗਜ਼ੇਬ ਦਾ ਰਾਜ ਸੀ। ਅਕਬਰ ਦੇ ਰਾਜ ਤੋਂ ਲੈ ਕੇ ਹਿੰਦੂ ਧਰਮ ਨੂੰ ਮੰਨਣ ਵਾਲਿਆਂ ਨੂੰ ਧਾਰਮਿਕ ਅਜ਼ਾਦੀ ਮਿਲੀ ਹੋਈ ਸੀ। ਪਰ ਔਰੰਗਜ਼ੇਬ ਕੱਟੜਪੰਥੀ ਸੀ। ਉਹ ਸਾਰੇ ਹਿੰਦੂਆਂ ਨੂੰ ਮੁਸਲਮਾਨ ਬਣਾਉਣ ਵਿਚ ਵਿਸ਼ਵਾਸ ਰੱਖਦਾ ਸੀ। ਇੱਥੇ ਸਵਾਲ ਕੇਵਲ ਕਸ਼ਮੀਰੀ ਪੰਡਿਤਾਂ ਦਾ ਹੀ ਨਹੀਂ ਸੀ, ਸਗੋਂ ਭਾਰਤ ਵਿਚ ਵੱਸਦੀ ਹਰ ਕੌਮ ਦੇ ਲੋਕਾਂ ਦਾ ਮੁਸਲਮਾਨ ਬਣਨ ਦਾ ਸੀ। ਔਰੰਗਜ਼ੇਬ ਦਾ ਲੋਕਾਂ ਦੇ ਧਰਮ 'ਤੇ ਹਮਲਾ ਬੜੀ ਸੰਜੀਦਾ ਗੱਲ ਸੀ। ਬਾਦਸ਼ਾਹ ਔਰੰਗਜ਼ੇਬ ਦੀ ਧਰਮ ਪਰਿਵਰਤਨ ਦੀ ਇਸ ਧੱਕੇਸ਼ਾਹੀ ਨੀਤੀ ਦੇ ਵਿਰੁੱਧ ਆਪ ਜੀ ਨੇ ਪਿੰਡ-ਪਿੰਡ ਘੁੰਮ ਕੇ ਲੋਕਾਂ ਨੂੰ ਜ਼ਬਰ ਦਾ ਮੁਕਾਬਲਾ ਸਬਰ ਨਾਲ ਕਰਨ ਲਈ ਅਤੇ ਆਉਣ ਵਾਲੇ ਔਖੇ ਸਮੇਂ ਨੂੰ ਬਿਨਾਂ ਡੋਲੇ ਬਰਦਾਸ਼ਤ ਕਰਨ ਦੀ ਸਿੱਖਿਆ ਦਿੱਤੀ।

ਗਿ. ਸੋਹਣ ਸਿੰਘ ਸੀਤਲ ਲਿਖਦੇ ਹਨ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਤੋਂ ਦਿੱਲੀ ਪਹੁੰਚਣ ਦੀ ਥਾਂ ਏਨਾ ਲੰਮਾ ਚੱਕਰ ਕੱਟਣ ਦਾ ਇਕ ਖਾਸ ਮੰਤਵ ਸੀ। ਆਪ ਹਰ ਥਾਂ ਇੱਕੋ ਸਿਧਾਂਤ ਦਾ ਪ੍ਰਚਾਰ ਕਰਦੇ ਜਾਂਦੇ, ਬਾਦਸ਼ਾਹ ਦਾ ਧਰਮ ਹੈ, ਪਰਜਾ ਦੀ ਰੱਖਿਆ ਕਰਨਾ, ਦੋਸ਼ੀਆਂ ਨੂੰ ਸਜ਼ਾ ਦੇਣਾ,

ਮਾੜਿਆਂ ਨਾਲ ਇਨਸਾਫ ਕਰਨਾ। ਰੱਖਿਆ ਦਾ ਅਰਥ ਹੈ, ਹਰ ਪੱਖ ਤੋਂ ਰੱਖਿਆ ਕਰਨਾ। ਜਿੱਥੇ ਪਰਜਾ ਦੇ ਮਾਲ-ਧਨ ਅਤੇ ਮਾਣ-ਸਤਿਕਾਰ ਦੀ ਰੱਖਿਆ ਜ਼ਰੂਰੀ ਹੈ, ਉੱਥੇ ਲੋਕਾਂ ਦੇ ਧਰਮ ਦੀ ਰੱਖਿਆ ਕਰਨਾ ਵੀ ਬਾਦਸ਼ਾਹ ਦਾ ਹੀ ਫ਼ਰਜ਼ ਹੈ। ਸਰਕਾਰ ਨੂੰ ਸਦਾ ਧਰਮ-ਨਿਰਪੱਖ ਹੋਣਾ ਚਾਹੀਦਾ ਹੈ। ਬੇਇਨਸਾਫ ਹੁਕਮਰਾਨ ਨਾ ਲੋਕਾਂ ਦਾ ਪਿਆਰ ਪ੍ਰਾਪਤ ਕਰ ਸਕਦਾ ਹੈ, ਨਾ ਖ਼ੁਦਾ ਦਾ। ਆਪ ਨੇ ਆਪਣੀਆਂ ਪ੍ਰਚਾਰ-ਯਾਤਰਾਵਾਂ ਦੌਰਾਨ ਲੋਕਾਂ ਨੂੰ ਮਾਣ-ਸਨਮਾਨ ਅਤੇ ਨਿਡਰਤਾ ਨਾਲ ਜੀਣਾ ਸਿਖਾਇਆ। ਦੂਸਰਿਆਂ ਲਈ ਜੀਣਾ ਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀਆਂ ਸਿੱਖਿਆਵਾਂ ਦਾ ਮੂਲ-ਸਿਧਾਂਤ ਹੈ।

ਔਰੰਗਜ਼ੇਬ ਨੂੰ ਇਹ ਸੂਹ ਮਿਲੀ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਕਸ਼ਮੀਰੀ ਪੰਡਿਤਾਂ ਦੀ ਗੱਲ ਨੂੰ ਹਮਦਰਦੀ ਨਾਲ ਸੁਣਿਆ ਹੈ ਅਤੇ ਮਦਦ ਕਰਨ ਦਾ ਵਾਅਦਾ ਕਰਦਿਆਂ ਉਨ੍ਹਾਂ ਲਈ ਹਰ ਕੁਰਬਾਨੀ ਕਰਨ ਲਈ ਤਿਆਰ ਹੋ ਗਏ ਹਨ। ਉਸ ਵਾਸਤੇ ਇਹ ਗੱਲ ਬੜੀ ਹੈਰਾਨੀ ਵਾਲੀ ਸੀ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨਾ ਤਾਂ ਬ੍ਰਾਹਮਣ ਹਨ ਕਿਉਂਕਿ ਉਹ ਨਾ ਤਾਂ ਤਿਲਕ ਲਗਾਉਂਦੇ ਹਨ, ਨਾ ਹੀ ਜੰਞੂ ਪਾਉਂਦੇ ਹਨ, ਕਿਉਂਕਿ ਉਨ੍ਹਾਂ ਦੀ ਵਿਚਾਰਧਾਰਾ ਵਿਚ ਇਨ੍ਹਾਂ ਚੀਜ਼ਾਂ ਦੀ ਕੋਈ ਥਾਂ ਨਹੀਂ ਸੀ, ਫਿਰ ਵੀ ਉਨ੍ਹਾਂ ਨੇ ਇਕ ਖੁਦਾ 'ਤੇ ਵਿਸ਼ਵਾਸ ਕਰਨ ਵਾਲਿਆਂ ਦੀ ਬਜਾਇ ਬੁੱਤਪ੍ਰਸਤਾਂ ਨਾਲ ਹਮਦਰਦੀ ਕਿਉਂ ਰੱਖੀ।

ਪਰ ਆਪ ਜੀ ਦੀ ਸ਼ਹੀਦੀ ਵਿਚ ਵੀ ਪਰਉਪਕਾਰ ਦੀ ਭਾਵਨਾ ਸੀ। ਆਪ ਨੇ 'ਤਿਲਕ ਜੰਞੂ' ਲਈ ਸ਼ਹਾਦਤ ਦਿੱਤੀ। ਆਪ ਅਨੁਸਾਰ ਇਹ ਹਰ ਮਨੁੱਖ ਦਾ ਆਪਣਾ ਨਿੱਜੀ ਅਧਿਕਾਰ ਹੈ, ਕਿ ਉਹ ਕਿਸ ਧਰਮ ਵਿਚ ਆਸਥਾ ਰੱਖੇ।

ਪੀੜਤ ਧਿਰ ਲਈ ਆਪਣਾ ਜੀਵਨ ਕੁਰਬਾਨ ਕਰਨਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸਵੈ-ਇਛਿਤ ਫੈਸਲਾ ਸੀ। ਬੇਸ਼ੱਕ ਔਰੰਗਜ਼ੇਬ ਉਸ ਵਕਤ ਇਕ ਸ਼ਕਤੀਸ਼ਾਲੀ ਬਾਦਸ਼ਾਹ ਸੀ ਪਰ ਧਰਮ ਪਰਿਵਰਤਨ ਲਈ ਮਜ਼ਬੂਰ ਹੋਣ ਵਾਲੀ ਪੀੜਤ ਧਿਰ ਦੀ ਬਾਂਹ ਫੜ ਉਨ੍ਹਾਂ ਦੇ ਧਰਮ ਦੇ ਬਚਾਅ ਹਿੱਤ ਸ਼ਹੀਦੀ ਦੇ ਕੇ ਗੁਰੂ ਸਾਹਿਬ ਨੇ ਸੰਦੇਸ਼ ਦਿੱਤਾ ਕਿ:

ਬਾਂਹ ਜਿਨ੍ਹਾਂ ਦੀ ਪਕੜੀਏ ਸਿਰ ਦੀਜੈ ਬਾਹਿ ਨ ਛੋੜੀਏ।
ਗੁਰੂ ਤੇਗ ਬਹਾਦਰ ਬੋਲਿਆ ਧਰ ਪਈਏ ਧਰਮ ਨ ਛੋੜੀਏ। (ਅਗਿਆਤ ਕਵੀ)

ਵੱਖ-ਵੱਖ ਲਿਖਾਰੀਆਂ ਨੇ ਗੁਰੂ ਸਾਹਿਬ ਦੀ ਗ੍ਰਿਫਤਾਰੀ ਦਾ ਹਾਲ ਲਿਖਿਆ ਹੈ। ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਖ਼ਸੀਅਤ ਇੰਨੀ ਦਮਦਾਰ ਸੀ ਜਿਸ ਦਾ ਹਵਾਲਾ 'ਸੂਰਜ ਪ੍ਰਕਾਸ਼' ਵਿਚ ਇਸ ਤਰ੍ਹਾਂ ਦਿੱਤਾ ਗਿਆ ਹੈ ਕਿ "ਔਰੰਗਜ਼ੇਬ ਨੇ ਗੁਰੂ ਸਾਹਿਬ ਨੂੰ ਗ੍ਰਿਫਤਾਰ ਕਰਨ ਲਈ ੧੨੦੦੦ ਦੀ ਗਿਣਤੀ ਵਿਚ ਫੌਜ ਭੇਜੀ। ਦਿੱਲੀ ਦੀ ਸੰਗਤ ਨੇ ਕਾਜ਼ੀ ਵਹਾਬੁਦੀਨ ਨੂੰ ਗੁਰੂ ਸਾਹਿਬ ਨੂੰ ਕੈਦ

ਵਿੱਚੋਂ ਛੁਡਵਾਉਣ ਲਈ ਇਕ ਕਰੋੜ ਵਿਚ ਗੱਲ ਪੱਕੀ ਕਰ ਲਈ। ਪਰ ਗੁਰੂ ਸਾਹਿਬ ਨੇ ਪਤਾ ਲੱਗਣ 'ਤੇ ਸੰਗਤ ਨੂੰ ਕਹਿਲਵਾ ਭੇਜਿਆ ਕਿ ਅਜਿਹਾ ਕੰਮ ਨਹੀਂ ਕਰਨਾ, ਕਿਉਂਕਿ 'ਕਾਰਾਗਾਰ ਆਪ ਹਮ ਲੇ ਹੈਂ' ਤਾਂ ਕਿ ਜ਼ੁਲਮ ਦੀ ਜੜ ਉਖੇੜੀ ਜਾ ਸਕੇ।

ਗੁਰੂ ਜੀ ਦੀ ਸ਼ਹੀਦੀ ਕੇਵਲ ਸਿੱਖ ਇਤਿਹਾਸ ਦੀ ਹੀ ਨਹੀਂ ਬਲਕਿ ਭਾਰਤ ਦੇ ਇਤਿਹਾਸ ਵਿਚ ਇਕ ਵਿਲੱਖਣ ਸਥਾਨ ਰੱਖਦੀ ਹੈ। ਹਿੰਦੂ ਅੱਠ ਸੌ ਸਾਲ ਮੁਸਲਮਾਨਾਂ ਦਾ ਜ਼ੁਲਮ ਸਹਿੰਦੇ ਰਹੇ, ਕਿਸੇ ਇੱਕ ਨੇ ਵੀ ਧਰਮ ਦੀ ਅਜ਼ਾਦੀ ਵਾਸਤੇ ਦ੍ਰਿੜ੍ਹ ਇਰਾਦੇ ਨਾਲ ਸ਼ਹੀਦੀ ਨਹੀਂ ਦਿੱਤੀ। ਉਨ੍ਹਾਂ ਨੇ ਹਿੰਦੂ ਧਰਮ ਵਿਚ ਵਿਸ਼ਵਾਸ ਨਾ ਰੱਖਦਿਆਂ ਹੋਇਆਂ ਵੀ ਹਿੰਦੂ ਧਰਮ ਨੂੰ ਬਚਾਉਣ ਲਈ ਆਪਣੇ ਪ੍ਰਮੁੱਖ ਸਿੱਖਾਂ ਸਮੇਤ ਕੁਰਬਾਨੀ ਦਿੱਤੀ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਮਨੁੱਖੀ ਅਧਿਕਾਰਾਂ ਦੀ ਬਹਾਲੀ ਖਾਤਰ ਕੁਰਬਾਨੀ ਦਿੱਤੀ। ਉਨ੍ਹਾਂ ਦੀ ਕੁਰਬਾਨੀ ਨੇ ਸਿੱਖਾਂ ਨੂੰ ਮਾਰਸ਼ਲ ਕੌਮ ਬਣਾਉਣ ਵਿਚ ਜ਼ਿਕਰਯੋਗ ਯੋਗਦਾਨ ਪਾਇਆ।

ਆਪ ਜੀ ਦੀ ਸ਼ਹੀਦੀ ਉਪਰੰਤ ਆਪ ਜੀ ਦੇ ਨਿਮਾਣੇ ਸੇਵਕ ਭਾਈ ਲੱਖੀ ਸ਼ਾਹ ਵਣਜਾਰੇ ਨੇ ਔਰੰਗਜ਼ੇਬ ਵਰਗੇ ਧਾਕੜ ਹਾਕਮ ਦੇ ਸਾਰੇ ਸਰਕਾਰੀ ਪ੍ਰਬੰਧਾਂ ਨੂੰ ਤਹਿਸ-ਨਹਿਸ ਕਰਦਿਆਂ ਆਪਣੇ ਘਰ ਵਿਚ ਗੁਰੂ ਜੀ ਦੇ ਧੜ ਦਾ ਸਸਕਾਰ ਕਰਕੇ ਸਿੱਖੀ ਦੀ ਸ਼ਾਨ ਵਿਚ ਵਾਧਾ ਕਰਦਿਆਂ ਜ਼ੁਲਮੀ ਮੁਗਲ ਸਰਕਾਰ ਦਾ ਹੰਕਾਰ ਤੋੜ ਦਿੱਤਾ। ਦਿੱਲੀ ਵਿਖੇ ਗੁਰਦੁਆਰਾ ਸ੍ਰੀ ਰਕਾਬ ਗੰਜ ਸਾਹਿਬ ਇਸ ਅਦੁੱਤੀ ਮਿਸਾਲੀ ਸ਼ਹਾਦਤ ਦੀ ਯਾਦਗਾਰ ਵਜੋਂ ਸੁਸ਼ੋਭਿਤ ਹੈ।

ਗੁਰੂ ਜੀ ਦੀ ਬਾਣੀ ਮਨੁੱਖੀ ਚੇਤਨਾ ਨੂੰ ਸੱਚ ਦੇ ਮਾਰਗ 'ਤੇ ਚੱਲਣ ਲਈ ਪ੍ਰੇਰਿਤ ਕਰਦੀ ਹੈ। ਮਾਨਵੀ ਸੋਚ ਦੀ ਸੁਤੰਤਰਤਾ, ਜ਼ਬਰ, ਜ਼ੁਲਮ ਖਿਲਾਫ ਅਵਾਜ਼ ਬੁਲੰਦ ਕਰਦਿਆਂ ਜੀਵਨ ਤਕ ਕੁਰਬਾਨ ਕਰ ਦੇਣ ਦੀ ਭਾਵਨਾ ਪੈਦਾ ਕਰਦੀ ਹੈ। ਆਪ ਜੀ ਦੀ ਬਾਣੀ ਵਿਚ ਬੇਸ਼ੱਕ ਵੈਰਾਗ ਤੇ ਤਿਆਗ ਦੀ ਭਾਵਨਾ ਵਧੇਰੇ ਉਭਰਦੀ ਹੈ, ਜੋ ਮਨੁੱਖ ਨੂੰ ਦੁਨਿਆਵੀ ਰੰਗ-ਤਮਾਸ਼ੇ ਤੋਂ ਵੈਰਾਗ ਅਤੇ ਮੋਹ-ਮਾਇਆ ਵੱਲੋਂ ਤਿਆਗ ਲਈ ਪ੍ਰੇਰਿਤ ਕਰਦੀ ਹੈ। ਪਰ ਇਸ ਦਾ ਇਹ ਅਰਥ ਹਰਗਿਜ਼ ਨਹੀਂ ਕਿ ਗੁਰੂ ਜੀ ਆਪਣੀ ਬਾਣੀ ਰਾਹੀਂ ਨਿਰਾਸ਼ਾਵਾਦ ਦਾ ਪ੍ਰਚਾਰ ਕਰਦੇ ਹਨ। ਜੇਕਰ ਅਜਿਹਾ ਹੁੰਦਾ ਤਾਂ ਗੁਰੂ ਜੀ *'ਕਲੂ ਵਿਚ ਬਡੋ ਸਾਕਾ'* ਨਹੀਂ ਸਨ ਕਰ ਸਕਦੇ। ਉਹ ਜਾਣਦੇ ਸਨ ਕਿ ਉਨ੍ਹਾਂ ਦੀ ਸ਼ਹਾਦਤ ਨਾਲ ਹਿੰਦੂ ਧਰਮ 'ਤੇ ਪਈ ਬਿਪਤਾ ਟਲ ਸਕਦੀ ਹੈ। ਇਸੇ ਲਈ ਉਨ੍ਹਾਂ ਨੇ ਧਰਮ ਰੱਖਿਅਕ ਬਣ *'ਸੀਸੁ ਦੀਆ ਪਰ ਸਿਰਰੁ ਨ ਦੀਆ'* ਅਨੁਸਾਰ ਆਪਣਾ ਜੀਵਨ ਕੁਰਬਾਨ ਕਰ ਦਿੱਤਾ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਖ਼ਸੀਅਤ ਆਉਣ ਵਾਲੀ ਹਰ ਪੀੜ੍ਹੀ ਲਈ ਚਾਨਣ-ਮੁਨਾਰੇ ਦਾ ਕੰਮ ਕਰਦਿਆਂ ਸਦਾ ਕੁਰਬਾਨੀ, ਨਿਸ਼ਕਾਮ ਸੇਵਾ ਅਤੇ ਪਰਉਪਕਾਰ ਲਈ ਪ੍ਰੇਰਨਾ ਸ੍ਰੋਤ ਰਹੀ ਹੈ ਅਤੇ ਅੱਗੋਂ ਵੀ ਰਹੇਗੀ।

ਬੇਸ਼ੱਕ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਦਾ ਧੁਰਾ ਧਰਮ ਦੀ ਆਜ਼ਾਦੀ ਸੀ। ਪਰ ਇਸ ਦਾ ਸੰਬੰਧ ਕਿਸੇ ਇਕ ਧਰਮ ਨਾਲ ਨਾ ਹੋ ਕੇ ਸਮੁੱਚੀ ਮਾਨਵ ਜਾਤੀ ਦਾ ਧਰਮ ਸੀ। ਸ਼ਹਾਦਤ ਦਾ ਪ੍ਰਯੋਜਨ ਭਾਵੇਂ ਤਿਲਕ ਜੰਞੂ ਦੀ ਰੱਖਿਆ ਸੀ, ਪਰ ਇਸ ਦਾ ਉਦੇਸ਼ ਸਮੁੱਚੀ ਮਨੁਖੱਤਾ ਦੀ ਧਾਰਮਿਕ ਆਜ਼ਾਦੀ ਨੂੰ ਕਾਇਮ ਰੱਖਣਾ ਸੀ। ਆਪ ਜੀ ਦੇ ਉਤਰਾਧਿਕਾਰੀ ਅੱਜ ਵੀ ਖਾਲਸਾ ਪੰਥ ਦੇ ਰੂਪ ਵਿਚ ਵਿਸ਼ਵ ਭਰ ਵਿਚ ਮਾਨਵਤਾ ਦੇ ਭਲੇ ਲਈ ਸ਼ਹੀਦੀਆਂ ਪ੍ਰਾਪਤ ਕਰ ਰਹੇ ਹਨ।

ਅੱਜ ਬਹੁਤ ਸਾਰੇ ਸਰਕਾਰੀ ਅਤੇ ਗੈਰ-ਸਰਕਾਰੀ ਸੰਗਠਨ ਹੋਂਦ ਵਿਚ ਆ ਚੁਕੇ ਹਨ, ਜੋ ਮਾਨਵਤਾ ਦੇ ਭਲੇ ਹਿੱਤ ਕਾਰਜਸ਼ੀਲ ਹਨ। ਬਹੁਤ ਸਾਰੇ ਮੁਲਕਾਂ ਨੇ ਰਲ ਕੇ ਸੰਸਾਰ ਦੀ ਇਕ ਵੱਡੀ ਸੰਸਥਾ ਸੰਯੁਕਤ ਰਾਸ਼ਟਰ ਸੰਘ (United Nations Organization) ਵੀ ਹੋਂਦ ਵਿਚ ਲਿਆਂਦੀ ਹੈ। ਜਿਸ ਦੀਆਂ ਅੱਗੇ ਹੋਰ ਕਈ ਉਪ-ਸੰਸਥਾਵਾਂ ਹਨ। ਜਿਹੜੀਆਂ ਸਮੇਂ-ਸਮੇਂ ਸਾਰੇ ਮੁਲਕਾਂ ਨੂੰ ਆਪਸ ਵਿਚ ਪੇਸ਼ ਆਉਂਦੀਆਂ ਸਮੱਸਿਆਵਾਂ ਦਾ ਹੱਲ ਕਰਨ ਲਈ ਯਤਨਸ਼ੀਲ ਰਹਿੰਦੀਆਂ ਹਨ। ਇਸ ਵੱਡੀ ਸੰਸਥਾ ਵੱਲੋਂ ਮਨੁੱਖੀ ਅਧਿਕਾਰਾਂ ਪ੍ਰਤੀ ਚੇਤਨਾ ਪੈਦਾ ਕਰਨ ਲਈ ੧੦ ਦਸੰਬਰ ੧੯੪੮ ਨੂੰ ਸੰਯੁਕਤ ਰਾਸ਼ਟਰ ਵਿਖੇ ਮਨੁੱਖੀ ਅਧਿਕਾਰਾਂ ਦੀ ਵਕਾਲਤ ਕਰਦੇ ਹੋਏ ਉਨ੍ਹਾਂ ਪ੍ਰਤੀ ਸੁਚੇਤ ਕਰਨ ਹਿਤ ਸਰਬ-ਸਾਂਝਾ ਘੋਸ਼ਣਾ ਪੱਤਰ ਵੀ ਜਾਰੀ ਕੀਤਾ ਗਿਆ। ਜਿਸ ਨੂੰ ਯੂਨਾਈਟਿਡ ਨੇਸ਼ਨ ਯੂਨੀਵਰਸਲ ਡੈਕਲਾਰੇਸ਼ਨ ਆਫ ਹਿਊਮਨ ਰਾਈਟਸ ੧੯੪੮ ਦਾ ਨਾਂ ਦਿੱਤਾ ਗਿਆ ਸੀ। ਇਸ ਦਿਨ ਨੂੰ 'ਮਨੁੱਖੀ ਅਧਿਕਾਰ ਦਿਵਸ' ਵਜੋਂ ਮਨਾਉਣ ਦਾ ਸੰਦੇਸ਼ ਦਿੱਤਾ ਗਿਆ। ਕਿਸੇ ਵੀ ਮੁਲਕ ਦੀ ਕੋਈ ਵੀ ਸੰਸਥਾ ਇਹ ਦਿਵਸ ਮਨਾਉਣ ਲਈ ਅਜ਼ਾਦ ਹੈ, ਬਸ਼ਰਤੇ ਕਿ ਉਸ ਦੁਆਰਾ ਕੀਤੇ ਜਾ ਰਹੇ ਕਾਰਜਾਂ ਵਿੱਚੋਂ ਮਨੁੱਖੀ ਅਧਿਕਾਰਾਂ ਪ੍ਰਤੀ ਚੇਤਨਾ ਪ੍ਰਗਟ ਹੁੰਦੀ ਹੋਵੇ।

ਗੁਰੂ ਸਾਹਿਬ ਜੀ ਦੀ ਸ਼ਹਾਦਤ ਤੋਂ ਪ੍ਰੇਰਿਤ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਸਮੇਂ-ਸਮੇਂ 'ਤੇ ਆਪਣੇ ਜਨਰਲ ਹਾਊਸ ਵਿਚ ਮਨੁੱਖੀ ਅਧਿਕਾਰਾਂ ਦੇ ਹੱਕ ਵਿਚ ਕਾਲੇ ਕਾਨੂੰਨਾਂ ਖਿਲਾਫ ਮਤੇ ਪਾ ਕੇ ਹੁਕਮਰਾਨਾਂ ਵੱਲੋਂ ਕੀਤੀ ਜਾਂਦੀ ਨਾ-ਇਨਸਾਫੀ ਲਈ ਆਵਾਜ਼ ਚੁੱਕਦੀ ਰਹਿੰਦੀ ਹੈ। ਜਿਵੇਂ ਕਿ ਸਜ਼ਾ ਪੂਰੀ ਕਰ ਚੁੱਕੇ ਬੰਦੀ ਸਿੰਘਾਂ ਨੂੰ ਰਿਹਾ ਕਰਾਉਣਾ, ਸ. ਜਸਵੰਤ ਸਿੰਘ ਖਾਲੜਾ ਦੇ ਅਗਵਾ ਕੇਸ ਦੀ ਪੜਤਾਲ ਕਰਵਾਉਣ ਸੰਬੰਧੀ ਆਦਿ। ਵੱਖ-ਵੱਖ ਦੇਸ਼ਾਂ ਵਿਚ ਵੱਸਦੇ ਸਿੱਖ ਭਾਈਚਾਰੇ ਵਿਰੁੱਧ ਵਿਤਕਰੇ ਅਤੇ ਨਸਲੀ ਹਮਲਿਆਂ ਦੀ ਨਿਖੇਧੀ ਆਦਿ ਦੇ ਮਤੇ ਪਾ ਕੇ ਸਮੇਂ-ਸਮੇਂ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਿਭਿੰਨ ਦੇਸ਼ਾਂ ਦੇ ਹੁਕਮਰਾਨਾਂ ਤਕ ਆਪਣੀ ਮੰਗ ਪਹੁੰਚਾਈ ਜਾਂਦੀ ਹੈ। ਸੰਸਥਾ ਵੱਲੋਂ ਨਾ ਕੇਵਲ ਦੇਸ਼-ਵਿਦੇਸ਼ ਵਿਚ ਵੱਸਦੇ ਸਿੱਖਾਂ ਦੇ ਹੱਕਾਂ ਲਈ ਮਤੇ ਪਾ ਕੇ ਆਵਾਜ਼ ਬੁਲੰਦ ਕੀਤੀ ਜਾਂਦੀ ਹੈ ਬਲਕਿ ਸਮੁੱਚੀ ਮਨੁੱਖਤਾ ਲਈ ਚਾਹੇ ਉਹ ਕਿਸੇ ਵੀ ਧਰਮ ਦੀ ਪੈਰੋਕਾਰ

ਹੋਵੇ, ਦੇ ਹੱਕਾਂ ਲਈ ਵੀ ਸਮੇਂ-ਸਮੇਂ 'ਤੇ ਆਪਣੇ ਜਨਰਲ ਹਾਊਸ ਵਿਚ ਮਤੇ ਪਾ ਕੇ ਹੁਕਮਰਾਨਾਂ ਤਕ ਆਵਾਜ਼ ਪਹੁੰਚਾਈ ਜਾਂਦੀ ਹੈ।

ਮਨੁੱਖੀ ਅਧਿਕਾਰਾਂ ਤਹਿਤ ਹੀ ਹਰ ਮਨੁੱਖ ਦਾ ਇਹ ਮੌਲਿਕ ਅਧਿਕਾਰ ਹੈ ਕਿ ਉਸ ਨੂੰ ਸਿਹਤਮੰਦ ਜੀਵਨ ਜਿਊਣ ਲਈ ਸਾਫ-ਸੁਥਰਾ ਵਾਤਾਵਰਣ ਮੁਹੱਈਆ ਕਰਵਾਇਆ ਜਾਵੇ। ਇਸੇ ਤਹਿਤ ਹਵਾ-ਪਾਣੀ ਦੀ ਸ਼ੁਧਤਾ ਅਤੇ ਮਿਲਾਵਟਖੋਰੀ ਦੇ ਵਿਰੋਧ ਵਿਚ ਵੀ ਜਿੱਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਮੇਸ਼ਾਂ ਆਪ ਜਾਗਰੂਕ ਰਹਿੰਦੀ ਹੈ ਉੱਥੇ ਆਮ ਜਨਤਾ ਅਤੇ ਸਰਕਾਰ ਨੂੰ ਵੀ ਜਾਗਰੂਕ ਕਰਦੀ ਰਹਿੰਦੀ ਹੈ। ਇਸੇ ਤਹਿਤ ਸੰਸਥਾ ਵੱਲੋਂ ਜਨਰਲ ਹਾਊਸ ਵਿਚ ਸਪੈਸ਼ਲ ਮਤਾ ਪਾ ਕੇ ਜਿੱਥੇ ਵਾਤਾਵਰਣ ਦੀ ਸੰਭਾਲ ਲਈ ਚਿੰਤਾ ਕਰਦਿਆਂ ਮੱਤੇਵਾੜਾ ਜੰਗਲ ਬਚਾਉਣ ਵਿਚ ਅਹਿਮ ਭੂਮਿਕਾ ਨਿਭਾਈ ਗਈ, ਉੱਥੇ ਹੀ ਆਪਣੇ ਪ੍ਰਬੰਧ ਅਧੀਨ ਆਉਂਦੇ ਗੁਰਦੁਆਰਾ ਸਾਹਿਬਾਨ ਵਿਚ ਇੱਕ-ਇੱਕ ਏਕੜ ਜ਼ਮੀਨ ਵਿਚ ਬਾਗ ਲਗਾ ਕੇ ਵਾਤਾਵਰਣ ਨੂੰ ਬਚਾਉਣ ਲਈ ਅਹਿਮ ਮਤਾ ਪਾ ਕੇ ਮਾਨਵਤਾ ਦੀ ਭਲਾਈ ਅਤੇ ਕੁਦਰਤ ਦੀ ਸੁੰਦਰਤਾ ਲਈ ਅਹਿਮ ਭੂਮਿਕਾ ਨਿਭਾਈ ਜਾ ਰਹੀ ਹੈ।

ਸੰਸਾਰ ਭਰ ਵਿਚ ਕਿਤੇ ਵੀ ਹੜ੍ਹ, ਤੂਫਾਨ, ਸੁਨਾਮੀ, ਭੁਚਾਲ ਅਤੇ ਕਰੋਨਾ ਆਦਿ ਵਰਗੀਆਂ ਕੁਦਰਤੀ ਆਫਤਾਂ ਆਉਣ ਦੀ ਸੂਰਤ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮਾਨਵਤਾ ਦੇ ਮੌਲਿਕ ਅਧਿਕਾਰਾਂ ਦੀ ਪੂਰਤੀ ਹਿੱਤ ਸਭ ਤੋਂ ਪਹਿਲਾਂ ਪੀੜਤਾਂ ਤਕ ਪਹੁੰਚਦੀ ਹੈ। ਗੁਰੂ-ਘਰਾਂ ਦੇ ਦਰਵਾਜ਼ੇ ਬਿਪਤਾ ਮਾਰਿਆਂ ਲਈ ਖੋਲ੍ਹ ਦਿੱਤੇ ਜਾਂਦੇ ਹਨ। ਸੰਸਥਾ ਪੀੜਤਾਂ ਦੀਆਂ ਮੌਲਿਕ ਜ਼ਰੂਰਤਾਂ ਖਾਣ-ਪੀਣ ਦੇ ਪਦਾਰਥ, ਪਹਿਨਣ ਅਤੇ ਰਹਿਣ ਲਈ ਬਸਤਰ ਅਤੇ ਟੈਂਟ ਅਤੇ ਬੀਮਾਰੀ ਦੀ ਸੂਰਤ ਵਿਚ ਨਾ ਕੇਵਲ ਦਵਾਈਆਂ ਆਦਿ ਪਹੁੰਚਾਉਂਦੀ ਹੈ ਸਗੋਂ ਸੰਸਥਾ ਦੇ ਮੁਲਾਜ਼ਮ ਵੀ ਮਾਨਵਤਾ ਦੀ ਸੇਵਾ ਦੇ ਤੌਰ 'ਤੇ ਪੀੜਤਾਂ ਦੀ ਮਦਦ ਲਈ ਭੇਜਦੀ ਹੈ, ਜੋ ਕਿ ਗੁਰੂ ਸਾਹਿਬ ਦੀ ਸ਼ਹਾਦਤ ਤੋਂ ਪ੍ਰੇਰਨਾ ਲੈ ਕੇ ਆਪਣੇ-ਆਪ ਨੂੰ ਖਤਰਿਆਂ ਵਿਚ ਪਾ ਕੇ ਦੁਖੀ ਲੋਕਾਈ ਦੀ ਸਹਾਇਤਾ ਕਰਦੇ ਹਨ।

ਸਹਾਇਕ ਪੁਸਤਕ ਸੂਚੀ:

੧. *ਗੁਰੂ ਤੇਗ ਬਹਾਦਰ ਸਿਮ੍ਰਤੀ ਗ੍ਰੰਥ:* ਸੰਪਾਦਕ ਸ. ਸਤਿਬੀਰ ਸਿੰਘ

੨. *ਗੁਰੂ ਤੇਗ ਬਹਾਦਰ ਜੀਵਨ, ਸੰਦੇਸ਼ ਤੇ ਸ਼ਹਾਦਤ:* ਸੰਪਾਦਕ ਤਾਰਨ ਸਿੰਘ

੩. *ਸਿੱਖ ਅਧਿਐਨ:* ਡਾ. ਪਰਮਵੀਰ ਸਿੰਘ

੪. *ਸਿੱਖ ਵਿਚਾਰਧਾਰਾ:* ਪ੍ਰੋ. ਪ੍ਰੀਤਮ ਸਿੰਘ ਐਮ.ਏ.

੫. *ਗੁਰਮਤਿ ਪ੍ਰਕਾਸ਼:* ਸਤੰਬਰ/ਨਵੰਬਰ ੧੯੯੮, ਨਵੰਬਰ ੨੦੧੨

੬. *Sri Guru Tegh Bahadur sahib ji, Virtus & Values:* Dr. Jaswinder Singh

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸੇਵਕ ਅਤੇ ਸਨਮੁਖ ਸ਼ਹੀਦ ਸਿੱਖ

*-ਡਾ. ਰਾਜਵਿੰਦਰ ਸਿੰਘ 'ਜੋਗਾ'**

ਸਿੱਖ ਧਰਮ ਵਿਚ ਗੁਰੂ ਸਾਹਿਬਾਨ ਦੇ ਗੁਰੂ-ਪ੍ਰੇਮ ਵਿਚ ਰੱਤੇ ਗੁਰਸਿੱਖਾਂ ਤੇ ਸ਼ਰਧਾਲੂਆਂ ਨੇ ਜਿੱਥੇ ਸਮੇਂ-ਸਮੇਂ ਲੋੜੀਂਦੀਆ ਬੇਅੰਤ ਸੇਵਾਵਾਂ ਕੀਤੀਆਂ ਹਨ, ਉੱਥੇ ਅਦੁੱਤੀ ਕੁਰਬਾਨੀਆਂ ਵੀ ਦਿੱਤੀਆਂ ਹਨ। ਸਿੱਖ ਇਤਿਹਾਸ ਵਿਚ ਗੁਰੂ ਨਾਨਕ ਪਾਤਸ਼ਾਹ ਜੀ ਦੇ ਸੇਵਕ ਭਾਈ ਤਾਰੂ ਪੋਪਟ ਨੂੰ ਸਮੇਂ ਦੇ ਹੁਕਮਰਾਨਾਂ ਨੇ ਜੀਉਂਦੇ ਜੀ ਫੜ ਕੇ ਅੱਗ ਵਿਚ ਸੁੱਟ ਕੇ ਮਾਰ ਦਿੱਤਾ ਸੀ। ਇਸ ਨੂੰ ਸਿੱਖ ਇਤਿਹਾਸ ਵਿਚ ਪਹਿਲਾ ਸ਼ਹੀਦ ਸਿੱਖ ਮੰਨਿਆ ਜਾਂਦਾ ਹੈ। ਗੁਰ-ਇਤਿਹਾਸ ਵਿਚ ਸਭ ਤੋਂ ਪਹਿਲਾਂ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ਼ਾਂਤਮਈ ਰਹਿੰਦਿਆਂ ਜ਼ੁਲਮ ਦਾ ਸਾਹਮਣਾ ਕਰਦੇ ਹੋਏ ਸ਼ਹਾਦਤ ਦੇ ਕੇ ਆਪਣੇ ਜੀਵਨ ਦੀ ਕੁਰਬਾਨੀ ਦੇਣ ਦੀ ਨੀਂਹ ਰੱਖੀ। ਇਨ੍ਹਾਂ ਦੀ ਸ਼ਹਾਦਤ ਤੋਂ ਬਾਅਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਅਗਵਾਈ ਵਿਚ ਜਰਵਾਣੇ ਹੁਕਮਰਾਨਾਂ ਨਾਲ ਮੈਦਾਨ-ਏ-ਜੰਗ ਵਿਚ ਜੂਝਦੇ ਹੋਏ ਬੇਅੰਤ ਸਿੱਖਾਂ ਨੇ ਸ਼ਹਾਦਤਾਂ ਪ੍ਰਾਪਤ ਕੀਤੀਆਂ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਜ਼ੁਲਮ ਦਾ ਖ਼ਾਤਮਾ ਕਰਨ ਲਈ ਬਿਨਾਂ ਸ਼ਸਤਰ ਚੁੱਕਿਆਂ ਤੇ ਦੁਸ਼ਮਣ ਦਾ ਬਿਨਾਂ ਨੁਕਸਾਨ ਕੀਤਿਆਂ ਐਸੀ ਕੁਰਬਾਨੀ ਕੀਤੀ ਭਾਵ ਆਪਣੀ ਸ਼ਹਾਦਤ ਦੇ ਕੇ ਮੁਗ਼ਲ ਹਕੂਮਤ ਦੀਆਂ ਜੜ੍ਹਾਂ ਹਿਲਾ ਕੇ ਰੱਖ ਦਿੱਤੀਆਂ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਅਦੁੱਤੀ ਸ਼ਹਾਦਤ ਸਮੁੱਚੀ ਮਾਨਵਤਾ ਦੇ ਧਾਰਮਿਕ ਅਧਿਕਾਰਾਂ ਦੀ ਰੱਖਿਆ ਤੇ ਧਾਰਮਿਕ ਚਿੰਨ੍ਹਾਂ ਦੀ ਅਜ਼ਾਦੀ ਲਈ ਦਿੱਤੀ ਗਈ ਇੱਕ ਲਾਸਾਨੀ ਸ਼ਹਾਦਤ ਹੈ। ਇਸ ਪ੍ਰਥਾਇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਫੁਰਮਾਉਂਦੇ ਹਨ:

ਧਰਮ ਹੇਤ ਸਾਕਾ ਜਿਨਿ ਕੀਆ॥ ਸੀਸੁ ਦੀਆ ਪਰ ਸਿਰਰੁ ਨ ਦੀਆ॥

(ਬਚਿਤ੍ਰ ਨਾਟਕ)

ਗੁਰੂ ਸਾਹਿਬ ਨੇ ਸਰਬ-ਲੋਕਾਈ ਨੂੰ ਭਗਤੀ, ਵੈਰਾਗ, ਸੁਤੰਤਰਤਾ, ਨਿਰਭਉ-ਨਿਰਵੈਰ ਤੇ ਸ੍ਵੈ-ਮਾਣ ਦੀ ਸਿੱਖਿਆ ਦਿੱਤੀ। ਇਨ੍ਹਾਂ ਦੇ ਨਕਸ਼-ਏ-ਕਦਮਾਂ 'ਤੇ ਚੱਲਦਿਆਂ ਹੀ ਆਪ ਜੀ ਦੇ ਨਾਲ ਤਿੰਨ ਗੁਰਸਿੱਖਾਂ- ਭਾਈ ਸਤੀ ਦਾਸ ਜੀ, ਭਾਈ ਮਤੀ ਦਾਸ ਜੀ ਤੇ ਭਾਈ ਦਿਆਲਾ ਜੀ ਨੇ ਬਿਨਾਂ ਕਿਸੇ ਡਰ, ਭੈਅ ਦੇ ਆਪਣੇ ਗੁਰੂ ਦੇ ਸਨਮੁਖ ਅਨੇਕਾਂ ਕਸ਼ਟ ਸਹਾਰਦੇ ਹੋਏ ਸ਼ਹਾਦਤ ਦੇ ਕੇ ਕੁਰਬਾਨੀ ਕਰਨ ਦੀ ਐਸੀ

* *ਇੰਚਾਰਜ ਅਤੇ ਐਸੋ. ਸੰਪਾਦਕ, ਗੁਰਦੁਆਰਾ ਗਜ਼ਟ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ. ੯੫੦੧੩-੦੦੪੫੯*

ਮਿਸਾਲ ਕਾਇਮ ਕੀਤੀ ਕਿ ਦੁਨੀਆਂ ਅੱਜ ਵੀ ਉਨ੍ਹਾਂ ਨੂੰ ਯਾਦ ਕਰਦੀ ਹੈ ਤੇ ਹਮੇਸ਼ਾ ਕਰਦੀ ਰਹੇਗੀ। ਗੁਰੂ ਸਾਹਿਬ ਜੀ ਦੇ ਸਨਮੁਖ ਜਿੱਥੇ ਇਨ੍ਹਾਂ ਤਿੰਨ ਗੁਰਸਿੱਖਾਂ ਨੇ ਸ਼ਹਾਦਤ ਪ੍ਰਾਪਤ ਕੀਤੀ, ਉੱਥੇ ਗੁਰੂ-ਹਜ਼ੂਰੀ ਵਿਚ ਸਮੇਂ-ਸਮੇਂ ਸੇਵਾਵਾਂ ਵਿਚ ਤਤਪਰ ਰਹਿਣ ਵਾਲੇ ਬੇਅੰਤ ਸਿੱਖ ਤੇ ਸ਼ਰਧਾਲੂ ਐਸੇ ਸਨ, ਜਿਹੜੇ ਆਪਣੀਆਂ-ਆਪਣੀਆਂ ਮਹਾਨ ਸੇਵਾਵਾਂ ਪ੍ਰਥਾਇ ਸਿੱਖ ਇਤਿਹਾਸ ਦੇ ਸੁਨਹਿਰੀ ਪੰਨਿਆਂ ਵਿਚ ਸਦੀਵੀ ਤੌਰ 'ਤੇ ਵਿਦਮਾਨ ਹੋ ਗਏ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਗੁਰੂ-ਕਾਲ ਵਿਚ ਐਸੇ ਹੀ ਗੁਰਸਿੱਖਾਂ ਵਿਚ ਵਿਸ਼ੇਸ਼ ਜ਼ਿਕਰ ਆਉਂਦਾ ਹੈ- ਭਾਈ ਮੱਖਣ ਸ਼ਾਹ ਜੀ ਲੁਬਾਣਾ, ਭਾਈ ਲੱਖੀ ਸ਼ਾਹ ਜੀ ਵਣਜਾਰਾ ਅਤੇ ਭਾਈ ਜੈਤਾ (ਬਾਬਾ ਜੀਵਨ ਸਿੰਘ) ਜੀ ਦਾ। ਭਾਈ ਮੱਖਣ ਸ਼ਾਹ ਜੀ ਉਹ ਮਹਾਨ ਗੁਰਸਿੱਖ ਸਨ ਜਿਨ੍ਹਾਂ ਨੇ ਗੁਰੂ ਸਾਹਿਬ ਨੂੰ ਸੰਕੇਤ-ਮਈ ਗੁਰਿਆਈ ਮਿਲਣ ਉਪਰੰਤ "ਗੁਰੂ ਲਾਧੋ ਰੇ, ਗੁਰੂ ਲਾਧੋ ਰੇ" ਦਾ ਹੋਕਾ ਦੇ ਕੇ ਆਪਣੀ ਸ਼ਰਧਾ ਤੇ ਗੁਰੂ-ਪ੍ਰੇਮ ਰਾਹੀਂ ਗੁਰੂ ਰੂਪ ਵਿਚ ਪ੍ਰਗਟ ਕੀਤਾ। ਭਾਈ ਲੱਖੀ ਸ਼ਾਹ ਜੀ ਵਣਜਾਰਾ ਜਿਨ੍ਹਾਂ ਨੇ ਹੁਕਮਰਾਨਾਂ ਦੇ ਸਖ਼ਤ ਹੁਕਮ ਅਤੇ ਡਰ, ਭੈਅ ਦੀ ਪਰਵਾਹ ਨਾ ਕਰਦਿਆਂ ਗੁਰੂ ਸਾਹਿਬ ਦੇ ਸ਼ਹੀਦ ਹੋਣ ਉਪਰੰਤ ਉਨ੍ਹਾਂ ਦੇ ਧੜ ਦੀ ਬੇਅਦਬੀ ਹੋਣ ਤੋਂ ਬਚਾਉਂਦਿਆਂ ਸਤਿਕਾਰ ਸਾਹਿਤ ਸਸਕਾਰ ਕੀਤਾ। ਭਾਈ ਜੈਤਾ ਜੀ ਨੇ ਜਾਨ 'ਤੇ ਹੂਲ ਕੇ ਗੁਰੂ ਸਾਹਿਬ ਦੇ ਪਾਵਨ ਸੀਸ ਨੂੰ ਚੁੱਕ ਕੇ ਸਤਿਕਾਰ ਸਹਿਤ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੋਲ ਸ੍ਰੀ ਅਨੰਦਪੁਰ ਸਾਹਿਬ ਪਹੁੰਚਾਇਆ।

ਹਥਲੇ ਲੇਖ ਵਿਚ ਇਨ੍ਹਾਂ ਛੇ ਗੁਰਸਿੱਖਾਂ ਦੀਆਂ ਗੁਰੂ-ਹਜ਼ੂਰੀ ਵਿਚ ਸਮੇਂ-ਸਮੇਂ ਕੀਤੀਆਂ ਸੇਵਾਵਾਂ ਅਤੇ ਸ਼ਹਾਦਤਾਂ ਬਾਰੇ ਹੇਠ ਲਿਖੇ ਅਨੁਸਾਰ ਸੰਖੇਪ ਵਰਣਨ ਕੀਤਾ ਜਾ ਰਿਹਾ ਹੈ।

ਭਾਈ ਮੱਖਣ ਸ਼ਾਹ ਜੀ ਲੁਬਾਣਾ

ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਗੁਰਿਆਈ ਕਾਲ ਦੌਰਾਨ ਗੁਰੂ ਹਜ਼ੂਰੀ ਵਿਚ ਸਭ ਤੋਂ ਪਹਿਲਾਂ ਭਾਈ ਮੱਖਣ ਸ਼ਾਹ ਜੀ ਲੁਬਾਣਾ ਦੀ ਸੇਵਾ ਦਾ ਵਰਣਨ ਮਿਲਦਾ ਹੈ। ਇਨ੍ਹਾਂ ਦੇ ਵਡੇਰੇ ਗੁਰੂ-ਘਰ ਦੇ ਅਨਿੰਨ ਸ਼ਰਧਾਲੂ ਸਨ ਤੇ ਸਮੇਂ-ਸਮੇਂ ਗੁਰੂ-ਦਰਬਾਰ ਵਿਚ ਸੇਵਾਵਾਂ ਨਿਭਾਉਂਦੇ ਰਹਿੰਦੇ ਸਨ। ਇਤਿਹਾਸ ਵਿਚ ਜ਼ਿਕਰ ਮਿਲਦਾ ਹੈ ਕਿ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਕਸ਼ਮੀਰ ਵੱਲ ਪਧਾਰੇ ਤਾਂ ਉਸ ਸਮੇਂ ਇਨ੍ਹਾਂ ਦੇ ਵੱਡੇ ਬਜ਼ੁਰਗ ਸ੍ਰੀ ਬਿੰਨਾ ਜੀ ਨੇ ਸਿੱਖੀ ਧਾਰਨ ਕੀਤੀ ਸੀ ਤੇ ਫਿਰ ਅੱਗੇ ਪੁਸ਼ਤ-ਦਰ-ਪੁਸ਼ਤ ਇਨ੍ਹਾਂ ਦਾ ਪਰਵਾਰ ਗੁਰੂ-ਘਰ ਨਾਲ ਜੁੜਿਆ ਰਿਹਾ। ਇਹ ਵਪਾਰ ਦੇ ਨਾਲ-ਨਾਲ ਗੁਰਮਤਿ ਦੇ ਪ੍ਰਚਾਰ ਵਿਚ ਵੀ ਯੋਗਦਾਨ ਪਾ ਰਹੇ ਸਨ। ਭਾਈ ਮੱਖਣ ਸ਼ਾਹ ਜੀ ਲੁਬਾਣਾ ਦਾ ਪਰਿਵਾਰਕ ਪਿਛੋਕੜ ਪੋਲੀਆ ਗੋਤਰ ਬਣਜਾਰਾ ਦੇ ਸ੍ਰੀ ਬੋਹੜੂ ਸ਼ਾਹ ਜੀ ਦੀ ਬੰਸ ਨਾਲ ਸੀ। ਆਪ ਜੀ ਸ੍ਰੀ ਬਿੰਨੇ ਦੇ ਪੜਪੋਤਰੇ, ਸ੍ਰੀ

ਅਰਬੇ ਦੇ ਪੋਤਰੇ ਅਤੇ ਸ੍ਰੀ ਦਾਸ ਸ਼ਾਹ ਦੇ ਸਪੁੱਤਰ ਸਨ। 'ਗੁਰੂ ਕੀਆਂ ਸਾਖੀਆਂ' ਅਨੁਸਾਰ ਭਾਈ ਮੱਖਣ ਸ਼ਾਹ ਜੀ ਦਾ ਜਨਮ ਸ੍ਰੀ ਬਿੰਨਾ ਜੀ ਦੀ ਬੰਸ ਵਿਚ ਭਾਈ ਦਾਸ ਸ਼ਾਹ ਜੀ ਦੇ ਗ੍ਰਿਹ ਮਾਤਾ ਸਭਰਾਈ ਦੀ ਕੁੱਖੋਂ ਸੰਮਤ ਸੋਲਾਂ ਸੌ ਛਿਆਲੀ, ਵੈਸਾਖ ਵਦੀ ਪੰਚਮੀ ਨੂੰ ਪੇਸ਼ਾਵਰ ਨਗਰ ਵਿਚ ਹੋਇਆ। ਭਾਈ ਮੱਖਣ ਸ਼ਾਹ ਜੀ ਦਾ ਵਿਆਹ ਬੀਬੀ ਸੋਲਜਈ ਨਾਲ ਹੋਇਆ। ਇਨ੍ਹਾਂ ਦੇ ਘਰ ਚਾਰ ਪੁੱਤਰਾਂ- ਭਾਈ ਲਾਲ ਚੰਦ, ਭਾਈ ਜਵੰਦਾ ਸ਼ਾਹ, ਭਾਈ ਕੁਸ਼ਾਲ ਚੰਦ ਤੇ ਭਾਈ ਚੰਦੂ ਸ਼ਾਹ ਜੀ ਦਾ ਜਨਮ ਹੋਇਆ।[੧] ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ ਕਿ "ਇਹ ਸੂਬਾ ਕਸ਼ਮੀਰ ਦੇ ਮੁਜ਼ੱਫਰਾਬਾਦ ਜ਼ਿਲ੍ਹੇ ਦੇ ਟਾਂਡਾ ਨਗਰ ਦੇ ਵਸਨੀਕ ਇਕ ਲੁਬਾਣੇ ਵਪਾਰੀ ਸਨ।"[੨] ਭਾਈ ਮੱਖਣ ਸ਼ਾਹ ਜੀ ਨੇ ਪਿਤਾ-ਪੁਰਖੀ ਵਪਾਰ ਵਾਲਾ ਕਿੱਤਾ ਅਪਣਾਇਆ। ਇਹ ਬਹੁਤ ਵੱਡੇ ਵਪਾਰੀ ਬਣ ਕੇ ਉਭਰੇ ਤੇ ਅਕਸਰ ਹੀ ਦੇਸ਼ਾਂ-ਦੇਸ਼ਾਂਤਰਾਂ ਵਿਚ ਸਮੁੰਦਰੀ ਜਹਾਜ਼ਾਂ ਰਾਹੀਂ ਸਾਮਾਨ ਲੈ ਜਾ ਕੇ ਵਪਾਰ ਕਰਨ ਲੱਗ ਪਏ ਸਨ। ਸਿੱਖ ਪਰੰਪਰਾ ਵਿਚ ਦੱਸਿਆ ਜਾਂਦਾ ਹੈ ਕਿ ਇਕ ਵਾਰ ਭਾਈ ਮੱਖਣ ਸ਼ਾਹ ਜੀ ਲੁਬਾਣਾ ਦਾ ਜਹਾਜ਼ ਸਮੁੰਦਰ ਦੇ ਭਿਆਨਕ ਤੁਫਾਨ ਵਿਚ ਘਿਰ ਗਿਆ ਤੇ ਇਸ ਨੇ ਗੁਰੂ-ਘਰ ਦਾ ਸ਼ਰਧਾਲੂ ਹੋਣ ਕਰ ਕੇ ਗੁਰੂ ਨਾਨਕ ਜੋਤਿ ਦਾ ਧਿਆਨ ਧਰਦਿਆਂ ਮਨ ਵਿਚ ਅਰਦਾਸ ਕੀਤੀ ਕਿ ਮੇਰਾ ਬੇੜਾ ਪਾਰ ਹੋ ਜਾਵੇ ਤੇ ਮੈਂ ਆਪ ਜੀ ਦੇ ਦਰ 'ਤੇ ਪਹੁੰਚ ਕੇ ਮੋਹਰਾਂ ਭੇਟਾ ਕਰਾਂਗਾ। ਇਸ ਦੀ ਅਰਦਾਸ ਪਰਵਾਨ ਹੋਈ। ਵਪਾਰ ਵਾਲਾ ਕਾਰਜ ਪੂਰਾ ਕਰ ਕੇ ਜਦੋਂ ਇਹ ਆਪਣੇ ਦੇਸ਼ ਵਾਪਸ ਪਰਤਿਆ ਤਾਂ ਇਸ ਨੂੰ ਪਤਾ ਲੱਗਿਆ ਕਿ ਅੱਠਵੇਂ ਗੁਰੂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਤਾਂ ਜੋਤੀ ਜੋਤ ਸਮਾਅ ਗਏ ਹਨ ਤੇ ਉਨ੍ਹਾਂ ਦੀ ਥਾਂ ਹੁਣ ਗੁਰੂ-ਜੋਤਿ 'ਬਾਬਾ ਬਕਾਲਾ' ਵਿਖੇ ਬਿਰਾਜਮਾਨ ਹੈ। ਇਹ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਬਕਾਲਾ ਨਗਰ, ਸ੍ਰੀ ਅੰਮ੍ਰਿਤਸਰ ਵਿਖੇ ਪਰਵਾਰ ਸਮੇਤ ਆਇਆ।

ਇਸ ਬਿਰਤਾਂਤ ਪ੍ਰਥਾਇ 'ਗੁਰੂ ਕੀਆਂ ਸਾਖੀਆਂ' ਵਿਚ ਵਰਣਨ ਮਿਲਦਾ ਹੈ ਕਿ 'ਲਾਲ ਚੰਦ ਮੱਖਨ ਸ਼ਾਹ ਕਾ, ਚੰਦੂ ਲਾਲ ਮਖਨ ਸ਼ਾਹ ਕਾ, ਕੁਸ਼ਾਲ ਚੰਦ ਮਖਨ ਸ਼ਾਹ ਕਾ, ਸੋਲਜਈ ਇਸਤਰੀ ਮੱਖਨ ਸ਼ਾਹ ਕੀ ਗੋਤਰ ਪੋਲੀਆ ਬਨਜਾਰਾ। ਬਾਸੀ ਮੋਟਾ ਟਾਂਡਾ ਪ੍ਰਗਨਾ ਮੁਜ਼ਫਰਾਬਾਦ, ਕਸ਼ਮੀਰ, ਸਾਲ ਸਤਰਾਂ ਸੈ ਇਕੀਸ ਦੀਵਾਲੀ ਤੇ ਸ਼ਨੀਵਾਰ ਕੇ ਦਿਹੁੰ ਬਕਾਲੇ ਨਗਰ ਆਇਆ। ਗੁਰੂ ਤੇਗ ਬਹਾਦਰ ਮਹਲ ਨਾਮੇਂ ਕੇ ਦਰਬਾਰ ਮੇਂ ਇੱਕ ਸੌ ਮੋਹਰੈਂ ਭੇਟਾ ਕੀ। ਗੈਲ ਧੂਮਾ ਬੇਟਾ ਨਾਇਕ ਕਾਨ੍ਹੇ ਬਿੰਜਲਉਂਤ ਕਾ ਆਇਆ।'[੩] ਬਕਾਲਾ ਨਗਰੀ ਵਿਚ ਆ ਕੇ ਕੀ ਵੇਖਦਾ ਹੈ? ਕਿ ਇੱਥੇ ਤਾਂ ਕਿੰਨੇ ਹੀ ਆਪੂੰ ਗੁਰੂ ਬਣ ਬੈਠੇ ਹਨ। ਇਸ ਨੇ ਉਨ੍ਹਾਂ ਆਪੂੰ ਬਣੇ ਗੁਰੂਆਂ ਅੱਗੇ ਕੁਝ-ਕੁਝ ਮੋਹਰਾਂ ਧਰ ਕੇ ਮੱਥਾ ਟੇਕਣਾ ਸ਼ੁਰੂ ਕਰ ਦਿੱਤਾ। ਸਾਰਿਆਂ ਨੂੰ ਮੱਥਾ ਟੇਕਣ ਉਪਰੰਤ ਇਸ ਨੇ ਪੁੱਛਿਆ, ਕਿ ਇੱਥੇ ਹੋਰ ਵੀ ਕੋਈ ਗੁਰੂ ਹੈ? ਤਾਂ ਇਸ ਨੂੰ

ਦੱਸਿਆ ਕਿ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਫਰਜ਼ੰਦ ਸ੍ਰੀ (ਗੁਰੂ) ਤੇਗ ਬਹਾਦਰ ਸਾਹਿਬ ਜੀ ਹਨ, ਜੋ ਅਕਸਰ ਹੀ ਬੰਦਗੀ ਵਿਚ ਜੁੜੇ ਰਹਿੰਦੇ ਹਨ। ਇਸ ਨੇ ਜਦੋਂ ਕੋਠੜੀ ਵਿਚ ਜਾ ਪ੍ਰਵੇਸ਼ ਕੀਤਾ ਤਾਂ ਮਨ ਵਿਚ ਸ਼ਾਂਤੀ ਹੀ ਸ਼ਾਂਤੀ ਪਸਰ ਗਈ। ਭਾਈ ਮੱਖਣ ਸ਼ਾਹ ਜੀ ਨੇ ਨਿਉ ਕੇ ਗੁਰੂ ਜੀ ਦੇ ਸਨਮੁਖ ਕੁਝ ਮੋਹਰਾਂ ਧਰ ਕੇ ਮੱਥਾ ਟੇਕਿਆ! ਤਾਂ ਸਤਿਗੁਰੂ ਜੀ ਮੁਸਕਰਾਏ, ਤੇ ਬਚਨ ਕੀਤਾ ਭਾਈ ਗੁਰਮੁਖਾ! ਸਾਡੀ ਪੂਰੀ ਅਮਾਨਤ ਦੇਹ। ਇਸ ਨੇ ਸੁਣਦਿਆਂ ਹੀ ਗਲ ਵਿਚ ਪੱਲੂ ਪਾਇਆ ਤੇ ਕੋਠੇ ਚੜ੍ਹ ਕੇ ਉੱਚੀ-ਉੱਚੀ ਬੋਲਣਾ ਸ਼ੁਰੂ ਕਰ ਦਿੱਤਾ- "ਗੁਰੂ ਲਾਧੋ ਰੇ, ਗੁਰੂ ਲਾਧੋ ਰੇ।" ਗੁਰੂ ਸਾਹਿਬ ਜੀ ਸੰਗਤ ਦੇ ਸਨਮੁਖ ਪ੍ਰਗਟ ਹੋਏ ਤੇ ਸੰਗਤ ਹੁਮ-ਹੁੰਮਾ ਕੇ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਆਉਣ ਲੱਗੀ। ਦੂਜੇ ਪਾਸੇ ਆਪੂੰ ਗੁਰੂ ਬਣੇ ਧੀਰ ਮੱਲ ਤੇ ਹੋਰ ਸੋਢੀਆਂ ਦਾ ਪਾਜ ਉਘੜ ਗਿਆ। ਬਾਕੀ ਸਾਰੇ ਆਪੋ-ਆਪਣੀਆਂ ਗੱਦੀਆਂ ਛੱਡ ਕੇ ਭੱਜ ਗਏ ਪਰ ਧੀਰ ਮੱਲ ਚੁੱਪ ਨਾ ਬੈਠਿਆ, ਉਸ ਨੇ ਆਪਣੇ ਮਸੰਦ ਸੀਂਹੇਂ ਰਾਹੀਂ ਗੁਰੂ ਸਾਹਿਬ ਉਪਰ ਹਮਲਾ ਕਰਵਾ ਕੇ ਗੋਲੀ ਚਲਵਾ ਦਿੱਤੀ ਪਰ ਨਿਸ਼ਾਨਾ ਚੁੱਕ ਜਾਣ ਕਾਰਨ ਗੁਰੂ ਸਾਹਿਬ ਬਚ ਗਏ। ਇਹ ਗੁਰੂ ਸਾਹਿਬ ਦਾ ਸਾਰਾ ਸਾਮਾਨ ਵੀ ਲੁੱਟ ਕੇ ਲੈ ਗਏ। ਜਦੋਂ ਇਸ ਗੱਲ ਦਾ ਭਾਈ ਮੱਖਣ ਸ਼ਾਹ ਜੀ ਨੂੰ ਪਤਾ ਲੱਗਿਆ ਤਾਂ ਉਸ ਨੇ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਸੀਂਹੇਂ ਮਸੰਦ ਨੂੰ ਸਬਕ ਸਿਖਾਇਆ। ਉਸ ਦੁਆਰਾ ਗੁਰੂ ਜੀ ਕੋਲੋਂ ਲੁੱਟਿਆ ਸਾਰਾ ਸਾਮਾਨ ਵੀ ਵਾਪਸ ਲੈ ਆਂਦਾ ਤੇ ਉਸ ਦੀਆਂ ਮੁਸ਼ਕਾਂ ਬੰਨ੍ਹ ਕੇ ਗੁਰੂ ਜੀ ਦੇ ਸਾਹਮਣੇ ਪੇਸ਼ ਕਰ ਦਿੱਤਾ। ਦੀਨ-ਦਇਆਲ ਸਤਿਗੁਰੂ ਜੀ ਭਾਈ ਮੱਖਣ ਸ਼ਾਹ ਦੁਆਰਾ ਅਜਿਹਾ ਕਰਨ 'ਤੇ ਨਰਾਜ਼ ਹੋਏ ਤੇ ਆਪ ਜੀ ਨੇ ਭਾਈ ਮੱਖਣ ਸ਼ਾਹ ਨੂੰ ਹੁਕਮ ਕੀਤਾ ਕਿ ਇਸ ਮਸੰਦ (ਸੀਂਹੇਂ) ਨੂੰ ਤੁਰੰਤ ਛੱਡ ਦਿੱਤਾ ਜਾਵੇ ਤੇ ਸਾਰਾ ਸਾਮਾਨ ਵੀ ਵਾਪਸ ਕਰ ਦਿੱਤਾ ਜਾਵੇ। ਇਸ ਤਰ੍ਹਾਂ ਗੁਰੂ ਸਾਹਿਬ ਨੇ ਧੀਰ ਮੱਲ ਤੇ ਉਸ ਦੇ ਮਸੰਦ ਨੂੰ ਬਖ਼ਸ਼ ਦਿੱਤਾ। ਉਕਤ ਅਨੁਸਾਰ ਜਿੱਥੇ ਭਾਈ ਮੱਖਣ ਸ਼ਾਹ ਜੀ ਨੇ ਸੰਗਤ ਨੂੰ ਗੁਰੂ ਸਾਹਿਬ ਦੇ ਦਰਸ਼ਨ ਕਰਵਾਏ, ਉੱਥੇ ਗੁਰੂ ਸਾਹਿਬ ਦੀ ਸੇਵਾ ਵਿਚ ਤਤਪਰ ਰਹਿ ਕੇ ਅਹਿਮ ਭੂਮਿਕਾ ਨਿਭਾਈ। ਇਤਿਹਾਸ ਵਿਚ ਜ਼ਿਕਰ ਮਿਲਦਾ ਹੈ ਕਿ ਭਾਈ ਮੱਖਣ ਸ਼ਾਹ ਜੀ ਅਤੇ ਇਨ੍ਹਾਂ ਦੇ ਸਪੁੱਤਰ ਬਾਅਦ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਹਜ਼ੂਰ ਅੰਮ੍ਰਿਤ ਛਕ ਕੇ ਸਿੰਘ ਸਜ ਗਏ ਸਨ। 'ਗੁਰੂ ਕੀਆਂ ਸਾਖੀਆਂ' ਅਨੁਸਾਰ ਇਨ੍ਹਾਂ ਵਿੱਚੋਂ ਭਾਈ ਕੁਸ਼ਾਲ ਸਿੰਘ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਲੋਹਗੜ੍ਹ ਦੀ ਜੰਗ ਵਿਚ ਜੂਝਦੇ ਹੋਏ ਸ਼ਹਾਦਤ ਪ੍ਰਾਪਤ ਕੀਤੀ- "...ਸਾਲ ਸਤਰਾਂ ਸੈ ਸਤਵੰਜਾ ਅਸ਼ੁਦ ਪ੍ਰਵਿਸਟੇ ਪਹਿਲੀ ਰਵੀਵਾਰ ਕੇ ਦਿਹੁੰ ਕਿਲ੍ਹਾ ਲੋਹਗੜ੍ਹ ਪਰਗਨਾ ਮਾਖੋਵਾਲ ਸੇ ਖਾਲਸਾ ਦਲ ਕੋ ਗੈਲ ਕੇ ਚਰਨ ਗੰਗਾ ਨਦੀ ਕੇ ਮਲ੍ਹਾਨ ਸਾਮ੍ਹੇਂ ਮਾਥੇ ਘੋਰ ਯੁੱਧ ਕੀਆ। ...ਕੁਸ਼ਾਲ ਸਿੰਘ ਬੇਟਾ ਮਖਣ ਸ਼ਾਹ ਕਾ, ਪੋਤਾ ਦਾਸੇ ਕਾ, ਪੇਲੀਆ ਬਣਜਾਰਾ ਰਣ

ਮੇਂ ਜੂਝ ਕਰ ਮਰੇ। ...''[੪] ਉਕਤ ਅਨੁਸਾਰ ਭਾਈ ਮੱਖਣ ਸ਼ਾਹ ਜੀ ਲੁਬਾਣੇ ਦਾ ਜਿੱਥੇ ਗੁਰੂ-ਘਰ ਨਾਲ ਪ੍ਰੇਮ, ਪਿਆਰ ਤੇ ਸਨੇਹ ਦਾ ਰਿਸ਼ਤਾ ਰਿਹਾ ਹੈ, ਉੱਥੇ ਉਨ੍ਹਾਂ ਦੇ ਪਰਿਵਾਰ ਵਿੱਚੋਂ ਸਿੱਖ ਪੰਥ ਲਈ ਸ਼ਹਾਦਤਾਂ ਵੀ ਪ੍ਰਾਪਤ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ ਇਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੇ ਬਾਬਾ ਬੰਦਾ ਸਿੰਘ ਜੀ ਬਹਾਦਰ ਦੇ ਸਮੇਂ ਤਕ ਵੀ ਸੇਵਾ ਬਾਬਤ ਸੰਬੰਧ ਸਾਹਮਣੇ ਆਉਂਦੇ ਹਨ।

ਭਾਈ ਲੱਖੀ ਸ਼ਾਹ ਜੀ ਵਣਜਾਰਾ

ਭਾਈ ਲੱਖੀ ਸ਼ਾਹ ਜੀ ਵਣਜਾਰਾ ਵੀ ਸਿੱਖ ਇਤਿਹਾਸ ਵਿਚ ਕਿਸੇ ਜਾਣ-ਪਛਾਣ ਦੇ ਮੁਥਾਜ ਨਹੀਂ। ਜਦੋਂ ਵੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਦੀ ਗੱਲ ਚੱਲਦੀ ਹੈ ਤਾਂ ਭਾਈ ਲੱਖੀ ਸ਼ਾਹ ਵਣਜਾਰੇ ਦਾ ਜ਼ਿਕਰ ਜ਼ਰੂਰ ਹੁੰਦਾ ਹੈ। ਭਾਈ ਲੱਖੀ ਸ਼ਾਹ ਜੀ ਪਾਕਿਸਤਾਨ ਦੇ ਜ਼ਿਲ੍ਹਾ ਮੁਜ਼ਫਰਗੜ੍ਹ ਦੇ ਪਿੰਡ ਖੈਰਪੁਰ ਦੇ ਵਸਨੀਕ ਸਨ। ਇਨ੍ਹਾਂ ਦੀ ਜਨਮ ਤਾਰੀਖ ਬਾਰੇ ਕੋਈ ਸਹੀ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ। ਇਤਿਹਾਸ ਵਿਚ ਜ਼ਿਕਰ ਮਿਲਦਾ ਹੈ ਕਿ ਆਪ ਜੀ ਦੇ ਵਡੇਰੇ ਜਾਦਵਬੰਸੀ ਬਾਬਾ ਪੁਰਸ਼ੋਤਮ ਜੀ ਸਨ, ਜੋ ਕਿ ਵੱਖ-ਵੱਖ ਨਗਰਾਂ ਵਿਚ ਜਾ-ਜਾ ਕੇ ਵਪਾਰ ਕਰਦੇ ਸਨ। ਬਾਬਾ ਪੁਰਸ਼ੋਤਮ ਜੀ ਦੇ ਸਪੁੱਤਰ ਭਾਈ ਗੋਧੂ ਰਾਮ ਜੀ ਸਨ ਜੋ ਕਿ ਭਾਈ ਮਾਈ ਦਾਸ ਤੇ ਬਾਬਾ ਬੱਲੂ ਰਾਮ ਜੀ ਦੇ ਮਿੱਤਰ ਸਨ। ਇਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਫੌਜੀ ਜਰਨੈਲ ਸਨ। ਇਨ੍ਹਾਂ ਦੀ ਆਪਸੀ ਮਿੱਤਰਤਾ ਤੇ ਪ੍ਰੇਰਨਾ ਨਾਲ ਹੀ ਭਾਈ ਗੋਧੂ ਜੀ ਗੁਰੂ ਜੀ ਦੇ ਦਰਸ਼ਨਾਂ ਨੂੰ ਆਏ ਤੇ ਗੁਰੂ-ਘਰ ਨਾਲ ਜੁੜੇ ਸਨ। ਭਾਈ ਗੋਧੂ ਜੀ ਦੇ ਘਰ ਭਾਈ ਲੱਖੀ ਸ਼ਾਹ ਜੀ ਦਾ ਜਨਮ ਹੋਇਆ। ਭਾਈ ਲੱਖੀ ਸ਼ਾਹ ਜੀ ਬਚਪਨ ਤੋਂ ਹੀ ਪਿਤਾ-ਪੁਰਖੀ ਕਾਰਜਾਂ ਵਿਚ ਹੱਥ ਵਟਾਉਣ ਲੱਗ ਪਏ ਸਨ। ਛੋਟੀ ਉਮਰ ਵਿਚ ਹੀ ਇਨ੍ਹਾਂ ਦੀ ਸ਼ਾਦੀ ਬੀਬੀ ਕੰਤੋ ਜੀ ਨਾਲ ਕਰ ਦਿੱਤੀ ਗਈ ਸੀ। ਇਨ੍ਹਾਂ ਦੇ ਗ੍ਰਿਹ ਅੱਠ ਪੁੱਤਰਾਂ- ਭਾਈ ਨਗਾਹੀਆ, ਭਾਈ ਹੇਮਾ, ਭਾਈ ਹਾੜੀ, ਭਾਈ ਸੀਤਲ, ਭਾਈ ਪੁੰਡਾਰਾ, ਭਾਈ ਗੁਰਬਖ਼ਸ਼, ਭਾਈ ਬਾਲਾ, ਭਾਈ ਜਵਾਹਰ ਤੇ ਇਕ ਪੁੱਤਰੀ ਬੀਬੀ ਸੀਤੋ ਨੇ ਜਨਮ ਲਿਆ। ਇਸੇ ਬੀਬੀ ਸੀਤੋ ਦੀ ਸ਼ਾਦੀ ਸ਼ਹੀਦ ਭਾਈ ਮਨੀ ਸਿੰਘ ਜੀ ਨਾਲ ਹੋਈ ਸੀ।

ਉਕਤ ਅਨੁਸਾਰ ਆਪ ਜੀ ਦਾ ਪਿਤਾ-ਪੁਰਖੀ ਪਰਿਵਾਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਗੁਰੂ-ਘਰ ਨਾਲ ਜੁੜਿਆ ਤੇ ਸਮੇਂ-ਸਮੇਂ ਗੁਰੂ-ਘਰ ਦੀਆਂ ਸੇਵਾਵਾਂ ਕਰਦਾ ਰਿਹਾ ਪਰ ਇਸ ਪਰਵਾਰ ਦੀ ਸਭ ਤੋਂ ਵੱਡੀ ਸੇਵਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਮੌਕੇ ਸਾਹਮਣੇ ਆਉਂਦੀ ਹੈ। ਜਦੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਮਨੁੱਖੀ ਅਧਿਕਾਰਾਂ ਤੇ ਧਾਰਮਿਕ ਚਿੰਨ੍ਹਾਂ ਦੀ ਅਜ਼ਾਦੀ ਲਈ ਦਿੱਲੀ ਆ ਕੇ ਸ਼ਹਾਦਤ ਦਿੱਤੀ। ਉਸ ਸਮੇਂ ਗੁਰੂ ਸਾਹਿਬ ਜੀ ਦੀ ਸ਼ਹਾਦਤ ਤੋਂ ਬਾਅਦ ਗੁਰੂ ਜੀ ਦੇ ਸੀਸ ਤੇ ਧੜ ਦੀ ਸੇਵਾ-ਸੰਭਾਲ ਕਰਨ ਵਿਚ ਭਾਈ ਲੱਖੀ ਸ਼ਾਹ

ਜੀ ਵਣਜਾਰਾ ਦਾ ਅਹਿਮ ਯੋਗਦਾਨ ਰਿਹਾ ਹੈ। ਇਸ ਸਮੇਂ ਦੇ ਘਟਨਾ-ਕ੍ਰਮ ਨੂੰ ਜਦੋਂ ਬਿਆਨ ਕੀਤਾ ਜਾਂਦਾ ਹੈ ਤਾਂ ਪਤਾ ਲੱਗਦਾ ਹੈ ਕਿ ਉਸ ਸਮੇਂ ਹਕੂਮਤ ਦੁਆਰਾ ਕੀਤੇ ਸਖ਼ਤ ਹੁਕਮ ਤੇ ਸਖ਼ਤ ਪਹਿਰੇ ਵਿਚੋਂ ਗੁਰੂ ਸਾਹਿਬ ਜੀ ਦੇ ਸੀਸ ਤੇ ਧੜ ਨੂੰ ਉਠਾਉਣਾ ਸ਼ੇਰ ਦੇ ਮੂੰਹ ਵਿੱਚੋਂ ਮਾਸ ਕੱਢਣ ਤੋਂ ਘੱਟ ਨਹੀਂ ਸੀ। ਪਰ ਇਨ੍ਹਾਂ ਮਹਾਨ ਸੂਰਬੀਰਾਂ ਨੇ ਗੁਰੂ-ਪ੍ਰੇਮ ਵਿਚ ਆਪਣੀ ਜਾਨ ਦੀ ਪਰਵਾਹ ਨਾ ਕਰਦਿਆਂ ਗੁਰੂ ਸਾਹਿਬ ਜੀ ਦੇ ਸੀਸ ਤੇ ਧੜ ਨੂੰ ਉਠਾ ਕੇ ਸਤਿਕਾਰ ਸਹਿਤ ਸੰਭਾਲ ਲਿਆ। ਭਾਈ ਜੈਤਾ ਜੀ ਗੁਰੂ ਜੀ ਦੇ ਸੀਸ ਨੂੰ ਸਤਿਕਾਰ ਸਹਿਤ ਲੈ ਕੇ ਸ੍ਰੀ ਅਨੰਦਪੁਰ ਸਾਹਿਬ ਵੱਲ ਨੂੰ ਚੱਲ ਪਏ ਤੇ ਗੁਰੂ ਜੀ ਦੇ ਧੜ ਨੂੰ ਭਾਈ ਲੱਖੀ ਸ਼ਾਹ ਤੇ ਇਨ੍ਹਾਂ ਹੋਰ ਸਾਥੀ ਸਿੱਖਾਂ ਨੇ ਚੁੱਕ ਕੇ ਆਪਣੇ ਗੱਡੇ ਵਿਚ ਰੱਖ ਕੇ ਆਪਣੇ ਘਰ ਰਾਏਸੀਨਾ ਵਿਖੇ ਲੈ ਆਂਦਾ। ਇੱਥੇ ਆਪਣੇ ਘਰ ਵਿਚ ਗੁਰੂ ਜੀ ਦੇ ਧੜ ਨੂੰ ਬੜੇ ਸਤਿਕਾਰ ਸਹਿਤ ਘਰ ਦੇ ਸਾਮਾਨ ਸਮੇਤ ਹੀ ਅਗਨ ਭੇਟ ਕਰ ਕੇ ਸਸਕਾਰ ਕਰ ਦਿੱਤਾ। ਇਸ ਪ੍ਰਥਾਇ 'ਗੁਰੂ ਕੀਆਂ ਸਾਖੀਆਂ' ਵਿਚ ਇਸ ਤਰ੍ਹਾਂ ਵਰਣਨ ਮਿਲਦਾ ਹੈ- "...ਪੀਛੇ ਸੇ ਭਾਈ ਲੱਖੀ ਦਾਸ ਅਪਨੇ ਬੇਟੇ ਨਗਾਹੀਆ ਆਦਿ ਕੀ ਸਹਾਇਤਾ ਸੇ ਗੁਰੂ ਜੀ ਕੀ ਦੇਹ ਏਕ ਬੈਲ ਕੇ ਉਪਰ ਰਾਖ ਕੇ ਚਲਦਾ ਬਨਾ। ਟਾਂਡਾ ਪੀਛੇ ਸੇ ਧੀਰੇ ਧੀਰੇ ਚਲਾ ਆਇਆ, ਭਾਈ ਲਖੀਏ ਸਿੱਖ ਨੇ ਰਸੀਨੇ ਨਗਰ ਪਹੁੰਚ ਗੁਰੂ ਜੀ ਕੇ ਧੜ ਕੋ ਗ੍ਰਹਿ ਮੇਂ ਰਾਖ ਸਮਸਤ ਘਰ ਕੋ ਆਗ ਲਗਾਇ ਦਈ।"[੫] ਮਹਾਂਕਵੀ ਭਾਈ ਸੰਤੋਖ ਸਿੰਘ ਚੂੜਾਮਣੀ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਵਿਚ ਲਿਖਦੇ ਹਨ:

ਹੁਤੋ ਲੁਬਾਣਾ ਸਿੱਖ ਤਹਿਂ ਬ੍ਰਿਖਤ ਬ੍ਰਿੰਦ ਜਿਹ ਪਾਸ।
ਗਿਨਤੀ ਬਿਖੈ ਹਜ਼ਾਰ ਦਸ ਨਿਕਟ ਰਖੈ ਗਨ ਦਾਸ।
ਸਨੇ ਸਨੇ ਚਲਿ ਕੈ ਤਹਿਂ ਆਏ।
ਜਹਿਂ ਬਨਜਾਰੇ ਮਿਲਿ ਸਮੁਦਾਏ।...
...ਬਨਜਾਰੇ ਤਤਬੀਰ ਬਿਚਾਰੀ।
ਇਮ ਕੀਜਹਿ ਜਿਮ ਹਵੈ ਨ ਚਿਨਾਰੀ।

ਕੁਝ ਦਿਨਾਂ ਬਾਅਦ ਭਾਈ ਲੱਖੀ ਸ਼ਾਹ ਜੀ ਗੁਰੂ ਸਾਹਿਬ ਜੀ ਦੀਆਂ ਅਸਥੀਆਂ ਲੈ ਕੇ ਸੰਗਤ ਸਮੇਤ ਸ੍ਰੀ ਅਨੰਦਪੁਰ ਸਾਹਿਬ ਪਹੁੰਚੇ। ਇਨ੍ਹਾਂ ਨੇ ਗੁਰੂ-ਚਰਨਾਂ ਵਿਚ ਪਹੁੰਚ ਕੇ ਦਿੱਲੀ ਵਿਖੇ ਵਾਪਰੀ ਸਾਰੀ ਘਟਨਾ ਬਿਆਨ ਕੀਤੀ। ਭਾਈ ਲੱਖੀ ਸ਼ਾਹ ਜੀ ਨੇ ਦੱਸਿਆ ਕਿ ਕਿਵੇਂ ਬਿਖੜੇ ਤੇ ਜੋਖਮ ਭਰੇ ਹਾਲਾਤਾਂ ਵਿਚ ਗੁਰੂ ਸਾਹਿਬ ਜੀ ਦੀ ਕਿਰਪਾ ਨਾਲ ਹੀ ਉਨ੍ਹਾਂ ਦੇ ਸੀਸ ਤੇ ਧੜ ਨੂੰ ਚੁੱਕਣ ਵਿਚ ਉਹ ਸਫਲ ਹੋਏ ਤੇ ਫਿਰ ਆਪਣੇ ਘਰ ਵਿਚ ਲੈ ਜਾ ਕੇ ਸਸਕਾਰ ਕੀਤਾ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਭਾਈ ਲੱਖੀ ਸ਼ਾਹ ਜੀ ਨੂੰ ਆਪਣੇ ਕਲਾਵੇ ਵਿਚ ਲੈਂਦਿਆਂ ਤਿੰਨ ਵਾਰ ਫੁਰਮਾਇਆ- "ਧੰਨ ਸਿੱਖੀ, ਧੰਨ ਸਿੱਖੀ', ਧੰਨ ਸਿੱਖੀ"। ਇਸ ਸਮੇਂ ਸਾਰੀ

ਸੰਗਤ ਸਾਹ ਰੋਕ ਕੇ ਸਭ ਕੁਝ ਸਰਵਣ ਕਰ ਰਹੀ ਸੀ।

ਜਿਸ ਥਾਂ 'ਤੇ ਗੁਰੂ ਸਾਹਿਬ ਜੀ ਦੇ ਧੜ ਦਾ ਸਸਕਾਰ ਕੀਤਾ ਗਿਆਂ ਸੀ, ਉਸ ਥਾਂ ਹੁਣ ਗੁਰਦੁਆਰਾ ਰਕਾਬ ਗੰਜ ਸਾਹਿਬ (ਦਿੱਲੀ) ਸੁਸ਼ੋਭਿਤ ਹੈ। ਭਾਈ ਲੱਖੀ ਸ਼ਾਹ ਜੀ ਦਾ ਘਰ ਉਹ ਪਾਵਨ ਅਸਥਾਨ ਬਣ ਗਿਆ ਜਿਸ ਨੂੰ ਰਹਿੰਦੀ ਦੁਨੀਆ ਤਕ ਨਮਸਕਾਰ ਹੁੰਦੀ ਰਹੇਗੀ। ਭਾਈ ਲੱਖੀ ਸ਼ਾਹ ਜੀ ਦਾ ਸਾਰਾ ਪਰਵਾਰ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਹਜ਼ੂਰ ਅੰਮ੍ਰਿਤ ਛਕ ਕੇ ਸਿੰਘ ਸਜ ਗਿਆ। ਇਨ੍ਹਾਂ ਦੀ ਸਪੱਤਰੀ ਬੀਬੀ ਸੀਤੋ (ਸ਼ਹੀਦ ਭਾਈ ਮਨੀ ਸਿੰਘ ਦੇ ਸੁਪਤਨੀ), ਜੋ ਕਿ ਅੰਮ੍ਰਿਤ ਛਕ ਕੇ ਬੀਬੀ ਬਸੰਤ ਕੌਰ ਬਣ ਗਏ ਸਨ। ਇਨ੍ਹਾਂ ਨੇ ਮੀਰ ਮੰਨੂੰ ਦੀ ਜੇਲ੍ਹ ਵਿਚ ਲਾਹੌਰ ਵਿਖੇ ਅੱਤ ਦੇ ਤਸੀਹੇ ਝੱਲ ਕੇ ਸ਼ਹਾਦਤ ਪ੍ਰਾਪਤ ਕੀਤੀ। ਇਸ ਤਰ੍ਹਾਂ ਭਾਈ ਲੱਖੀ ਸ਼ਾਹ ਜੀ ਵਣਜਾਰਾ ਨੇ ਜਿੱਥੇ ਗੁਰੂ ਸਾਹਿਬ ਜੀ ਦੇ ਧੜ ਦਾ ਸਸਕਾਰ ਕਰ ਕੇ ਮਹਾਨ ਸੇਵਾ ਕੀਤੀ, ਉੱਥੇ ਇਨ੍ਹਾਂ ਦੀ ਸਪੁੱਤਰੀ ਬੀਬੀ ਬਸੰਤ ਕੌਰ ਨੇ ਸ਼ਹਾਦਤ ਪ੍ਰਾਪਤ ਕਰ ਕੇ ਇਸ ਪਰਵਾਰ ਵੱਲੋਂ ਸ਼ਹੀਦਾਂ ਦੀ ਲਿਸਟ ਵਿਚ ਆਪਣਾ ਨਾਂ ਦਰਜ ਕਰਵਾਇਆ।

ਭਾਈ ਜੈਤਾ (ਬਾਬਾ ਜੀਵਨ ਸਿੰਘ) ਜੀ

ਭਾਈ ਜੈਤਾ ਜੀ ਉਹ ਮਹਾਨ ਸੂਰਬੀਰ ਤੇ ਯੋਧੇ ਸਨ ਜਿਨ੍ਹਾਂ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਤੋਂ ਬਾਅਦ ਉਨ੍ਹਾਂ ਦੇ ਸੀਸ ਨੂੰ ਚੁੱਕ ਕੇ ਲੰਮੇ ਤੇ ਬਿਖੜੇ ਪੈਂਡਿਆਂ ਦਾ ਸਫ਼ਰ ਤੈਅ ਕਰ ਕੇ ਸ੍ਰੀ ਅਨੰਦਪੁਰ ਸਾਹਿਬ ਪਹੁੰਚਾ ਕੇ 'ਰੰਘਰੇਟੇ ਗੁਰੂ ਕੇ ਬੇਟੇ' ਦਾ ਖ਼ਿਤਾਬ ਹਾਸਲ ਕੀਤਾ। ਭਾਈ ਜੈਤਾ ਜੀ ਦਾ ਜਨਮ ਗੁਰੂ-ਘਰ ਦੇ ਪ੍ਰੀਤਵਾਨ ਪਰਿਵਾਰ ਭਾਈ ਸਦਾ ਨੰਦ ਦੇ ਘਰ ਮਾਤਾ ਲਾਜਵੰਤੀ (ਪ੍ਰੇਮੋ) ਜੀ ਦੀ ਕੁੱਖੋਂ ੦੨ ਸਤੰਬਰ, ੧੬੬੧ ਈ. ਨੂੰ ਪਿੰਡ ਗੱਗੋਮਾਹਲ, (ਰਮਦਾਸ), ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵਿਖੇ ਹੋਇਆ। ਅਸਲ ਵਿਚ ਬਾਬਾ ਬੁੱਢਾ ਜੀ ਦੇ ਜਨਮ ਅਸਥਾਨ ਕੱਥੂਨੰਗਲ ਵਿਚੋਂ ਗਏ ਬਜ਼ੁਰਗਾਂ ਨੇ ਗੱਗੋਮਾਹਲ ਤੇ ਰਮਦਾਸ ਨਗਰ ਵਸਾਏ। ਭਾਈ ਜੈਤਾ ਜੀ ਦੇ ਵਡੇਰਿਆਂ ਵਿਚੋਂ ਭਾਈ ਕਲਿਆਣ ਜੀ ਕੱਥੂਨੰਗਲ ਛੱਡ ਕੇ ਗੱਗੋਮਾਹਲ ਆ ਕੇ ਵੱਸ ਗਏ ਸਨ। ਭਾਈ ਕਲਿਆਣ ਜੀ ਦੇ ਪੁੱਤਰ ਸੁਖ ਭਾਨ ਹੋਏ ਅਤੇ ਸੁਖ ਭਾਨ ਦਾ ਪੁੱਤਰ ਜਸ ਭਾਨ ਹੋਇਆ। ਜਸ ਭਾਨ ਦੇ ਦੋ ਸਪੁੱਤਰ ਹੋਏ- ਭਾਈ ਆਗਿਆ ਜੀ ਤੇ ਭਾਈ ਸਦਾ ਨੰਦ ਜੀ। ਇਹ ਸਾਰਾ ਪਰਿਵਾਰ ਗੁਰਸਿੱਖੀ ਮਾਰਗ ਨਾਲ ਪੀੜ੍ਹੀ-ਦਰ-ਪੀੜ੍ਹੀ ਜੁੜਿਆ ਆ ਰਿਹਾ ਸੀ।[੬] ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸ਼ਹੀਦ ਕਰਨ ਤੋਂ ਬਾਅਦ ਹਕੂਮਤ ਵੱਲੋਂ ਉਨ੍ਹਾਂ ਦੇ ਸੀਸ ਤੇ ਧੜ ਨੂੰ ਬੇਅਦਬੀ ਕਰਨ ਲਈ ਦਿੱਲੀ ਦੇ ਚਾਂਦਨੀ ਚੌਕ ਵਾਲੀ ਥਾਂ 'ਤੇ ਹੀ ਰਹਿਣ ਦਾ ਸਖ਼ਤ ਹੁਕਮ ਕੀਤਾ ਗਿਆ ਸੀ। ਪਰ ਗੁਰੂ ਕੇ ਸਿੱਖਾਂ ਨੇ ਇਸ ਹੁਕਮ ਦੀ ਕੋਈ ਪਰਵਾਹ ਨਾ ਕੀਤੀ। ਭਾਈ ਜੈਤਾ ਜੀ ਨੇ ਆਪਣੇ ਕੁਝ ਹੋਰ ਸਾਥੀ ਸਿੱਖਾਂ ਭਾਈ ਲੱਖੀ ਸ਼ਾਹ ਜੀ ਵਣਜਾਰਾ, ਭਾਈ ਊਦਾ ਜੀ ਤੇ ਭਾਈ ਨਾਨੂ ਜੀ ਦੀ ਸਹਾਇਤਾ ਨਾਲ ਰਾਤ ਦੇ ਹਨੇਰੇ

ਵਿਚ ਸਤਿਕਾਰ ਸਹਿਤ ਗੁਰੂ ਜੀ ਦੇ ਨੂੰ ਸੀਸ ਚੁੱਕ ਕੇ ਇਕ ਵਸਤਰ ਵਿਚ ਸੰਭਾਲ ਲਿਆ ਅਤੇ ਚੱਕ ਨਾਨਕੀ (ਸ੍ਰੀ ਅਨੰਦਪੁਰ ਸਾਹਿਬ) ਨੂੰ ਚਾਲੇ ਪਾ ਦਿੱਤੇ। ਉਕਤ ਅਨੁਸਾਰ ਦੂਜੇ ਪਾਸੇ ਗੁਰੂ ਜੀ ਦੇ ਧੜ (ਸਰੀਰ) ਦਾ ਭਾਈ ਲੱਖੀ ਸ਼ਾਹ ਜੀ ਵਣਜਾਰਾ ਨੇ ਬੜੇ ਹੀ ਸਤਿਕਾਰ ਸਹਿਤ ਅਗਨ ਭੇਟ ਕਰ ਕੇ ਸਸਕਾਰ ਕਰ ਦਿੱਤਾ ਸੀ। ਭਾਈ ਜੈਤਾ ਜੀ ਆਮ ਰਸਤਿਆਂ ਨੂੰ ਛੱਡ-ਛਡਾ ਕੇ ਤੇ ਲੁਕ-ਛਿਪ ਕੇ ਲੰਮੇਂ ਤੇ ਜੋਖ਼ਮ ਭਰੇ ਪੈਂਡਿਆਂ ਦਾ ਸਫ਼ਰ ਤੈਅ ਕਰਦੇ ਹੋਏ ਦਿੱਲੀ ਤੋਂ ਬਾਗਪਤ, ਤਰਾਵੜੀ, ਅੰਬਾਲਾ, ਨਾਭਾ ਰਾਹੀਂ ਸ੍ਰੀ ਕੀਰਤਪੁਰ ਸਾਹਿਬ ਆ ਪਹੁੰਚੇ।

ਇੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਹਿਲਾਂ ਹੀ ਪਰਵਾਰ ਤੇ ਸਿੱਖ ਸੰਗਤ ਸਮੇਤ ਪਹੁੰਚ ਚੁੱਕੇ ਸਨ। ਪਿਤਾ ਗੁਰੂ ਜੀ ਦੇ ਸੀਸ ਦੇ ਦਰਸ਼ਨ ਕਰਨ ਤੋਂ ਬਾਅਦ ਗੁਰੂ ਜੀ ਨੇ ਭਾਈ ਜੈਤਾ ਜੀ ਨੂੰ ਆਪਣੀ ਛਾਤੀ ਨਾਲ ਲਗਾਇਆ ਤੇ ਬਚਨ ਉਚਾਰੇ- 'ਰੰਘਰੇਟੇ ਗੁਰੂ ਕੇ ਬੇਟੇ'। ਭਾਈ ਜੈਤਾ ਜੀ ੧ ਵੈਸਾਖ, ੧੭੫੬ ਬਿ. (੧੬੬੬ ਈ.) ਦੀ ਵੈਸਾਖੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਅੰਮ੍ਰਿਤ ਛਕ ਕੇ ਭਾਈ ਜੀਵਨ ਸਿੰਘ ਬਣੇ। ਆਪ ਜੀ ਦੀ ਸ਼ਖ਼ਸੀਅਤ ਵਿਚ ਯੁੱਧ-ਕਲਾ ਦੇ ਦਾਅ-ਪੇਚ ਬੇ-ਸ਼ੁਮਾਰ ਸਨ। ਭਾਈ ਜੈਤਾ ਜੀ ਨੇ ਬਚਪਨ ਵਿਚ ਹੀ ਘੋੜ-ਸਵਾਰੀ, ਨੇਜ਼ਾਬਾਜ਼ੀ ਤੇ ਤਲਵਾਰਬਾਜ਼ੀ ਦੀ ਮੁਹਾਰਤ ਹਾਸਲ ਕਰ ਲਈ ਸੀ। ਤਲਵਾਰਬਾਜ਼ੀ ਵਿਚ ਤਾਂ ਉਹ ਇੰਨੇ ਨਿਪੁੰਨ ਸਨ ਕਿ ਦੋਵੇਂ ਹੱਥਾਂ ਨਾਲ ਬਰਾਬਰ ਤਲਵਾਰ ਘੁਮਾ ਕੇ ਜੌਹਰ ਵਿਖਾਉਣ ਵਿਚ ਕਮਾਲ ਕਰਦੇ ਸਨ। ਗੁਰੂ ਸਾਹਿਬ ਦੁਆਰਾ ਲੜੀਆਂ ਕਈ ਜੰਗਾਂ ਵਿਚ ਭਾਈ ਜੈਤਾ ਜੀ ਨੇ ਆਪਣੀ ਬਹਾਦਰੀ ਦੇ ਜੌਹਰ ਦਿਖਾਏ। ਜਦੋਂ ਗੁਰੂ ਸਾਹਿਬ ਦੁਆਰਾ ਪਰਵਾਰ ਤੇ ਸਿੱਖਾਂ ਸਮੇਤ ਸ੍ਰੀ ਅਨੰਦਪੁਰ ਸਾਹਿਬ ਛੱਡਿਆ ਤਾਂ ਭਾਈ ਜੀਵਨ ਸਿੰਘ ਜੀ ਵੀ ਨਾਲ ਸਨ। ਪਿੱਛੋਂ ਦੁਸ਼ਮਣ ਫੌਜਾਂ ਨੇ ਇਸ ਕਾਫਲੇ 'ਤੇ ਹਮਲਾ ਕਰ ਦਿੱਤਾ। ਸਰਸਾ ਕੰਢੇ ਸ਼ਾਹੀ ਟਿੱਬੀ 'ਤੇ ਲੜੇ ਗਏ ਯੁੱਧ ਵਿਚ ਗੁਰੂ ਹੁਕਮ ਅਨੁਸਾਰ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਦੇ ਨਾਲ ਭਾਈ ਊਦੇ ਸਿੰਘ ਤੇ ਭਾਈ ਜੀਵਨ ਸਿੰਘ ਜੀ ਨੇ ਜਥੇ ਦੀ ਕਮਾਨ ਸੰਭਾਲੀ ਤੇ ਮੁਗ਼ਲ ਫੌਜਾਂ ਦਾ ਡਟ ਕੇ ਮੁਕਾਬਲਾ ਕੀਤਾ। ਇਸ ਯੁੱਧ ਵਿਚ ਭਾਈ ਊਦੇ ਸਿੰਘ ਤੇ ਭਾਈ ਜੀਵਨ ਸਿੰਘ ਜੀ ਦੁਸ਼ਮਣ ਫੌਜਾਂ ਨੂੰ ਮੌਤ ਦੇ ਘਾਟ ਉਤਾਰਦੇ ਹੋਏ ਸ਼ਹਾਦਤ ਪ੍ਰਾਪਤ ਕਰ ਗਏ। ਇਸ ਜੰਗ ਵਿਚ ਭਾਈ ਜੀਵਨ ਸਿੰਘ ਜੀ ਦੀ ਬਹਾਦਰੀ ਦਾ ਵਰਣਨ 'ਗੁਰੂ ਕੀਆਂ ਸਾਖੀਆਂ' ਇਸ ਪ੍ਰਕਾਰ ਕਰਦੀਆਂ ਹਨ- ''ਗੁਰੂ ਜੀ ਕਾ ਸਰਸਾ ਨਦੀ ਸੇ ਕੋਟਲਾ ਨਿਹੰਗ ਖਾਂ ਆ ਜਾਨੇ ਕੇ ਬਾਦ ਪੀਛੇ ਨਦੀ ਕੇ ਤਟ ਪਰ ਮਹਾਂ ਪ੍ਰਬਲ ਜੁੱਧ ਹੂਆ। ਜੀਵਨ ਸਿੰਘ ਕੇ ਤੀਰਾਂ ਏਕ ਦਫਾ ਕਾਲੀ ਬੋਲੀ ਅੰਧੇਰੀ ਲਾਇ ਦਈ। ਸਾਰੇ ਸਿੰਘ ਆਹਮੋ-ਸਾਹਮਣੇ ਤੁਰਕ ਫੌਜ ਗੈਲ ਜਾਨਾਂ ਤੋੜ ਕੇ ਲੜੇ, ਕਾਈ ਦਕੀਕਾ ਬਾਕੀ ਨਾ ਛੋਰਾ। ਵਧੀ ਆਇ ਰਹੀ ਫੌਜ ਕੋ ਏਕ ਬਾਰ ਠੱਲ੍ਹਾ ਪਾਇ ਦੀਆ। ਭਾਈ ਜੀਵਨ ਕੇ ਮਸਤਕ ਮੇਂ ਏਕ ਗੋਲੀ ਲਗੀ, ਜਾਂਦੀ ਵਾਰੀ

ਉਸ ਸ੍ਰੀ ਵਾਹਗੁਰੂ ਜੀ ਕੀ ਫਤੇ ਬੁਲਾਇ ਪ੍ਰਾਣ ਤਿਆਗ ਦੀਏ।"[੭] ਕੁਝ ਵਿਦਵਾਨ ਬਾਬਾ ਜੀਵਨ ਸਿੰਘ ਜੀ ਦੀ ਸ਼ਹੀਦੀ ਚਮਕੌਰ ਸਾਹਿਬ ਦੀ ਗੜੀ ਵਿਚ ਹੋਈ ਮੰਨਦੇ ਹਨ[੮] ਪਰ ਪੁਰਾਤਨ ਇਤਿਹਾਸਕ ਸ੍ਰੋਤਾਂ ਅਨੁਸਾਰ ਇਨ੍ਹਾਂ ਦੀ ਸ਼ਹਾਦਤ ਸਰਸਾ ਕੰਢੇ ਲੜੀ ਜੰਗ ਵਿਚ ਹੋਈ ਦਰਜ ਹੈ। ਇਸ ਤਰ੍ਹਾਂ ਭਾਈ ਜੀਵਨ ਸਿੰਘ ਜੀ ਨੇ ਆਪਣੇ ਅੰਤਿਮ ਸੁਆਸਾਂ ਤਕ ਸਿੱਖੀ ਨੂੰ ਕਮਾਇਆ ਅਤੇ ਗੁਰੂ ਹੁਕਮ ਅਨੁਸਾਰ ਦੀਨ, ਧਰਮ ਲਈ ਮੈਦਾਨ-ਏ-ਜੰਗ ਵਿਚ ਜੂਝਦੇ ਹੋਏ ਸ਼ਹਾਦਤ ਪ੍ਰਾਪਤ ਕੀਤੀ।

ਹੁਣ ਉਨ੍ਹਾਂ ਮਹਾਨ ਸ਼ਹੀਦਾਂ ਦੇ ਸੰਖੇਪ ਜੀਵਨ ਬਾਰੇ ਵਿਚਾਰ ਕੀਤੀ ਜਾਵੇਗੀ, ਜਿਨ੍ਹਾਂ ਨੇ ਗੁਰੂ-ਪ੍ਰੀਤ ਵਿਚ ਗੁਰੂ ਆਸੇ ਅਨੁਸਾਰ ਗੁਰੂ ਜੀ ਦੇ ਸਨਮੁਖ ਆਪਣੀ ਸ਼ਹਾਦਤ ਦਿੱਤੀ:

ਭਾਈ ਸਤੀ ਦਾਸ ਜੀ

ਭਾਈ ਸਤੀ ਦਾਸ ਜੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਹਜ਼ੂਰੀ ਸਿੱਖ ਸਨ। 'ਗੁਰੂ ਕੀਆਂ ਸਾਖੀਆਂ' ਅਨੁਸਾਰ ਇਹ ਭਾਈ ਹੀਰਾ ਮਲ ਦੇ ਸਪੁੱਤਰ ਅਤੇ ਭਾਈ ਮਤੀ ਦਾਸ ਜੀ ਦੇ ਭਰਾ ਸਨ- 'ਮਤੀਦਾਸ ਸਤੀਦਾਸ ਬੇਟੇ ਹੀਰਾ ਮਲ ਕੇ।'[੯] ਭਾਈ ਸਤੀ ਦਾਸ ਜੀ, ਭਾਈ ਪਰਾਗਾ ਜੀ ਦੇ ਘਰਾਣੇ ਵਿਚੋਂ ਸਨ ਜੋ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਯੋਧੇ ਸਿੱਖ ਹੋਏ ਹਨ। ਭਾਈ ਪਰਾਗਾ ਜੀ ਦਾ ਸਪੁੱਤਰ ਦੁਆਰਕਾ (ਦ੍ਵਾਰਕਾ) ਦਾਸ, ਦੁਆਰਕਾ ਦਾਸ ਦਾ ਸਪੁੱਤਰ ਦਰਗਾਹ ਮੱਲ ਤੇ ਹੀਰਾ ਮੱਲ ਜੀ ਸਨ। ਭਾਈ ਦਰਗਾਹ ਮੱਲ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਦੀਵਾਨ ਰਿਹਾ ਸੀ। ਇਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਗੁਰਿਆਈ ਦੀ ਰਸਮ ਸਮੇਂ ਬਟਾਲੇ ਆਏ। ਗੁਰਿਆਈ ਦੀ ਰਸਮ ਹੋਣ ਉਪਰੰਤ ਭਾਈ ਦਰਗਾਹ ਮੱਲ ਨੇ ਬਜ਼ੁਰਗ ਹੋਣ ਦੇ ਨਾਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਬੇਨਤੀ ਕਰ ਕੇ ਆਪਣੇ ਦੋਵੇਂ ਭਤੀਜਿਆਂ- ਭਾਈ ਸਤੀ ਦਾਸ ਤੇ ਮਤੀ ਦਾਸ ਜੀ ਨੂੰ ਦੀਵਾਨ ਦੀ ਪਦਵੀ ਦਾ ਕਾਰੋਬਾਰ ਸੌਂਪਿਆ। ਭਾਈ ਸਤੀ ਦਾਸ ਜੀ ਤਨੋਂ-ਮਨੋਂ ਗੁਰੂ-ਘਰ ਦੀ ਸੇਵਾ ਨੂੰ ਸਮਰਪਿਤ ਸਨ। ਇਹ ਹਮੇਸ਼ਾ ਗੁਰੂ ਸਾਹਿਬ ਦੇ ਨਾਲ ਹੀ ਸੇਵਾ ਵਿਚ ਹਾਜ਼ਰ ਰਹੇ।

'ਭੱਟ ਵਹੀ ਮੁਲਤਾਨੀ ਸਿੰਧੀ' ਅਨੁਸਾਰ- "ਗੁਰੂ ਤੇਗ ਬਹਾਦਰ ਜੀ ਮਹਲ ਨਾਮਾਂ ਕੋ ਨੂਰ ਮੁਹੰਮਦ ਖਾਨ ਮਿਰਜਾ ਚਉਂਕੀ ਰੋਪੜ ਵਾਲੇ ਨੇ ਸਾਲ ਸਤਰਾਂ ਸੈ ਬਤੀਸ ਪਰਵਿਸ਼ਟੇ ਬਾਰਾਂ ਕੇ ਦਿਹੂੰ ਗਾਮ ਮਲਕਪੁਰ ਰੰਘੜਾਂ, ਪਰਗਣਾ ਘਨੌਲਾ ਸੇ ਪਕੜ ਕੇ ਸਰਹੰਦ ਮੇਂ ਪਹੁੰਚਾਇਆ। ਗੈਲੋ ਦੀਵਾਨ ਮਤੀਦਾਸ, ਸਤੀਦਾਸ ਬੇਟਾ ਹੀਰਾ ਮੱਲ ਛਿੱਬਰ ਬਲਾਉਂਤ ਕਾ ਪਕੜਾ ਆਇਆ। ਚਾਰ ਮਾਸ ਬੱਸੀ ਪਠਾਨਾਂ ਬੰਦੀਖਾਨੇ ਬੰਦ ਰਹੇ...ਸ਼ਾਹੀ ਕਾਜ਼ੀ ਨੇ ਪ੍ਰਿਥਮੇ ਇਨ ਤੀਨ ਸਿਖੋਂ ਕੋ ਫਤਵਾ ਦੀਆ, ਕਹਾ- ਇਹ ਤੀਨੋ ਏਸ ਕੇ ਸਾਥੀ ਏਸ ਕੇ ਸਾਹਵੇਂ ਮਾਰ ਦੀਏ ਜਾਏਂ। ਅਗਰ ਫਿਰ

ਵੀ ਨਾ ਮਾਨਾ ਤਾਂ ਇਸੇ ਵੀ ਅਗਲੇ ਜਹੱਨਮ ਤੋਰ ਦੀਆ ਜਾਏ। ਅੱਵਲ ਦਿਆਲ ਦਾਸ ਕੋ ਏਕ ਰੀਝਤੇ ਦੇਗੇ ਮੇਂ ਬੰਦ ਕਰਕੇ ਮਾਰਾ। ਇਸ ਕੇ ਬਾਦ ਮਤੀਦਾਸ ਕੋ ਆਰੇ ਗੈਲ ਚੀਰਾ ਗਿਆ। ਉਪਰੰਤ ਗੁਰੂ ਜੀ ਕੇ ਤੀਜੇ ਸਾਥੀ ਸਤੀ ਦਾਸ ਕੋ ਰੂੰਈ ਮੇਂ ਵਲ੍ਹੇਟ ਜਿੰਦਾ ਜਲਾਇ ਦੀਆ। ਇਨ ਤੀਨ ਸਿੱਖੋਂ ਕੀ ਸ਼ਹਾਦਤ ਗੁਰੂ ਜੀ ਨੇ ਆਖੋਂ ਸੇ ਦੇਖੀ। '[੧੦]

ਕੇਸਰ ਸਿੰਘ ਛਿੱਬਰ 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ' ਵਿਚ ਲਿਖਦੇ ਹਨ ਕਿ ਭਾਈ ਸਤੀ ਦਾਸ ਜੀ ਲਿਖਾਰੀ ਵੀ ਸਨ- 'ਬਾਣੀ ਜੋ ਸਾਹਿਬ ਕਰਨ ਉਚਾਰੁ ਸੋ ਸਤੀ ਦਾਸ ਨਿਤ ਕਰੇ ਫਾਰਸੀ ਅਖਰਾਂ ਵਿਚਿ ਉਤਾਰੁ। ...ਨਿਤ ਸਾਹਿਬ ਬਾਣੀ ਉਚਰਦੇ ਜਾਨ ਅਤੇ ਸਤੀ ਦਾਸ ਲਿਖ ਲਿਖ ਰਖਨ ਅਮਾਨ। ਬਾਣੀ ਬਹੁਤ ਆਹੀ ਸਤੀ ਦਾਸ ਪੁਰਸ ਲਿਖੀ ਹੋਈ। ਤੁਰਕਾਂ ਨੇ ਖੋਹਿ ਲੀਤੀ ਸੋਈ। '[੧੧] ਭਾਈ ਸਤੀ ਦਾਸ ਜੀ ਨੇ ਗੁਰੂ-ਘਰ ਦੀ ਨਿੱਠ ਕੇ ਸੇਵਾ ਕੀਤੀ। ਆਪ ਜੀ ਗੁਰੂ ਸਾਹਿਬ ਦੇ ਸਨਮੁਖ ਉਨ੍ਹਾਂ ਦੇ ਉਪਦੇਸ਼ਾਂ 'ਤੇ ਪਹਿਰਾ ਦਿੰਦਿਆਂ ਮੁਗ਼ਲ ਹਕੂਮਤ ਦੀ ਈਨ ਨਾ ਮੰਨਦੇ ਹੋਏ ਸ਼ਹਾਦਤ ਪ੍ਰਾਪਤ ਕਰ ਗਏ।

ਭਾਈ ਮਤੀ ਦਾਸ ਜੀ

ਭਾਈ ਮਤੀ ਦਾਸ ਜੀ ਭਾਈ ਸਤੀ ਦਾਸ ਜੀ ਦੇ ਸਕੇ ਭਰਾ ਸਨ, ਜੋ ਕਿ ਧਰਮਵੀਰ ਤੇ ਆਤਮਗਿਆਨੀ ਸਿੱਖ ਸਨ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਭਾਈ ਮਤੀ ਦਾਸ ਜੀ ਨੂੰ ਆਪਣਾ ਦੀਵਾਨ ਥਾਪਿਆ ਹੋਇਆ ਸੀ। ਕੁਝ ਲੇਖਕਾਂ ਨੇ ਭਾਈ ਮਤੀ ਦਾਸ ਦੀ ਥਾਂ ਮਤੀ ਰਾਮ ਵੀ ਲਿਖਿਆ ਹੈ।[੧੨] ਭਾਈ ਸਰੂਪ ਦਾਸ ਭੱਲਾ ਅਨੁਸਾਰ ਭਾਈ ਮਤੀ ਦਾਸ ਜੀ ਦਾ ਪੂਰਾ ਘਰਾਣਾ ਹੀ ਸਿੱਖੀ ਨੂੰ ਸਮਰਪਿਤ ਸੀ:

ਮਤੀਦਾਸ ਗੁਰ ਕੇ ਦੀਵਾਨ। ਸਿਖੀ ਮੋ ਪੂਰਣ ਪ੍ਰਮਾਨ।[੧੩]

ਜਦੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀਨ-ਦੁਖੀਆਂ ਦੇ ਧਰਮ ਦੀ ਰੱਖਿਆ ਲਈ ਦਿੱਲੀ ਗਏ ਤਾਂ ਉਨ੍ਹਾਂ ਦੇ ਨਾਲ ਕੁਰਬਾਨੀ ਕਰਨ ਵਾਲੇ ਤਿੰਨ ਮਰਜੀਵੜੇ ਸਿੱਖਾਂ ਵਿਚੋਂ ਭਾਈ ਮਤੀ ਦਾਸ ਜੀ ਇੱਕ ਸਨ। ਦਿੱਲੀ ਵਿਖੇ ਗੁਰੂ ਸਾਹਿਬ ਅਤੇ ਇਨ੍ਹਾਂ ਨੂੰ ਕੈਦ ਵਿਚ ਰੱਖਿਆ ਗਿਆ। ਫਿਰ ਗੁਰੂ ਸਾਹਿਬ ਨੂੰ ਧਰਮ ਬਦਲਣ ਜਾਂ ਕੋਈ ਕਰਾਮਾਤ ਵਿਖਾਉਣ ਲਈ ਕਿਹਾ ਗਿਆ। ਜਦੋਂ ਗੁਰੂ ਸਾਹਿਬ ਨਾ ਮੰਨੇ ਤਾਂ ਇੱਕ-ਇੱਕ ਸਿੱਖ ਨੂੰ ਫੜ ਕੇ ਉਨ੍ਹਾਂ ਦੇ ਸਾਹਮਣੇ ਖੌਫ਼ਨਾਕ ਤਸੀਹੇ ਦੇਣੇ ਸ਼ੁਰੂ ਕਰ ਦਿੱਤੇ ਗਏ। ਜੱਲਾਦਾਂ ਨੂੰ ਹੁਕਮ ਦਿੱਤਾ ਗਿਆ ਕਿ ਭਾਈ ਮਤੀ ਦਾਸ ਨੂੰ ਦੋ ਤਖ਼ਤਿਆਂ ਵਿਚਕਾਰ ਬੰਨ੍ਹ ਕੇ ਆਰੇ ਨਾਲ ਚੀਰ ਦਿੱਤਾ ਜਾਵੇ। ਗਿਆਨੀ ਸੋਹਣ ਸਿੰਘ ਸੀਤਲ ਲਿਖਦੇ ਹਨ:

ਤਬ ਮਤੀਦਾਸ ਕੋ ਲੀਆ ਬੁਲਾਇ।
ਦੋ ਤਖਤੇ ਮੋ ਦੀਆ ਬੰਧਾਇ।

ਜਲਾਦਨ ਕੋ ਹੁਕਮ ਕਰਵਾਇਆ।
ਆਰੇ ਸੋ ਤਿਸੁ ਤਨ ਚੀਰਾਇਆ।[੧੪]

ਸਿੱਖ ਪਰੰਪਰਾ ਦੱਸਦੀ ਹੈ ਕਿ ਕਾਜ਼ੀ ਨੇ ਸਿੱਖ (ਭਾਈ ਮਤੀ ਦਾਸ ਜੀ) ਦੀ ਆਖਰੀ ਇੱਛਾ ਪੁੱਛੀ, ਤਾਂ ਭਾਈ ਸਾਹਿਬ ਜੀ ਨੇ ਆਖਰੀ ਇੱਛਾ ਜ਼ਾਹਿਰ ਕੀਤੀ, ਕਿ ਜਦੋਂ ਮੇਰੇ ਸੀਸ 'ਤੇ ਆਰਾ ਚੱਲੇ ਤਾਂ ਮੇਰਾ ਮੁਖ ਗੁਰੂ ਸਾਹਿਬ ਵੱਲ ਹੋਵੇ। ਫਿਰ ਭਾਈ ਮਤੀ ਦਾਸ ਜੀ ਨੂੰ ਦੋ ਤਖਤਿਆਂ ਵਿਚ ਬੰਨ੍ਹ ਦਿੱਤਾ ਗਿਆ ਤੇ ਸੀਸ 'ਤੇ ਆਰਾ ਰੱਖ ਦਿੱਤਾ ਗਿਆ। ਭਾਈ ਸਾਹਿਬ ਜੀ ਨੇ ਜਪੁ ਜੀ ਦਾ ਪਾਠ ਸ਼ੁਰੂ ਕੀਤਾ। ਇਸ ਪ੍ਰਥਾਇ ਮਹਾਂਕਵੀ ਭਾਈ ਸੰਤੋਖ ਸਿੰਘ ਲਿਖਦੇ ਹਨ:

ਮਤੀ ਦਾਸ ਕੋ ਕੀਨਿ ਬੁਲਾਵਨਿ। ਦੁਇ ਤਖਤੇ ਮਹਿਂ ਕਰਯੋ ਬੰਧਾਵਨਿ।
ਹੁਕਮ ਜਲਾਦਨਿ ਤਬਹਿ ਉਚਾਰਾ। ਲੈ ਆਰਾ ਸਿਰ ਪਰ ਤਿਸ ਧਾਰਾ॥੪੫॥
ਅਰਧੋ ਅਰਧ ਚਿਰਾਇ ਸੁ ਡਾਰਾ। ਪਰਯੋ ਪ੍ਰਿਥੀ ਪੁਰ ਹ੍ਵੈ ਦੋ ਫਾਰਾ।
ਦੋਨਹੁੰ ਤਨ ਤੇ ਜਪੁਜੀ ਪਢੈ। ਹੇਰਤਿ ਸਭਿ ਕੇ ਅਚਰਜ ਬਢੈ॥੪੬॥
ਹੋਇ ਦੁਖੰਡ ਨ ਜੀਵਤਿ ਕੋਈ। ਇਹ ਤੋ ਪਠਤਿ ਜਿਯਤਿ ਜਿਮ ਹੋਈ।
ਭੋਗ ਪਾਇ ਕਰਿ ਦੋਨਹੁੰ ਤਨ ਤੇ। ਗੁਰਪੁਰਿ ਪਹੁੰਚਯੋ ਪ੍ਰੇਮੀ ਮਨ ਤੇ॥[੧੫]

ਇਸ ਤਰ੍ਹਾਂ ਭਾਈ ਸਾਹਿਬ ਨੇ 'ਜਪੁ' ਬਾਣੀ ਦਾ ਪਾਠ ਸ਼ੁਰੂ ਕੀਤਾ ਤੇ ਉੱਪਰੋਂ ਜ਼ਾਲਮਾਂ ਨੇ ਆਰੇ ਨਾਲ ਭਾਈ ਸਾਹਿਬ ਦੇ ਸਰੀਰ ਨੂੰ ਦੋਫਾੜ ਕਰ ਦਿੱਤਾ। ਭਾਈ ਮਤੀ ਦਾਸ ਜੀ ਦੀ ਮਾਨਸਿਕ ਅਵਸਥਾ ਬਾਰੇ ਭਾਈ ਸਰੂਪ ਦਾਸ ਭੱਲਾ ਲਿਖਦੇ ਹਨ:

ਹਮ ਕੋ ਨਹੀ ਪਰਵਾਹ ਸਤਗੁਰ ਬਚਨ ਅਧੀਨ॥
ਪੁਨ ਦੁਇ ਤਨ ਸੋ ਜਪੁ ਪਾਠ ਕਰ ਮੋਖ ਪਿਆਨਾ ਕੀਨ॥[੧੬]

ਇਤਿਹਾਸ ਵਿਚ ਜ਼ਿਕਰ ਮਿਲਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਹਜ਼ੂਰੀ ਵਿਚ ਸੇਵਾ ਨਿਭਾਉਂਦਿਆਂ ਆਪ ਜੀ ਦੇ ਤਿੰਨ ਪੁੱਤਰਾਂ (ਸਾਹਿਬ ਸਿੰਘ, ਮੁਕੰਦ ਸਿੰਘ ਤੇ ਚਰਨ ਸਿੰਘ) ਵਿਚੋਂ ਦੋ ਭਾਈ ਸਾਹਿਬ ਸਿੰਘ ੭ ਕੱਤਕ, ਸੰਮਤ ੧੭੫੭ ਬਿ. (੧੭੦੦ ਈ.) ਨੂੰ ਨਿਰਮੋਹਗੜ੍ਹ ਦੀ ਜੰਗ ਵਿਚ ਅਤੇ ਭਾਈ ਮੁਕੰਦ ਸਿੰਘ ਚਮਕੌਰ (੧੭੦੪ ਈ.) ਦੀ ਜੰਗ ਵਿਚ ਸ਼ਹੀਦ ਹੋਏ।[੧੭]

ਭਾਈ ਦਿਆਲਾ ਜੀ

ਭਾਈ ਦਿਆਲਾ ਜੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਹਜ਼ੂਰੀ ਸਿੱਖ ਸਨ। ਇਹ ਭਾਈ ਮਾਈ ਦਾਸ ਜੀ ਦੇ ਸਪੁੱਤਰ ਅਤੇ ਸ਼ਹੀਦ ਭਾਈ ਮਨੀ ਸਿੰਘ ਜੀ ਦੇ ਭਰਾ ਸਨ। ਭਾਈ ਦਿਆਲਾ ਜੀ ਦਾ ਜਨਮ ਪਿੰਡ ਅਲੀਪੁਰ, ਤਹਿਸੀਲ ਤੇ ਜ਼ਿਲ੍ਹਾ ਮੁਜ਼ੱਫਰਗੜ੍ਹ ਦੇ ਇਕ ਰਾਜਪੂਤ ਘਰਾਣੇ ਵਿਚ ਮਾਈ ਦਾਸ ਦੇ ਘਰ ਮਧੁਰੀ ਬਾਈ ਦੀ ਕੁੱਖੋਂ ਹੋਇਆ। 'ਸ਼ਹੀਦ ਬਿਲਾਸ' ਭਾਈ ਮਨੀ ਸਿੰਘ ਵਿਚ ਵਰਣਨ ਮਿਲਦਾ ਹੈ ਕਿ 'ਮਾਈ ਦਾਸ ਸ਼ਾਹਜਹਾਂ ਦੇ ਜ਼ਮਾਨੇ ਕਿਤੇ ਸਰਕਾਰੀ ਅਹੁਦੇ 'ਤੇ ਸੀ ਤੇ ਚੰਗੀ ਮਾਨਤਾ

ਰੱਖਦਾ ਸੀ। ਇਸ ਦੇ ਦੋ ਵਿਆਹ ਸਨ- ਮਧੁਰੀ ਬਾਈ ਤੇ ਲਡਿਕੀ, ਮਧੁਰੀ ਬਾਈ ਦੇ ਪੇਟੋਂ ਜੇਠਾ, ਦਿਆਲ ਦਾਸ (ਭਾਈ ਦਿਆਲਾ ਜੀ), ਮਨੀਰਾਮ (ਭਾਈ ਮਨੀ ਸਿੰਘ ਜੀ), ਦੁਨੀਆਂ, ਮਾਨਾ, ਅਮਰਚੰਦ, ਰੂਪਾ ਅਤੇ ਲਡਿਕੀ ਦੇ ਪੇਟੋਂ ਜਗਤੂ, ਸੋਹਣਾ, ਲਹਿਣਾ, ਰਾਇ, ਹਰੀਚੰਦ ਕੁੱਲ ੧੨ ਪੁੱਤਰ ਪੈਦਾ ਹੋਏ ਸਨ। ਇਨ੍ਹਾਂ ਵਿਚੋਂ ਸਿਵਾਇ ਅਮਰਚੰਦ ਦੇ ਬਾਕੀ ਗਿਆਰ੍ਹਾਂ ਸਿੱਖੀ ਖਾਤਰ ਸ਼ਹੀਦ ਹੋਏ। ਭਾਈ ਦਿਆਲਾ ਜੀ ਉਮਰ ਭਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਨਾਲ ਰਹੇ।[੧੮] ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਵੀ ਭਾਈ ਦਿਆਲਾ ਜੀ ਨੂੰ ਪਿਆਰ ਨਾਲ 'ਭਾਈ ਜੀ' ਕਹਿ ਕੇ ਸੰਬੋਧਨ ਕਰਦੇ ਸਨ। ਭਾਈ ਦਿਆਲਾ ਜੀ ਦਾ ਗੁਰੂ-ਘਰ ਵਿਚ ਇਤਨਾ ਸਤਿਕਾਰ ਸੀ ਕਿ ਗੁਰੂ ਜੀ ਇਕ ਹੁਕਮਨਾਮੇ ਵਿਚ ਇਥੋਂ ਤਕ ਲਿਖਦੇ ਹਨ ਕਿ 'ਭਾਈ ਦਿਆਲ ਦਾਸ ਜੀ ਦਾ ਆਖਿਆ, ਉਨ੍ਹਾਂ ਦਾ ਹੀ ਆਖਿਆ ਹੈ। ਆਪ ਲਿਖਦੇ ਹਨ- ''ਭਾਈ ਦਿਆਲ ਦਾਸ ਕਹੇ, ਸੰਗਤ ਗੁਰੂ ਕਾ ਹੁਕਮ ਕਰਿ ਮੰਨਣਾ।''[੧੯] ਭਾਈ ਦਿਆਲਾ ਜੀ ਨੂੰ ਉਬਲਦੇ ਦੇਗੇ ਵਿਚ ਬੈਠਾ ਕੇ ਸ਼ਹੀਦ ਕੀਤਾ ਗਿਆ। ਗੁਰੂ ਕੀਆਂ ਸਾਖੀਆਂ ਅਨੁਸਾਰ 'ਅੱਵਲ ਦਿਆਲ ਦਾਸ ਕੋ ਏਕ ਰੀਝਤੇ ਦੇਗੇ ਮੇਂ ਬੰਦ ਕਰਕੇ ਮਾਰਾ।...'[੨੦] ਭਾਈ ਦਿਆਲਾ ਜੀ ਪ੍ਰਥਾਇ ਭਾਈ ਦੇਸੂ ਭੱਟ ਲਿਖਦਾ ਹੈ-

'ਧੰਨ ਧੰਨ ਮਾਤਾ ਮਧਰੀ ਬਾਈ, ਤਉ ਜਾਇਆ ਮਨੀਰਾਮ ਪੂਤ ਸੁਪੁੱਤਾ।
ਸੁਪੂਤ ਬੇਟਾ ਤਉ ਗਾਊਂ ਦਯਾਲਦਾਸ, ਜੀਤੇ ਜੀ ਦੇਗੇ ਉਬਲਿੱਤਾ।'

ਇਸ ਧਰਮਵੀਰ ਨੇ ਇਸ ਘੋਰ ਦੁੱਖ ਨੂੰ ਤੁੱਛ ਕਰ ਕੇ ਜਾਣਿਆ ਅਤੇ ਗੁਰਬਾਣੀ ਦਾ ਪਾਠ ਕਰਦੇ ਹੋਏ ਸ਼ਹਾਦਤ ਪ੍ਰਾਪਤ ਕੀਤੀ। ਭਾਈ ਦਿਆਲਾ ਜੀ ਦੇ ਦੋ ਸਪੁੱਤਰ ਭਾਈ ਕਲਿਆਣਾ ਜੀ ੨੯ ਭਾਦੋਂ, ਸੰਮਤ ੧੭੫੭ ਬਿ. (੧੭੦੦ ਈ.) ਨੂੰ ਤਾਰਾਗੜ੍ਹ ਦੀ ਜੰਗ ਵਿਚ ਪਹਾੜੀ ਰਾਜਿਆਂ ਵਿਰੁੱਧ ਲੜਦੇ ਹੋਏ ਸ਼ਹੀਦ ਹੋਏ ਅਤੇ ਭਾਈ ਮਥਰਾ ਸਿੰਘ ੭ ਕੱਤਕ, ਸੰਮਤ ੧੭੫੭ (੧੭੦੦ ਈ.) ਨੂੰ ਨਿਰਮੋਹਗੜ੍ਹ ਦੀ ਲੜਾਈ ਵਿਚ ਜੂਝ ਕੇ ਸ਼ਹੀਦ ਹੋਏ।[੨੧] ਭਾਈ ਦਿਆਲਾ ਜੀ ਦੇ ਘਰਾਣੇ ਦੀ ਸਿੱਖ ਪੰਥ ਵਿਚ ਮਹਾਨ ਦੇਣ ਹੈ। ਇਨ੍ਹਾਂ ਦੇ ਪੁਰਖਿਆਂ ਨੇ ਗੁਰੂ-ਦਰਬਾਰ ਵਿਚ ਮਹਾਨ ਸੇਵਾਵਾਂ ਕੀਤੀਆਂ। ਇਨ੍ਹਾਂ ਦੇ ਭਰਾ ਸ਼ਹੀਦ ਭਾਈ ਮਨੀ ਸਿੰਘ ਜੀ ਨੇ ਤਾਂ ਆਪਣੇ ਪੁੱਤਰਾਂ ਤੇ ਭਤੀਜਿਆਂ ਸਮੇਤ ਕਿੰਨੇ ਹੀ ਹੋਰ ਪਰਵਾਰਕ ਮੈਂਬਰਾਂ ਨੇ ਸ਼ਹਾਦਤਾਂ ਪ੍ਰਾਪਤ ਕੀਤੀਆਂ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਸੰਗਰਾਮ ਦੀ ਜਿੱਥੇ ਵੀ ਗੱਲ ਚੱਲੇਗੀ, ਉੱਥੇ ਉਨ੍ਹਾਂ ਦੇ ਨਾਲ ਗੁਰੂ-ਹਜ਼ੂਰੀ ਵਿਚ ਸੇਵਾਵਾਂ ਨਿਭਾਉਣ ਵਾਲੇ ਤੇ ਇਨ੍ਹਾਂ ਸਨਮੁਖ ਸ਼ਹੀਦਾਂ ਦੀ ਗਾਥਾ ਵੀ ਚੱਲੇਗੀ।

ਇਸ ੩੫੦ ਸਾਲਾ ਸ਼ਹੀਦੀ ਸ਼ਤਾਬਦੀ ਮੌਕੇ ਪੁਰ ਜਿੱਥੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸਨਮੁਖ ਸ਼ਹਾਦਤ ਪ੍ਰਾਪਤ ਕਰਨ ਵਾਲੇ ਭਾਈ ਸਤੀ ਦਾਸ ਜੀ, ਭਾਈ ਮਤੀ ਦਾਸ ਜੀ ਤੇ ਭਾਈ ਦਿਆਲਾ ਜੀ ਨੂੰ ਪ੍ਰਣਾਮ ਕਰਦੇ ਹਾਂ, ਉੱਥੇ ਗੁਰੂ-ਹਜ਼ੂਰੀ

ਵਿਚ ਸੇਵਾਵਾਂ ਨਿਭਾਉਣ ਵਾਲੀਆਂ ਮਹਾਨ ਸ਼ਖ਼ਸੀਅਤਾਂ- ਭਾਈ ਮੱਖਣ ਸ਼ਾਹ ਜੀ ਲੁਬਾਣਾ, ਭਾਈ ਲੱਖੀ ਸ਼ਾਹ ਜੀ ਵਣਜਾਰਾ ਤੇ ਭਾਈ ਜੈਤਾ ਜੀ ਨੂੰ ਵੀ ਸਿਜਦਾ ਹੈ।

ਹਵਾਲੇ :

੧. ਸ੍ਵਰੂਪ ਸਿੰਘ ਕੋਸ਼ਿਸ਼, *ਗੁਰੂ ਕੀਆਂ ਸਾਖੀਆਂ*, ਸੰਪਾ. ਪਿਆਰਾ ਸਿੰਘ ਪਦਮ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਛੇਵੀਂ ਵਾਰ ੨੦੦੮, ਪੰਨਾ ੬੫.

੨. ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਪੰਨਾ ੯੪੦.

੩. ਸ੍ਵਰੂਪ ਸਿੰਘ ਕੋਸ਼ਿਸ਼, *ਗੁਰੂ ਕੀਆਂ ਸਾਖੀਆਂ*, ਸੰਪਾ. ਪਿਆਰਾ ਸਿੰਘ ਪਦਮ, ਪੰਨਾ ੬੭.

੪. *ਉਹੀ*, ਪੰਨਾ ੧੩੬.

੫. *ਉਹੀ*, ਪੰਨਾ ੮੫.

੬. ਰੂਪ ਸਿੰਘ, ਰੰਘਰੇਟਾ *ਗੁਰੂ ਕਾ ਬੇਟਾ ਭਾਈ ਜੈਤਾ: ਭਾਈ ਜੀਵਨ ਸਿੰਘ*, ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ.ਪ੍ਰ. ਕਮੇਟੀ), ਸ੍ਰੀ ਅੰਮ੍ਰਿਤਸਰ, ੨੦੧੮, ਪੰਨਾ ੫.

੭. ਸ੍ਵਰੂਪ ਸਿੰਘ ਕੋਸ਼ਿਸ਼, *ਗੁਰੂ ਕੀਆਂ ਸਾਖੀਆਂ*, ਸੰਪਾ. ਪਿਆਰਾ ਸਿੰਘ ਪਦਮ, ਪੰਨਾ ੧੫੪.

੮. ਰਣਜੀਤ ਸਿੰਘ ਰਾਣਾ, *ਹਜ਼ੂਰੀ ਸ਼ਹੀਦ*, ਪੰਨਾ ੭੮.

੯. ਸ੍ਵਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ*, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ, ਪੰਨਾ ੬੧.

੧੦. *ਉਹੀ*, ਪੰਨੇ ੭੩-੭੬.

੧੧. ਕੇਸਰ ਸਿੰਘ ਛਿੱਬਰ, *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ*, ਸੰਪਾ. ਡਾ. ਰਤਨ ਸਿੰਘ ਜੱਗੀ, ਪੰਨੇ ੯੦-੯੧.

੧੨. ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਪੰਨਾ ੯੪੪.

੧੩. ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼* (ਭਾਗ ਦੂਜਾ), ਸੰਪਾ. ਗੋਬਿੰਦ ਸਿੰਘ ਲਾਂਬਾ, ਖਜ਼ਾਨ ਸਿੰਘ, ਪੰਨਾ ੬੭੭.

੧੪. ਸੋਹਣ ਸਿੰਘ ਸੀਤਲ, *ਸਿੱਖ ਇਤਿਹਾਸ ਦੇ ਸੋਮੇ ਭਗਾ ਦੂਜਾ*, ਪੰਨਾ ੧੯੨.

੧੫. ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਰਾਸ ੧੨, ਅੰਸੂ ੫੪.

੧੬. ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼* (ਭਾਗ ਦੂਜਾ), ਸੰਪਾ. ਗੋਬਿੰਦ ਸਿੰਘ ਲਾਂਬਾ, ਖਜ਼ਾਨ ਸਿੰਘ, ਪੰਨਾ ੬੯੦.

੧੭. ਪ੍ਰੋ. ਪਿਆਰਾ ਸਿੰਘ ਪਦਮ, 'ਗੁਰੂ ਤੇਗ ਬਹਾਦਰ ਜੀ ਦੇ ਸ਼ਰਧਾਲੂ ਸਿਖ ਤੇ ਸਨੇਹੀ', *ਗੁਰੂ ਤੇਗ ਬਹਾਦਰ: ਜੀਵਨ, ਸੰਦੇਸ਼ ਤੇ ਸ਼ਹਾਦਤ*, ਸੰਪਾ. ਡਾ. ਤਾਰਨ ਸਿੰਘ, ਪੰਨਾ ੧੯੪.

੧੮. ਭਾਈ ਸੇਵਾ ਸਿੰਘ, *ਸ਼ਹੀਦ ਬਿਲਾਸ*, ਸੰਪਾ. ਗਿਆਨੀ ਗਰਜਾ ਸਿੰਘ, ਪੰਨਾ ੧੯੩.

੧੯. ਡਾ. ਹਰਬੰਸ ਸਿੰਘ, *ਗੁਰੂ ਤੇਗ ਬਹਾਦਰ ਜੀ ਦਾ ਸੀਸ ਦਿੱਲੀ ਤੋਂ ਅਨੰਦਪੁਰ ਕਿਵੇਂ ਪਹੁੰਚਿਆ*, ਪੰਨਾ ੨੩.

੨੦. ਸ੍ਵਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ*, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ, ਪੰਨੇ ੭੩-੭੬.

੨੧. ਪ੍ਰੋ. ਪਿਆਰਾ ਸਿੰਘ ਪਦਮ, 'ਗੁਰੂ ਤੇਗ ਬਹਾਦਰ ਜੀ ਦੇ ਸ਼ਰਧਾਲੂ ਸਿਖ ਤੇ ਸਨੇਹੀ', *ਗੁਰੂ ਤੇਗ ਬਹਾਦਰ: ਜੀਵਨ, ਸੰਦੇਸ਼ ਤੇ ਸ਼ਹਾਦਤ*, ਸੰਪਾ. ਡਾ. ਤਾਰਨ ਸਿੰਘ, ਪੰਨਾ ੧੯੪.

■

ਨਾਮ ਜਪੋ, ਕਿਰਤ ਕਰੋ, ਵੰਡ ਛਕੋ

ਸਾਹਿਬ-ਏ-ਕਮਾਲ: ਸ੍ਰੀ ਗੁਰੂ ਗੋਬਿੰਦ ਸਿੰਘ ਜੀ

*-ਪ੍ਰੋ. ਕਿਰਪਾਲ ਸਿੰਘ ਬਡੁੰਗਰ**

ਸਰਬੰਸਦਾਨੀ, ਬਾਦਸ਼ਾਹ ਦਰਵੇਸ਼, ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਨੂਰਾਨੀ, ਅਗੰਮੀ, ਅਦੁੱਤੀ ਅਤੇ ਅਜ਼ੀਮ ਸ਼ਖ਼ਸੀਅਤ ਦੁਨੀਆ ਦੇ ਇਤਿਹਾਸ ਵਿਚ ਸਭ ਤੋਂ ਨਿਰਾਲੀ ਤੇ ਲਾਸਾਨੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਬਰ, ਸਹਿਜ, ਸਿਦਕ, ਦ੍ਰਿੜ੍ਹਤਾ, ਸਾਹਸ ਅਤੇ ਚੜ੍ਹਦੀ ਕਲਾ ਦੇ ਅਨੂਠੇ ਮੁਜੱਸਮੇ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਸ੍ਰੀ ਪਟਨਾ ਸਾਹਿਬ, ਬਿਹਾਰ, (ਮੌਜੂਦਾ ਤਖਤ ਸ੍ਰੀ ਪਟਨਾ ਸਾਹਿਬ), ਪੋਹ ਸੁਦੀ ਸਤਮੀ ਸੰਮਤ ੧੭੨੩ (੧੬੬੬ ਈ.) ਨੂੰ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਅਤੇ ਮਾਤਾ ਗੁਜਰੀ ਜੀ ਦੇ ਗ੍ਰਿਹ ਵਿਖੇ ਹੋਇਆ।

ਸਤਿਗੁਰਾਂ ਨੇ ਸੰਸਾਰ ਵਿਚ ਆਪਣੇ ਪ੍ਰਕਾਸ਼ ਬਾਰੇ ਆਪਣੀ ਸ੍ਵੈ-ਜੀਵਨੀ 'ਬਚਿਤ੍ਰ ਨਾਟਕ' ਵਿਚ ਇਉਂ ਬਿਆਨ ਕੀਤਾ ਹੈ:

ਮੁਰ ਪਿਤ ਪੂਰਬ ਕੀਯਸਿ ਪਯਾਨਾ॥ ਭਾਂਤਿ ਭਾਂਤਿ ਕੇ ਤੀਰਥਿ ਨਾਨਾ॥
ਜਬ ਹੀ ਜਾਤ ਤ੍ਰਿਬੇਣੀ ਭਏ॥ ਪੁੰਨ ਦਾਨ ਦਿਨ ਕਰਤ ਬਿਤਏ॥
ਤਹੀ ਪ੍ਰਕਾਸ ਹਮਾਰਾ ਭਯੋ॥ ਪਟਨਾ ਸਹਰ ਬਿਖੈ ਭਵ ਲਯੋ॥

ਸਤਿਗੁਰਾਂ ਨੇ ਮਨੁੱਖੀ ਜਾਮੇ ਵਿਚ ਆਪਣੇ ਆਉਣ ਦਾ ਮਨੋਰਥ ਇੰਝ ਦੱਸਿਆ ਹੈ:

ਯਾਹੀ ਕਾਜ ਧਰਾ ਹਮ ਜਨਮੰ॥ ਸਮਝ ਲੇਹੁ ਸਾਧੂ ਸਭ ਮਨ ਮੰ॥
ਧਰਮ ਚਲਾਵਨ ਸੰਤ ਉਬਾਰਨ॥ ਦੁਸਟ ਸਭਨ ਕੋ ਮੂਲ ਉਪਾਰਨ॥ (ਬਚਿਤ੍ਰ ਨਾਟਕ)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖਾਂ ਅਤੇ ਸਮੁੱਚੀ ਲੋਕਾਈ ਨੂੰ ਹੀ ਅਕਾਲ ਪੁਰਖ ਨਾਲ ਜੁੜਨ ਅਤੇ ਪਰਮਾਤਮਾ ਨੂੰ ਆਪਣਾ ਓਟ-ਆਸਰਾ ਸਮਝਣ ਲਈ ਪ੍ਰੇਰਿਆ ਅਤੇ ਤਾੜਨਾ ਕੀਤੀ ਹੈ:

ਜੋ ਹਮ ਕੋ ਪਰਮੇਸਰ ਉਚਰਿਹੈਂ॥ ਤੇ ਸਭ ਨਰਕ ਕੁੰਡ ਮਹਿ ਪਰਿਹੈਂ॥
ਮੋ ਕੌ ਦਾਸ ਤਵਨ ਕਾ ਜਾਨੋ॥ ਯਾ ਮੈ ਭੇਦ ਨ ਰੰਚ ਪਛਾਨੋ॥ (ਬਚਿਤ੍ਰ ਨਾਟਕ)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਾਰਾ ਹੀ ਸੰਸਾਰਕ ਜੀਵਨ ਹਰ ਪੱਖੋਂ ਕ੍ਰਿਸ਼ਮਈ ਅਤੇ ਅਚੰਭਿਤ ਕਰਨ ਵਾਲਾ ਹੈ। ਆਪ ਜੀ ਨੇ ਨੌਂ ਸਾਲ ਦੀ ਉਮਰ ਵਿਚ ਆਪਣੇ ਪਿਤਾ ਜੀ ਨੂੰ ਦੂਜੇ ਧਰਮ, ਜਿਨ੍ਹਾਂ ਨਾਲ ਸਿਧਾਂਤਕ ਮੱਤਭੇਦ ਸੀ, ਦੀ ਰੱਖਿਆ ਖਾਤਰ ਕੁਰਬਾਨੀ ਦੇਣ ਲਈ ਭੇਜਿਆ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਤੋਂ ਪਿੱਛੋਂ ੧੬੭੫ ਈ. ਵਿਚ ੯ ਸਾਲ ਦੀ ਉਮਰ ਵਿਚ ਆਪ ਜੀ ਨੂੰ ਸ੍ਰੀ ਗੁਰੂ ਨਾਨਕ ਜੋਤ ਦੇ ਦਸਵੇਂ ਵਾਰਸ ਦੇ ਰੂਪ ਵਿਚ ਗੁਰਿਆਈ ਪ੍ਰਾਪਤ ਹੋਈ। ਸਿਰਫ਼ ੪੨ ਸਾਲ ਦੀ ਆਯੂ ਤਕ ਉਨ੍ਹਾਂ ਨੇ ਸ੍ਰੀ

* ਸਾਬਕਾ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ: +੯੧੯੯੧੫੮-੦੫੧੦੦

ਗੁਰੂ ਨਾਨਕ ਦੇਵ ਜੀ ਦੇ ਅਰੰਭ ਕੀਤੇ ਸਿੱਖ ਧਰਮ ਦੇ ਕ੍ਰਾਂਤੀਕਾਰੀ ਦਾਰਸ਼ਨਿਕ ਸਿਧਾਂਤਾਂ ਨੂੰ ਤੀਬਰਤਾ ਤੇ ਦੈਵੀ ਕੁਸ਼ਲਤਾ ਨਾਲ ਸਿਖਰ 'ਤੇ ਪਹੁੰਚਾਇਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਕ ਮਹਾਨ ਜਰਨੈਲ, ਉੱਚ ਕੋਟੀ ਦੇ ਵਿਦਵਾਨ, ਅਜ਼ੀਮ ਸਾਹਿਤਕਾਰ, ਗੁਰਬਾਣੀ ਸੰਗੀਤ ਦੇ ਰਸੀਏ, ਸਰਬੰਸਦਾਨੀ, ਅੰਮ੍ਰਿਤ ਦੇ ਦਾਤੇ, ਭਗਤੀ ਅਤੇ ਸ਼ਕਤੀ ਦੇ ਮੁਜੱਸਮੇ ਅਤੇ ਮਰਦ-ਏ-ਮੈਦਾਨ ਸਨ। ਉਹ ਸ਼ਸਤਰ ਅਤੇ ਸ਼ਾਸਤਰ ਦੇ ਧਨੀ, ਸੰਤ-ਸਿਪਾਹੀ, ਸਾਹਿਬ-ਏ-ਕਮਾਲ, ਮਰਦ ਅਗੰਮੜੇ, ਦੁਸ਼ਟ-ਦਮਨ, ਅੰਮ੍ਰਿਤ ਕੇ ਦਾਤੇ ਸਨ। ਹਕੀਮ ਅਲਾਹ ਯਾਰ ਖਾਂ ਜੀ ਆਪ ਜੀ ਬਾਰੇ ਇਉਂ ਬਿਆਨ ਕਰਦੇ ਹਨ,

ਇਨਸਾਫ ਕਰੇ ਜੀ ਮੇਂ ਜ਼ਮਾਨਾ ਤੋਂ ਯਕੀਂ ਹੈ।
ਕਹਿ ਦੇ ਗੁਰੂ ਗੋਬਿੰਦ ਕਾ ਸਾਨੀ ਹੀ ਨਹੀਂ ਹੈ।

ਗੁਰਮਤਿ ਮਨੁੱਖ ਨੂੰ ਆਤਮਿਕ ਅਤੇ ਸਰੀਰਕ ਦੋਹਾਂ ਰੂਪਾਂ ਵਿਚ ਬਲਵਾਨ ਬਣਾਉਣ ਦਾ ਸਿਧਾਂਤ ਹੈ। ਉਨ੍ਹਾਂ ਦੇ ਦਰਬਾਰ ਵਿਚ ੫੨ ਕਵੀ ਸਨ ਜੋ ਆਪਣੇ ਸਮੇਂ ਦੇ ਮਹਾਨ ਵਿਦਵਾਨ ਸਨ। ਗੁਰੂ ਜੀ ਨੇ ਖੁਦ ਵੀ ਜਾਪੁ ਸਾਹਿਬ, ਅਕਾਲ ਉਸਤਤ, ੩੩ ਸਵੈਯੇ, ਖਾਲਸਾ ਮਹਿਮਾ, ਗਿਆਨ ਪ੍ਰਬੋਧ, ਚੰਡੀ ਚਰਿਤ੍ਰ (ਵੱਡਾ), ਚੰਡੀ ਚਰਿਤ੍ਰ (ਛੋਟਾ), ਚੰਡੀ ਦੀ ਵਾਰ, ਚੋਬੀਸ ਅਵਤਾਰ, ਬਚਿਤ੍ਰ ਨਾਟਕ, ਚਰਿਤ੍ਰੋ ਪਾਖਯਾਨ, ਜ਼ਫ਼ਰਨਾਮਾ, ਹਕਾਯਤਾਂ, ਸ਼ਬਦ ਹਜਾਰੇ ਪਾ. ੧੦ਵੀਂ ਆਦਿ ਪਵਿੱਤਰ ਬਾਣੀਆਂ ਦੀ ਰਚਨਾ ਕੀਤੀ ਸੀ। ਸਿੱਖ ਧਰਮ ਦੀ ਪੰਜ ਕਕਾਰੀ ਰਹਿਤ ਮਰਯਾਦਾ ਤੇ ਸਿੱਖੀ ਸਰੂਪ ਨਿਸ਼ਚਿਤ ਕਰ ਕੇ ਸਿੱਖ ਧਰਮ ਦੀ ਸਮਾਜ ਵਿਚ "ਤੀਸਰ ਮਜ਼ਹਬ ਸਾਜ ਕੇ" ਵੱਖਰੀ ਤੇ ਨਿਆਰੀ ਪਹਿਚਾਣ ਕਾਇਮ ਕੀਤੀ। ਉਨ੍ਹਾਂ ਨੇ ਖਾਲਸਾ ਪੰਥ ਨੂੰ ਐਨਾ ਸ਼ਕਤੀਸ਼ਾਲੀ ਬਣਾ ਦਿੱਤਾ ਸੀ ਕਿ ਹੁਣ ਉਸ ਨੂੰ ਕਿਸੇ ਹੋਰ ਦੇਹਧਾਰੀ ਮਨੁੱਖ ਰੂਪ ਵਿਚ ਗੁਰੂ ਦੀ ਲੋੜ ਨਹੀਂ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਮਤਿ ਵਿਚਾਰ ਪ੍ਰਣਾਲੀ ਅਨੁਸਾਰ ਉਸੇ ਆਦਰਸ਼ਕ ਮਨੁੱਖ ਨੂੰ ਖਾਲਸੇ ਦਾ ਰੂਪ ਦਿੱਤਾ। ਉਨ੍ਹਾਂ ਨੇ ੧੬੯੯ ਈ. ਵਿਚ ਖਾਲਸੇ ਦੀ ਸਿਰਜਣਾ ਕਰਦਿਆਂ ਇਕ ਸੁਤੰਤਰ ਤੇ ਸੰਪੂਰਨ ਮਨੁੱਖ ਦਾ ਆਦਰਸ਼ ਸਾਹਮਣੇ ਰੱਖਿਆ। ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਲਵੰਡੀ ਸਾਬੋ ਵਿਖੇ ਆਪਣੇ ਪਿਤਾ ਗੁਰੂ ਨੌਵੇਂ ਪਾਤਸ਼ਾਹ ਦੀ ਬਾਣੀ "ਸ੍ਰੀ ਗੁਰੂ ਗ੍ਰੰਥ ਸਾਹਿਬ" ਵਿਚ ਸ਼ਾਮਲ ਕਰ ਕੇ ਇਸ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸੰਪੂਰਨ ਕੀਤਾ (ਇੱਥੇ ਅੱਜਕਲ੍ਹ ਗੁਰਦੁਆਰਾ ਲਿਖਣਸਰ ਸਾਹਿਬ, ਗੁਰੂ ਕੀ ਕਾਂਸ਼ੀ ਸੁਸ਼ੋਭਿਤ ਹੈ), ਇਹ ਮਹਾਨ ਕਾਰਜ ਸੰਮਤ ੧੭੬੩ (੧੭੦੬ ਈ.) ਨੂੰ ਸੰਪੂਰਨ ਹੋਇਆ। ਇਸੇ ਸੰਪੂਰਨ 'ਆਦਿ (ਸ੍ਰੀ ਗੁਰੂ) ਗ੍ਰੰਥ ਸਾਹਿਬ' ਨੂੰ ਦੱਖਣ ਵਿਚ ਨਾਂਦੇੜ ਦੀ ਧਰਤੀ ਉੱਤੇ ਗੁਰੂ ਦੀ ਪਦਵੀ ਕੱਤਕ ਸੁਦੀ ਦੂਜ ਸੰਮਤ ੧੭੬੫ ਈ. ਨੂੰ ਦਿੱਤੀ। ਜਿੱਥੇ ਅੱਜਕਲ੍ਹ ਤਖਤ ਸ੍ਰੀ ਹਜ਼ੂਰ ਸਾਹਿਬ ਸੁਸ਼ੋਭਿਤ ਹੈ। ਨਾਂਦੇੜ ਦੀ ਧਰਤੀ ਉੱਤੇ ਗੁਰੂ ਜੀ ਨੇ ਅੱਗੇ ਲਈ ਸਿੱਖਾਂ ਦਾ ਗੁਰੂ ਸਦਾ ਵਾਸਤੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਨੂੰ ਸ਼ਬਦ ਰੂਪ ਵਿਚ ਥਾਪ ਦਿੱਤਾ। ਦੁਨੀਆ ਦੇ ਧਾਰਮਿਕ ਇਤਿਹਾਸ ਵਿਚ ਇਹ ਇੱਕੋ ਇੱਕ ਨਿਵੇਕਲੀ ਕਿਸਮ ਦਾ ਕਾਰਜ

ਸੀ ਜਦੋਂ ਕਿਸੇ ਧਾਰਮਿਕ ਗ੍ਰੰਥ ਨੂੰ 'ਗੁਰੂ' ਦੀ ਪਦਵੀ ਪ੍ਰਾਪਤ ਹੋਈ ਹੋਵੇ। ਇਹ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਦਿੱਤੇ 'ਸ਼ਬਦ ਗੁਰੂ' ਦੇ ਸਿਧਾਂਤ ਦਾ ਅਮਲੀ ਰੂਪ ਵਿਚ ਸਿਖਰ ਸੀ ਸੱਚਮੁਚ ਹੀ ਇਹ ਇਕ ਧਾਰਮਿਕ ਇਲਕਲਾਬ ਦਾ ਸਿਖਰ ਸੀ।

ਗੁਰੂ ਸਾਹਿਬਾਨ ਦਾ ਕਿਸੇ ਦੇਸ਼, ਇਲਾਕੇ, ਧਰਮ, ਜਾਤ, ਨਸਲ ਅਤੇ ਕੌਮ ਦੇ ਵਿਰੁੱਧ ਕੋਈ ਵਿਰੋਧ ਨਹੀਂ ਸੀ। ਉਹ ਤਾਂ ਸਾਰੀ ਲੋਕਾਈ ਨੂੰ *ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥* ਅਤੇ *ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ॥ ਤਥਾ ਜੋ ਦੀਸੈ ਸੋ ਤੇਰਾ ਰੂਪੁ॥* ਦੇ ਸਿਧਾਂਤ ਦੇ ਧਾਰਨੀ ਸਨ। ਦਸਮੇਸ਼ ਪਿਤਾ ਜੀ ਤਾਂ ਬੁਲੰਦ ਅਵਾਜ਼ ਵਿਚ ਸੰਸਾਰ ਨੂੰ ਸਮਝਾਉਂਦੇ ਹਨ। *ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ॥ ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥* ਗੁਰੂ ਸਾਹਿਬਾਨ ਦਾ 'ਧਰਮ ਯੁੱਧ' ਤਾਂ ਸਰਬ ਧਰਮ ਦੀ ਰੱਖਿਆ, ਪਰਉਪਕਾਰ, ਗਰੀਬਾਂ, ਅਨਾਥਾਂ, ਕਿਰਤੀਆਂ ਅਤੇ ਇਸਤਰੀ ਆਦਿ ਦੇ ਉਥਾਨ, ਸਨਮਾਨ ਮਨੁੱਖੀ ਬਰਾਬਰੀ ਅਤੇ ਉੱਚੀਆਂ ਮਾਨਵੀ ਕਦਰਾਂ-ਕੀਮਤਾਂ ਲਈ ਸੀ ਪਰੰਤੂ ਜਾਬਰ, ਜੁਲਮ, ਦੁਰਾਚਾਰ ਤੇ ਜਾਲਮ ਦੇ ਵਿਰੁੱਧ ਹੀ ਸੀ। ਇਹੋ ਕਾਰਨ ਹੈ ਕਿ ਸਮੇਂ ਦੇ ਪ੍ਰਸਿੱਧ ਮੁਸਲਮਾਨ ਪੀਰਾਂ, ਫਕੀਰਾਂ, ਚੌਧਰੀਆਂ 'ਜਿਨ੍ਹਾਂ ਨੇ ਸੱਚ ਨੂੰ ਪਹਿਚਾਣਿਆ' ਨੇ ਹਮੇਸ਼ਾ ਹੀ ਸਤਿਗੁਰਾਂ ਦਾ ਸਾਥ ਦਿੱਤਾ ਅਤੇ ਉਨ੍ਹਾਂ ਦੀ 'ਸਤਿ ਦੀ ਸ਼ਕਤੀ' ਨੂੰ ਪਹਿਚਾਨਿਆ ਅਤੇ ਪ੍ਰਣਾਮ ਕੀਤਾ। ਉਹ ਭਾਵੇਂ ਪੀਰ ਭੀਖਣ ਸ਼ਾਹ ਸਨ ਭਾਵੇਂ ਪੀਰ ਆਰਿਫ ਖਾਨ ਸਨ, ਭਾਵੇਂ ਸਢੌਰੇ ਦਾ ਪੀਰ ਬੁੱਧੂ ਸ਼ਾਹ ਜੀ, ਭਾਵੇਂ ਕੋਟਲੇ ਦਾ ਚੌਧਰੀ ਨਿਹੰਗ ਖਾਂ ਸੀ ਭਾਵੇਂ ਨਬੀ ਖਾਂ, ਗਨੀ ਖਾਂ ਸਨ ਭਾਵੇਂ ਸੂਬਾ-ਸਰਹੰਦ ਵਜੀਰ ਖਾਂ ਦੀ ਪਤਨੀ ਬੇਗਮ ਜੈਨੁਬਨਿਸ਼ਾਂ ਸੀ। ਇਨ੍ਹਾਂ ਮੁਸਲਮਾਨ ਸ਼ਖਸੀਅਤਾਂ ਦੀ ਗਿਣਤੀ ਅਣਗਿਣਤ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਕੀਤੇ ਗਏ ਕਾਰਜਾਂ ਦੀ ਗਿਣਤੀ ਕਰਨੀ ਕਠਿਨ ਹੈ। ਦੁਨੀਆ ਦੇ ਪ੍ਰਸਿੱਧ ਵਿਦਵਾਨ ਆਪਣੀ-ਆਪਣੀ ਰਾਏ ਗੁਰੂ ਸਾਹਿਬ ਬਾਰੇ ਪ੍ਰਗਟ ਕਰਦੇ ਹੋਏ ਇਉਂ ਲਿਖਦੇ ਹਨ ਜਿਵੇਂ ਗੋਕਲ ਚੰਦ ਨਾਰੰਗ ਕਹਿੰਦਾ ਹੈ, "ਗੁਰੂ ਜੀ ਨੇ ਚਿੜੀਆਂ ਨੂੰ ਸ਼ਾਹੀ ਬਾਜ਼ਾਂ ਦਾ ਸ਼ਿਕਾਰ ਕਰਨ ਦੀ ਜਾਚ ਸਿਖਾਈ।" ਮੈਕਾਲਿਫ਼ ਕਹਿੰਦਾ ਹੈ, "ਆਪ ਨੇ ਲਿਤਾੜੇ ਹੋਏ ਲੋਕਾਂ ਨੂੰ ਸੰਸਾਰ ਦੇ ਪ੍ਰਸਿੱਧ ਯੋਧੇ ਬਣਾ ਦਿੱਤਾ।" ਲਤੀਫ਼ ਕਹਿੰਦਾ ਹੈ, "ਜਿਸ ਕਾਰਜ ਨੂੰ ਉਨ੍ਹਾਂ ਹੱਥ ਪਾਇਆ, ਉਹ ਮਹਾਨ ਸੀ।" ਗਾਰਡਨ ਕਹਿੰਦਾ ਹੈ, "ਜਨਤਾ ਦੀਆਂ ਮੁਰਦਾ ਹੱਡੀਆਂ ਵਿਚ ਜ਼ਿੰਦਗੀ ਦੀ ਲਹਿਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦੌੜਾਈ।" ਹਿੰਦੀ ਜਗਤ ਦੇ ਪ੍ਰਸਿੱਧ ਵਿਦਵਾਨ ਸਾਹਿਤਕਾਰ ਹਜ਼ਾਰੀ ਪ੍ਰਸ਼ਾਦ ਕਹਿੰਦੇ ਹਨ, "ਜੋ ਕੁਝ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਰ ਵਿਖਾਇਆ, ਉਹ ਇਕ ਬਹੁਤ ਵੱਡਾ ਚਮਤਕਾਰ ਸੀ ਤੇ ਉਹ ਲਿਖਦੇ ਹਨ, ਧੰਨ ਹੈ ਉਹ ਦੇਸ, ਜਿੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪੈਦਾ ਹੋਏ ਸਨ। ਉਹ ਮਹਾਨ ਸੰਤ ਅਤੇ ਮਹਾਨ ਯੋਧਾ ਸਨ। ਉਨ੍ਹਾਂ ਨੇ ਇਸ ਦੇਸ਼ ਦੀ ਅਪਾਰ ਸ਼ਕਤੀ ਦਾ ਉਦਘਾਟਨ ਕੀਤਾ। ਉਨ੍ਹਾਂ ਨੂੰ ਯਾਦ ਕਰ ਕੇ ਅਸੀਂ ਅੱਜ ਵੀ ਨਵੀਂ ਪ੍ਰੇਰਨਾ ਅਤੇ ਸ਼ਕਤੀ ਹਾਸਲ ਕਰ ਸਕਦੇ ਹਾਂ। ਹਾਸਲ ਕਰ ਵੀ ਰਹੇ

ਹਾਂ। ਗੁਰੂ ਜੀ ਮਹਾਨ ਸੰਤ ਸਨ। ਪ੍ਰਸਥਿਤੀਆਂ ਨੇ ਉਨ੍ਹਾਂ ਨੂੰ ਸ਼ਸਤਰ ਧਾਰਨ ਕਰਨ ਦੀ ਚੁਣੌਤੀ ਦਿੱਤੀ ਸੀ। ਇਤਿਹਾਸ ਦੇ ਪੰਡਿਤਾਂ ਨੇ ਬੜੇ ਅਸਚਰਜ ਨਾਲ ਦੇਖਿਆ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਦਭੁਤ ਚਮਤਕਾਰ ਕਰ ਵਿਖਾਇਆ। ''

ਮਿਰਜ਼ਾ ਹਕੀਮ ਅਲਾਹ ਯਾਰ ਖਾਂ ਜੋਗੀ ਗੁਰੂ ਸਾਹਿਬ ਦੇ ਰੁਤਬੇ ਬਾਰੇ ਲਿਖਦੇ ਹਨ ਕਿ ਯਾਕੂਬ ਨੂੰ ਆਪਣੇ ਪੁੱਤਰ ਯੂਸਫ ਦੀ ਜੁਦਾਈ ਵਿਚ ਉਮਰ ਭਰ ਰੋਣਾ ਪਿਆ ਪਰ ਗੁਰੂ ਜੀ ਵਰਗਾ ਸਬਰ ਸਿਦਕ, ਸਹਿਜ, ਅਡੋਲ ਅਤੇ ਸਬੂਰੀ ਵਾਲਾ ਕੋਈ ਨਹੀਂ ਹੋਇਆ, ਜਿਸ ਨੇ ਚਾਰ ਬੇਟੇ ਕਟਵਾ ਕੇ ਇਕ ਹੰਝੂ ਵੀ ਨਹੀਂ ਕੇਰਿਆ।

ਅਨੇਕਾਂ ਹੀ ਦੇਸ਼ੀ, ਵਿਦੇਸ਼ੀ, ਵੱਖ-ਵੱਖ ਧਰਮਾਂ, ਵਿਸ਼ਵਾਸਾਂ ਅਤੇ ਭਾਸ਼ਾਵਾਂ ਵਾਲੇ ਲੇਖਕਾਂ, ਇਤਿਹਾਸਕਾਰਾਂ, ਸਾਹਿਤਕਾਰਾਂ ਅਤੇ ਵਿਦਵਾਨਾਂ ਨੇ ਸਤਿਗੁਰੂ ਜੀ ਦੀ ਮਹਾਨਤਾ, ਅਨੋਖੀ, ਅਜ਼ੀਮ ਅਤੇ ਅਦਭੁੱਤ-ਕ੍ਰਿਸ਼ਮਈ ਸ਼ਖ਼ਸੀਅਤ ਬਾਰੇ ਲਿਖਦਿਆਂ ਆਪਣੀ ਸ਼ਰਧਾ ਅਤੇ ਨਿੱਘੇ ਸਤਿਕਾਰ ਦਾ ਪ੍ਰਗਟਾਵਾ ਕੀਤਾ ਹੈ। ਗੁਰੂ ਸਾਹਿਬ ਨੇ ਗੁਰਬਾਣੀ ਦਾ ਇਹ ਸੱਚ- *ਉਲਾਹਨੋ ਮੈ ਕਾਹੂ ਨ ਦੀਓ॥ ਮਨ ਮੀਠ ਤੁਹਾਰੋ ਕੀਓ॥* ਸੰਸਾਰ ਸਾਹਮਣੇ ਅਮਲੀ ਰੂਪ ਵਿਚ ਪਰਗਟ ਕਰ ਵਿਖਾਇਆ। ਨਿਸਚੇ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹਮੇਸ਼ਾ-ਹਮੇਸ਼ਾ ਸਮੁੱਚੀ ਲੋਕਾਈ ਲਈ ਇਕ ਉੱਚਤਮ ਰੋਸ਼ਨ ਮਿਨਾਰ ਦਾ ਕਾਰਜ ਕਰਦੇ ਰਹਿਣਗੇ। ਬਸ! *ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ* ਹੈ।

ਗੁਰੂ ਜੀ ਨੂੰ ਜੀਵਨ-ਕਾਲ ਵਿਚ ਲਗਪਗ ੧੪ ਜੰਗਾਂ ਲੜਨੀਆਂ ਪਈਆਂ। ਪਹਿਲੀ ਜੰਗ ਭੰਗਾਣੀ ਦੀ ਅਤੇ ਅਖੀਰਲੀ ਜੰਗ ਉਨ੍ਹਾਂ ਨੇ ਖਿਦਰਾਣੇ ਦੀ ਢਾਬ (ਸ੍ਰੀ ਮੁਕਤਸਰ ਸਾਹਿਬ ਦੇ ਸਥਾਨ) 'ਤੇ ਲੜੀ। ਚਮਕੌਰ ਦੇ ਅਸਥਾਨ 'ਤੇ ਉਨ੍ਹਾਂ ਦੀ ਜੰਗ ਦੁਨੀਆ ਦੇ ਇਤਿਹਾਸ ਵਿਚ ਲਾਮਿਸਾਲ ਅਤੇ ਲਾਸਾਨੀ ਸੀ। ਉਨ੍ਹਾਂ ਨੇ ਭੁੱਖੇ-ਭਾਣੇ ੪੦ ਸਿੰਘਾਂ ਨਾਲ ਬਹੁਤ ਵੱਡੀ ਦੁਸ਼ਮਣ ਦੀ ਫੌਜ ਦਾ ਮੁਕਾਬਲਾ ਕੀਤਾ। ੧੭੦੫ ਈ. ਵਿਚ ਖਿਦਰਾਣੇ ਦੀ ਢਾਬ (ਸ੍ਰੀ ਮੁਕਤਸਰ ਸਾਹਿਬ) ਦੇ ਅਸਥਾਨ ਤੇ ਉਨ੍ਹਾਂ ਨੇ ਫੇਰ ਮੁੱਠੀ ਭਰ ਸਿੰਘਾਂ ਨਾਲ ਸਰਹੰਦ ਦੀ ਮੁਗਲ ਫੌਜ ਦੇ ਦੰਦ ਖੱਟੇ ਕੀਤੇ। ਇਹ ਦੋਵੇ ਜੰਗਾਂ ਸੰਸਾਰ ਵਿਚ ਸਭ ਤੋਂ ਵੱਧ ਅਸਾਂਵੀਆਂ ਸਨ। ਇਨ੍ਹਾਂ ਵਿਚ ਗੁਰੂ ਜੀ ਨੇ ਸਿੱਧ ਕਰ ਦਿੱਤਾ ਸੀ ਕਿ ਇੱਕ-ਇੱਕ ਸਿੰਘ ਅਣਗਿਣਤ ਦੁਸ਼ਮਣਾਂ ਦਾ ਦਲੇਰੀ ਨਾਲ ਸਾਹਮਣਾ ਕਰਨ ਦੀ ਸ਼ਕਤੀ ਰੱਖਦਾ ਹੈ। ਜਿਵੇਂ ਕਿ ਉਨ੍ਹਾਂ ਬਾਰੇ ਕਿਹਾ ਗਿਆ ਹੈ: *ਸਵਾ ਲਾਖ ਸੇ ਏਕ ਲੜਾਊਂ। ਤਬੈ ਗੋਬਿੰਦ ਸਿੰਘ ਨਾਮ ਕਹਾਊਂ।*

ਗੁਰੂ ਜੀ ਦੇ ਦੋ ਵੱਡੇ ਸਾਹਿਬਜ਼ਾਦੇ-ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਜੀ ਚਮਕੌਰ ਦੀ ਜੰਗ ਵਿਚ ਸ਼ਹੀਦ ਹੋ ਗਏ। ਉਨ੍ਹਾਂ ਦੇ ਛੋਟੇ ਦੋ ਸਾਹਿਬਜ਼ਾਦੇ- ਬਾਬਾ ਜੋਰਾਵਰ ਸਿੰਘ ਜੀ ਅਤੇ ਬਾਬਾ ਫਤਿਹ ਸਿੰਘ ਜੀ ਸਰਹਿੰਦ ਦੇ ਸੂਬੇ ਵੱਲੋਂ ਗ੍ਰਿਫ਼ਤਾਰ ਕਰ ਕੇ ਨੀਹਾਂ ਵਿਚ ਚਿਣ ਕੇ ਸ਼ਹੀਦ ਕੀਤੇ ਗਏ ਅਤੇ ਮਾਤਾ ਗੁਜਰੀ ਜੀ ਸਰਹੰਦ ਦੇ ਠੰਡੇ ਬੁਰਜ ਵਿਚ ਸ਼ਹੀਦੀ ਪਾ ਗਏ। ਸਭ ਕੁਝ ਕੁਰਬਾਨ ਹੋ ਜਾਣ ਦੇ ਬਾਵਜੂਦ ਵੀ ਗੁਰੂ ਸਾਹਿਬ ਅਡੋਲ, ਸਹਿਜ ਅਤੇ ਚੜ੍ਹਦੀ ਕਲਾ ਵਿਚ ਰਹੇ। ਉਨ੍ਹਾਂ ਦਾ ਨਿਸ਼ਾਨਾ ਮੁਗਲਾਂ ਦੇ ਜ਼ੁਲਮ ਦੀਆਂ ਜੜ੍ਹਾਂ ਪੁੱਟਣਾ ਸੀ।

ਮੰਨਿਆ ਜਾਂਦਾ ਹੈ ਕਿ ਜ਼ਿਲ੍ਹਾ ਲੁਧਿਆਣਾ ਦੇ ਨਗਰ ਰਾਏਕੋਟ ਵਿਖੇ ਜਦੋਂ ਨੂਰਾ ਮਾਹੀ ਨੇ ਛੋਟੇ ਸਾਹਿਬਜ਼ਾਦਿਆਂ ਦੇ ਸੂਬਾ-ਸਰਹਿੰਦ ਵੱਲੋਂ ਨੀਹਾਂ ਵਿਚ ਚਿਣ ਕੇ ਸ਼ਹੀਦ ਕਰ ਦੇਣ ਦੀ ਖ਼ਬਰ ਨੂਰੇ ਮਾਹੀ ਨੇ ਦਿੱਤੀ ਤਾਂ ਦਸਮੇਸ਼ ਜੀ ਨੇ ਆਪਣੇ ਤੀਰ ਨਾਲ ਕਾਹੀ ਦਾ ਬੂਟਾ ਪੁੱਟ ਕੇ ਕਹਿ ਦਿੱਤਾ ਸੀ ਕਿ ਹੁਣ ਮੁਗ਼ਲਾਂ ਦੇ ਜ਼ੁਲਮ ਦੀ ਜੜ੍ਹ ਪੁੱਟੀ ਗਈ ਹੈ। ਚਮਕੌਰ ਦੀ ਜੰਗ ਵਿਚ ਪੁੱਤਰਾਂ ਅਤੇ ਕਾਫੀ ਸਿੰਘਾਂ ਦੇ ਸ਼ਹੀਦ ਹੋ ਜਾਣ ਉਪਰੰਤ ਪੰਜ ਸਿੰਘਾਂ ਵੱਲੋਂ ਗੁਰੂ ਰੂਪ ਹੋ ਕੇ ਗੁਰਮਤੇ ਦੁਆਰਾ ਕੀਤੇ ਹੁਕਮਾਂ ਦੀ ਪਾਲਣਾ ਕਰਦਿਆਂ ਚਮਕੌਰ ਤੋਂ ਚੱਲ ਕੇ ਮਾਛੀਵਾੜੇ ਦੀ ਧਰਤੀ ਉੱਤੇ ਪੁੱਜੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦੀਨਾ ਕਾਂਗੜ ਤੋਂ ਔਰੰਗਜ਼ੇਬ ਨੂੰ ਫਤਿਹ ਦਾ ਪੱਤਰ ਲਿਖਿਆ ਜਿਸਨੂੰ 'ਜ਼ਫ਼ਰਨਾਮਾ' ਜਾਂ 'ਫਤਿਹ ਦੀ ਚਿੱਠੀ' ਕਿਹਾ ਜਾਂਦਾ ਹੈ। ਇਸ ਵਿਚ ਗੁਰੂ ਜੀ ਨੇ ਔਰੰਗਜ਼ੇਬ ਨੂੰ ਲਿਖਿਆ ਕਿ ਨਾ ਤੂੰ ਧਾਰਮਿਕ ਹੈਂ, ਨਾ ਬਹਾਦਰ ਹੈਂ ਤੇ ਨਾ ਚੰਗਾ ਰਾਜਨੀਤਕ ਹੈਂ। ਤੂੰ ਕੁਰਾਨ ਦੀਆਂ ਸਹੁੰਆਂ ਖਾ ਕੇ ਤੋੜੀਆਂ ਹਨ। ਕੁਰਾਨ ਦੀ ਸਿੱਖਿਆ ਦੇ ਉਲਟ ਮਾਸੂਮ ਬੱਚਿਆਂ ਦਾ ਕਤਲ ਕੀਤਾ ਹੈ। ਤੂੰ ਪਰਜਾ ਨਾਲ ਬੇ-ਇਨਸਾਫੀ ਕਰਦਾ ਹੈਂ। ਇਸ ਤਰ੍ਹਾਂ ਉਨ੍ਹਾਂ ਨੇ ਔਰੰਗਜ਼ੇਬ ਨੂੰ ਧਰਮ ਅਤੇ ਨੈਤਿਕਤਾ ਦਾ ਉਪਦੇਸ਼ ਕੀਤਾ ਅਤੇ ਨਾਲ ਹੀ ਕਿਹਾ ਕਿ ਕੀ ਹੋਇਆ ਜੇ ਮੇਰੇ ਚਾਰ ਬੱਚੇ ਮਾਰੇ ਗਏ ਹਨ ਪਰ ਤੇਰੇ ਜ਼ੁਲਮ ਦਾ ਟਾਕਰਾ ਕਰਨ ਲਈ ਅਜੇ ਮੇਰਾ ਪੰਜਵਾਂ ਨਾਦੀ ਪੁੱਤਰ ਖਾਲਸਾ ਤਿਆਰ ਹੈ। ਉਨ੍ਹਾਂ ਨੇ ਬਾਦਸ਼ਾਹ ਨੂੰ ਲਿਖਿਆ ਕਿ ਜਦੋਂ ਸਾਰੇ ਹੀਲੇ ਖਤਮ ਹੋ ਜਾਣ ਫੇਰ ਕਿਰਪਾਨ ਉਠਾਉਣਾ ਯੋਗ ਹੁੰਦਾ ਹੈ। ਉਨਾਂ ਨੇ ਕਿਹਾ ਕਿ ਮੈਂ ਦੁਨੀਆ ਦੇ ਭਲੇ ਲਈ ਹੱਕ, ਸੱਚ ਲਈ ਕਿਰਪਾਨ ਉਠਾਈ ਹੈ: *ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ॥ ਹਲਾਲੱਸਤ ਬੁਰਦਨ ਬ ਸ਼ਮਸ਼ੀਰ ਦਸਤ॥*

ਅੰਤ ਕੱਤਕ ਸੁਦੀ ਪੰਚਮੀ, ੭ ਕੱਤਕ, ਸੰਮਤ ੧੭੬੫ ਅਨੁਸਾਰ ੭ ਅਕਤੂਬਰ, ੧੭੦੮ ਈ. ਨੂੰ ਆਪ ਅਕਾਲ ਪੁਰਖ ਵੱਲੋਂ ਨਿਸ਼ਚਿਤ ਕੀਤਾ ਫਰਜ਼ ਨਿਭਾਉਣ ਅਤੇ ਕਾਰਜ ਸੰਪੰਨ ਕਰਨ ਉਪਰੰਤ ਨਾਂਦੇੜ ਦੀ ਧਰਤੀ ਨੂੰ ਹਮੇਸ਼ਾ ਹਮੇਸ਼ਾ ਲਈ ਪਾਕ ਪਵਿੱਤਰ ਕਰ ਕੇ ਜੋਤੀ ਜੋਤ ਸਮਾ ਗਏ। ਅੱਜ ਉਸ ਪਵਿੱਤਰ ਸਥਾਨ ਉੱਤੇ ਤਖਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਅਬਿਚਲ ਨਗਰ ਸੁਸ਼ੋਭਿਤ ਹੈ।

ਗੁਰੂ ਸਾਹਿਬਾਨ ਦਾ ਸਾਰਾ ਸੰਘਰਸ਼ ਲੋਕਾਂ ਨੂੰ ਗੈਰਤ, ਗੌਰਵ, ਅਣਖ, ਜ਼ਮੀਰ ਦੀ ਅਜ਼ਾਦੀ, ਮਨੁੱਖੀ ਬਰਾਬਰੀ, ਸ੍ਵੈਮਾਣ ਅਤੇ ਸਰਦਾਰੀ ਦੇਣ ਲਈ ਹੀ ਰਿਹਾ ਅਤੇ ਇਸ ਮਹਾਨ ਕ੍ਰਾਂਤੀਕਾਰੀ ਸੁਪਨੇ ਨੂੰ ਸਾਕਾਰ ਕਰਨ ਲਈ ਆਪਣਾ ਸਮੁੱਚਾ ਪਰਵਾਰ ਹੀ ਅਡੋਲ ਅਤੇ ਕਮਾਲ ਦੇ ਸਹਿਜ ਵਿਚ ਰਹਿੰਦਿਆਂ ਕੁਰਬਾਨ ਕਰ ਦਿੱਤਾ ਅਤੇ ਗੁਰਬਾਣੀ ਦੇ ਇਸ ਫੁਰਮਾਨ- *ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ॥ ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ॥* ਅਤੇ ਪਹਾੜ ਤੋਂ ਵੀ ਵੱਡੇ ਜਿਗਰੇ ਨਾਲ ਕਹਿ ਦਿੱਤਾ ਕਿ ਅਕਾਲ ਪੁਰਖ ਪਾਤਸ਼ਾਹਾਂ ਦੇ ਪਾਤਸ਼ਾਹ ਇਹ ਸਭ ਆਪ ਦੀ ਅਮਾਨਤ ਸੀ ਜੋ ਮੈਂ ਆਪ ਨੂੰ ਸੌਂਪ ਕੇ ਸੁਰਖਰੂ ਹੋ ਗਿਆ ਹਾਂ। ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ! ਗੁਰੂ ਸਾਹਿਬਾਨ ਨੇ ਆਪਣੀ ਜਾਂ ਆਪਣੇ ਪਰਵਾਰ ਦੀ ਸਰਦਾਰੀ ਜਾਂ ਜ਼ਰ, ਜੋਰੂ, ਜਮੀਨ, ਧਨ-ਦੌਲਤ ਲਈ ਐਸਾ ਕੁਝ ਵੀ

ਨਹੀਂ ਕੀਤਾ। ਅੱਜ ਅਸੀਂ, ਜੋ ਆਪਣੇ ਆਪ ਨੂੰ ਗੁਰੂ ਸਾਹਿਬਾਨ ਅਤੇ ਉਨ੍ਹਾਂ ਮਹਾਨ ਸ਼ਹੀਦ ਸਿੰਘ-ਸਿੰਘਣੀਆਂ ਅਤੇ ਭੁਜੰਗੀਆਂ ਦੇ ਵਾਰਸ ਹੋਣ ਦਾ ਦਾਅਵਾ ਕਰ ਰਹੇ ਹਾਂ, ਕੀ ਕਰ ਰਹੇ ਹਾਂ? ਬਸ! ਨਿੱਜ-ਪ੍ਰਸਤੀ, ਪਰਵਾਰ-ਪ੍ਰਸਤੀ, ਬਹੁਤ ਸਾਰਾ ਧਨ-ਦੌਲਤ ਇਕੱਠੀ ਕਰਨ ਅਤੇ ਜਿਵੇਂ ਕਿਵੇਂ ਵੀ ਹੋਵੇ ਵੱਧ ਤੋਂ ਵੱਧ ਰਾਜਨੀਤਕ ਸ਼ਕਤੀ ਦੀ ਪ੍ਰਾਪਤੀ ਲਈ ਹੀ ਆਪਸ ਵਿਚ ਲੜ ਰਹੇ ਹਾਂ। ਕੌਮ ਅਤੇ ਲਾਸਾਨੀ ਕੌਮੀ ਵਿਰਸੇ ਦੀ ਕਿਸੇ ਨੂੰ ਸਮਝ ਅਤੇ ਫਿਕਰ ਨਹੀਂ ਹੈ। ਸਾਡੀ ਅਜਿਹੀ ਹਾਲਤ ਉਤੇ ਕਿਸੇ ਨੇ ਹੰਝੂ ਕੇਰਦਿਆਂ ਠੀਕ ਹੀ ਲਿਖਿਆ ਹੈ, "ਕਿਸ ਨੂੰ ਫਿਕਰ ਹੈ, ਕਬੀਲੇ ਦਾ ਕੀ ਬਣਿਆ? ਸਾਰੇ ਲੜ ਰਹੇ ਹਨ ਕਿ ਸਰਦਾਰ ਕੌਣ ਹੈ? ਅਤੇ ਸਭ ਤੋਂ ਵੱਧ ਧਨਵਾਨ ਕੌਣ ਹੈ? ਅਫਸੋਸ! ਅਤਿ ਦੁਖਦਾਇਕ!! ਸਾਡਾ ਸਾਰਾ ਜੀਵਨ ਹੀ ਵਿਖਾਵੇ ਵਾਲਾ *ਜਿਨ੍ ਮਨਿ ਹੋਰੁ ਮੁਖਿ ਹੋਰੁ*ਮਕਾਰੀ ਵਾਲਾ ਹੀ ਹੈ। ਖੁਦ-ਪ੍ਰਸਤੀ ਦੀ ਹਵਸ ਦੇ ਸ਼ਿਕਾਰ ਹੋ ਰਹੇ ਹਾਂ।

ਅੱਜ ਦਾ ਭਾਰਤ ਤਥਾ ਹਿੰਦੁਸਤਾਨ ਗੁਰੂ ਸਾਹਿਬਾਨ ਵੱਲੋਂ ਅਰੰਭੀ ਇਨਕਲਾਬੀ ਲਹਿਰ ਅਤੇ ਗੁਰੂ ਸਾਹਿਬਾਨ, ਸਾਹਿਬਜ਼ਾਦਿਆਂ, ਗੁਰੂ ਪਰਵਾਰਾਂ, ਗੁਰੂ ਪਿਆਰਿਆਂ, ਅਣਗਿਣਤ ਸਿੰਘਾਂ, ਸਿੰਘਣੀਆਂ ਅਤੇ ਭੁਜੰਗੀਆਂ ਦੀਆਂ ਲਾ-ਮਿਸਾਲ, ਅਦੁੱਤੀ ਅਤੇ ਅਸਚਰਜ ਕਰ ਦੇਣ ਵਾਲੀਆਂ ਕੁਰਬਾਨੀਆਂ ਕਾਰਨ ਹੀ ਆਪਣੀ ਸੰਸਕ੍ਰਿਤੀ, ਹੋਂਦ-ਹਸਤੀ, ਧਰਮ ਅਤੇ ਸੱਭਿਆਚਾਰ ਬਚਾ ਸਕਿਆ ਹੈ।

ਅੱਜ ਵੀ ਸਾਡੇ ਮੁਲਕ ਵਿਚ ਨੇਕੀ ਤੇ ਬਦੀ ਦੀ ਲੜਾਈ ਜਾਰੀ ਹੈ। ਬਦੀ ਦੀਆ ਤਾਕਤਾਂ ਦੇਸ਼ ਵਿਚ ਭਾਰੂ ਹੁੰਦੀਆਂ ਜਾ ਰਹੀਆਂ ਹਨ। ਹਰ ਖੇਤਰ ਵਿਚ ਛਲ,ਕਪਟ,ਧੋਖਾ ਤੇ ਭ੍ਰਿਸ਼ਟਾਚਾਰ ਫੈਲਿਆ ਹੋਇਆ ਹੈ। ਸੋਨੇ ਦੀ ਚਿੜੀ ਦੇ ਖੰਭ ਬੇਰਹਿਮੀ ਨਾਲ ਨੋਚੇ ਜਾ ਰਹੇ ਹਨ। ਅਜੋਕੇ ਸਮੇਂ ਨੇਕੀ ਦੀਆਂ ਤਾਕਤਾਂ ਬਦੀ ਦੀਆਂ ਤਾਕਤਾਂ ਦੇ ਸਾਹਮਣੇ ਡੋਲ ਰਹੀਆਂ ਹਨ। ਅਰਾਜਕਤਾ ਅਤੇ ਅਨਿਆਂ ਦਾ ਮਾਹੌਲ ਹੈ। ਹੁਣ ਤਾਂ ਨਿੱਜ-ਪ੍ਰਸਤੀ, ਪਰਵਾਰ-ਪ੍ਰਸਤੀ, ਨਸ਼ੇੜੀਪੁਣੇ ਅਤੇ ਆਚਰਣਕ ਗਿਰਾਵਟ ਦੀ ਸਿਖਰ ਵਾਲਾ ਸੱਭਿਆਚਾਰ ਹੀ ਪ੍ਰਧਾਨ ਹੈ। ਅੱਜ ਲੋੜ ਹੈ ਕਿ ਨੇਕੀ ਦੀਆਂ ਸ਼ਕਤੀਆਂ ਨੂੰ ਇਕ-ਮੁੱਠ, ਇਕ-ਮਤ ਅਤੇ ਸੁਦ੍ਰਿੜ੍ਹ ਕਰ ਕੇ ਬਦੀ ਦੀਆਂ ਸ਼ਕਤੀਆਂ ਨੂੰ ਭਾਂਜ ਦਿੱਤੀ ਜਾਵੇ ਅਤੇ ਕੁਰਬਾਨੀ, ਤਿਆਗ, ਸਾਂਝੀਵਾਲਤਾ, ਸਹਿਣਸ਼ੀਲਤਾ, ਨੇਕੀ, ਈਮਾਨਦਾਰੀ, ਨੈਤਿਕਤਾ, ਦੇਸ਼-ਭਗਤੀ, ਚੜ੍ਹਦੀ ਕਲਾ ਅਤੇ ਸਰਬੱਤ ਦੇ ਭਲੇ ਦੀ ਭਾਵਨਾ ਉਜਾਗਰ ਕੀਤੀ ਜਾ ਸਕੇ ਅਤੇ ਮਾਨਵਤਾ ਨੂੰ ਸੁਖੀ ਕੀਤਾ ਜਾ ਸਕੇ। ਦਸਮੇਸ਼ ਜੀ ਦੇ ਜੀਵਨ ਤੋਂ ਇਹੋ ਹੀ ਸਿੱਖਿਆ ਮਿਲਦੀ ਹੈ। ਆਓ! ਹੰਭਲਾ ਮਾਰੀਏ ਅਤੇ ਗੁਰੂ ਸਾਹਿਬਾਨ ਅਤੇ ਖਾਲਸਾ ਪੰਥ ਵੱਲੋਂ ਅਣਗਿਣਤ ਕੁਰਬਾਨੀਆਂ, ਘਾਲਣਾਵਾਂ ਅਤੇ ਸ਼ਹੀਦੀਆਂ ਨਾਲ ਸਿਰਜੇ 'ਮੁਕੰਮਲ ਇਨਕਲਾਬ' ਨੂੰ ਪੁਨਰ ਸੁਰਜੀਤ ਕਰੀਏ, ਜਿਥੇ *ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ* ਅਤੇ *ਬੇਗਮ ਪੁਰਾ ਸਹਰ ਕੋ ਨਾਉ* ਦਾ ਬੋਲਬਾਲਾ ਹੋ ਸਕੇ ਅਤੇ ਅਸੀਂ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਖਾਲਸੇ ਦੀ ਮਾਤਾ, ਮਾਤਾ ਸਾਹਿਬ ਕੌਰ ਜੀ ਦੇ ਨਾਦੀ ਪੁੱਤਰ ਹੋਣ ਦਾ ਮਾਣ ਪ੍ਰਾਪਤ ਕਰ ਸਕੀਏ। ■

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ: ਭਾਈ ਨੰਦ ਲਾਲ ਜੀ ਦੀ ਨਜ਼ਰ ਵਿਚ

*-ਸ. ਰਣਧੀਰ ਸਿੰਘ**

ਭਾਈ ਨੰਦ ਲਾਲ ਜੀ ਦਾ ਸਿੱਖ ਜਗਤ ਅੰਦਰ ਇੱਕ ਵਿਲੱਖਣ ਸਥਾਨ ਹੈ। ਭਾਈ ਨੰਦ ਲਾਲ ਜੀ ਦੀਆਂ ਕਾਵਿਕ ਰਚਨਾਵਾਂ ਨੂੰ ਬਾਣੀ ਦੇ ਰੂਪ ਵਿਚ ਗਾਇਨ ਵੀ ਕੀਤਾ ਜਾਂਦਾ ਹੈ। ਭਾਈ ਨੰਦ ਲਾਲ ਜੀ ਦੀ ਹਰ ਰਚਨਾ ਦਿਲ ਨੂੰ ਸਕੂਨ ਦੇਣ ਵਾਲੀ ਅਤੇ ਮਨੁੱਖ ਨੂੰ ਕਾਦਰ ਦੇ ਨੇੜ੍ਹੇ ਪਹੁੰਚਾਉਣ ਵਾਲੀ ਹੈ। ਜਿੱਥੇ ਆਪ ਜੀ ਨੇ 'ਜ਼ਿੰਦਗੀਨਾਮਾ' ਵਰਗੀਆਂ ਬੇਸ਼ਕੀਮਤੀ ਰਚਨਾਵਾਂ ਰਚੀਆਂ, ਉੱਥੇ ਸਿੱਖ ਗੁਰੂ ਸਾਹਿਬਾਨ ਦੀ ਉਸਤਤ ਵਿਚ 'ਗੰਜਨਾਮਾ' ਵਰਗੀ ਰਚਨਾ ਰਾਹੀਂ ਸਿੱਖ ਗੁਰੂ ਸਾਹਿਬਾਨ ਨੂੰ ਅਕੀਦਤ ਸ਼ਰਧਾ ਨਾਲ ਨਮਨ ਕੀਤਾ। 'ਗੰਜਨਾਮਾ' ਰਚਨਾ ਵਿਚ ਭਾਈ ਨੰਦ ਲਾਲ ਜੀ ਨੇ ਬਾਕੀ ਗੁਰੂ ਸਾਹਿਬਾਨ ਦੇ ਨਾਲ ਨਾਲ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ ਅਤੇ ਉਨ੍ਹਾਂ ਦੀ ਮਨੁੱਖਤਾ ਪ੍ਰਤੀ ਕੀਤੀ ਕੁਰਬਾਨੀ ਨੂੰ ਆਪਣੀ ਕਲਮ ਰਾਹੀਂ ਬਾਕਮਾਲ ਲਫ਼ਜ਼ਾਂ ਨਾਲ ਸੰਜੋਇਆ ਹੈ। ਉਨ੍ਹਾਂ ਅਨੁਸਾਰ, ''ਨੌਵੀਂ ਪਾਤਸ਼ਾਹੀ ਨਵੇਂ ਵਿਧਾਨ ਵਾਲੀ ਅਤੇ ਸੱਚ ਦੇ ਪਾਲਣਹਾਰ ਸਰਦਾਰਾਂ ਦੀ ਸਰਦਾਰ ਹੈ। ਬਾਵਜੂਦ ਰੱਬੀ ਸ਼ਕਤੀ ਦੇ ਮਾਲਕ ਹੋਣ ਦੇ ਉਹ ਰੱਬ ਦੀ ਆਗਿਆ ਅਤੇ ਮਰਜ਼ੀ ਅੱਗੇ ਸੀਸ ਝੁਕਾਉਣ ਵਾਲੀ ਅਤੇ ਰੱਬੀ ਜਲਾਲ ਅਤੇ ਵਡਿਆਈ ਦਾ ਗੁਪਤ ਸਾਜ਼ ਹੈ।''

ਗੁਰੂ ਤੇਗ਼ ਬਹਾਦਰ ਆਂ ਸਰਾਪਾ ਅਫ਼ਜ਼ਾਲ
ਜ਼ੀਨਤ-ਆਰਾਇ ਮਹਿਫ਼ਲਿ ਜਾਹੋ ਜਲਾਲ॥ ੯੯॥
ਅਨਵਾਰਿ ਹੱਕ ਅਜ਼ ਵਜੂਦਿ ਪਾਕਿਸ਼ ਰੌਸ਼ਨ
ਹਰ ਦੋ ਆਲਮ ਜ਼ਿ ਫ਼ੈਜ਼ਿ ਫ਼ਜ਼ਲਸ਼ ਰੌਸ਼ਨ॥੧੦੦॥
ਹੱਕ ਅਜ਼ ਹਮਾ ਬਰ-ਗ਼ੁਜ਼ੀਦਗਾਂ ਬਰਗ਼ੁਜ਼ੀਦਸ਼
ਤਸਲੀਮੋ ਰਿਜ਼ਾ ਰਾ ਨਿਕੋ ਸੰਜੀਦਸ਼॥੧੦੧॥
ਬਰ ਹਰ ਮੁਕਬਲ ਕਬੂਲਿ ਖ਼ੁਦ ਅਰਜ਼ੂਦਸ਼
ਮਸਜੂਦੁਲ ਆਲਮੀਂ ਜ਼ਿ ਫ਼ਜ਼ਲਿ ਖ਼ੁੱਦ ਫ਼ਰਮੂਦਸ਼॥੧੦੨॥
ਦਸਤਿ ਹਮਾ-ਗਾਂ ਬਜ਼ੈਲਿ ਅਫ਼ਜ਼ਾਲਿ ਊ
ਬਰ ਸਰਿ ਅਨਵਾਰਿ ਇਲਮਿ ਹੱਕ ਕਾਲਿ ਊ॥੧੦੩॥

* ਸਹਾਇਕ ਸੂਚਨਾ ਅਧਿਕਾਰੀ, ਸੂਚਨਾ ਕੇਂਦਰ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ। ਮੋ. ੯੮੦੩੮-੫੦੨੨੩

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਸਿਰ ਤੋਂ ਪੈਰਾਂ ਤਕ ਉਚਾਈ ਅਤੇ ਵਡਿਆਈ ਦਾ ਭੰਡਾਰ ਹੈ। ਭਾਵ ਮਿਹਰ ਅਤੇ ਬਖਸ਼ਿਸ਼ਾਂ ਦੇ ਖ਼ਜ਼ਾਨੇ ਹਨ। ਗੁਰੂ ਜੀ ਦਾ ਇਹ ਗੁਣ ਰੱਬ ਦੀ ਸ਼ਾਨ-ਓ-ਸ਼ੌਕਤ ਦੀ ਰੌਣਕ ਵਧਾਉਣ ਵਾਲਾ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸਦਕਾ ਹੀ ਸੱਚ ਦਾ ਵਜੂਦ ਇਸ ਜਗਤ ਅੰਦਰ ਮੌਜੂਦ ਹੈ। ਦੋਵੇਂ ਜਹਾਨ ਗੁਰੂ ਜੀ ਦੀ ਨਦਰਿ-ਏ-ਅਨਾਇਤ ਸਦਕਾ ਹੀ ਰੋਸ਼ਨ ਹਨ। ਰੱਬ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਆਪ ਚੋਣਵੇਂ ਪਤਵੰਤਿਆਂ ਵਿੱਚੋਂ ਚੁਣਿਆ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਭਾਣਾ ਮੰਨਣ ਦੀ ਵਡਿਆਈ ਸਾਰੇ ਜੁਗਾਂ ਵਿਚ ਫੈਲ ਗਈ ਜਿਸ ਦੇ ਤੁਲ ਹੋਰ ਕੋਈ ਮਿਸਾਲ ਨਹੀਂ ਮਿਲਦੀ ਹੈ। ਗੁਰੂ ਜੀ ਦੇ ਰੁਤਬੇ ਦੇ ਬਰਾਬਰ ਹੋਰ ਕੋਈ ਨਹੀਂ ਠਹਿਰ ਸਕਦਾ ਗੁਰੂ ਜੀ ਦਾ ਰੁਤਬਾ ਸਾਰਿਆਂ ਪਰਵਾਨ ਰੁਤਬਿਆਂ ਵਿੱਚੋਂ ਅਪਾਰ ਵੱਡਾ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪੂਜਾ ਦੋਹਾਂ ਜਹਾਨਾਂ ਵਿਚ ਹੋ ਰਹੀ ਹੈ। ਸਾਰੇ ਗੁਰੂ ਜੀ ਦੀ ਬਖਸ਼ਿਸ਼ ਦੇ ਪਾਤਰ ਬਣ ਰਹੇ ਹਨ ਸਭ ਦਾ ਹੱਥ ਗੁਰੂ ਜੀ ਦੀਆਂ ਬਖਸ਼ਿਸ਼ਾਂ ਭਰੇ ਪੱਲੇ ਉੱਤੇ ਹੈ। ਗੁਰੂ ਜੀ ਦੇ ਸੱਚਾਈ ਭਰੇ ਬੋਲ ਸਾਰੇ ਗਿਆਨ ਦੇ ਨੂਰ ਨਾਲੋਂ ਉਚੇਰੇ ਹਨ।

■

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥
ਕੀਨੋ ਬਡੋ ਕਲੂ ਮਹਿ ਸਾਕਾ॥
ਸਾਧਨ ਹੇਤਿ ਇਤੀ ਜਿਨਿ ਕਰੀ॥
ਸੀਸੁ ਦੀਆ ਪਰ ਸੀ ਨ ਉਚਰੀ॥੧੩॥
ਧਰਮ ਹੇਤ ਸਾਕਾ ਜਿਨਿ ਕੀਆ॥
ਸੀਸੁ ਦੀਆ ਪਰ ਸਿਰਰੁ ਨ ਦੀਆ॥
ਨਾਟਕ ਚੇਟਕ ਕੀਏ ਕੁਕਾਜਾ॥
ਪ੍ਰਭ ਲੋਗਨ ਕਹ ਆਵਤ ਲਾਜਾ॥੧੪॥
ਦੋਹਰਾ॥
ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰ ਕੀਯਾ ਪਯਾਨ॥
ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ॥੧੫॥
ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ॥
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ॥੧੬॥

(ਬਚਿਤ੍ਰ ਨਾਟਕ)

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਵਿਚਾਰਧਾਰਾ

*-ਡਾ. ਤਾਰਨ ਸਿੰਘ**

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਸਰੂਪ ਜਿਸ ਨੂੰ ਉਦੋਂ ਪੋਥੀ ਸਾਹਿਬ ਕਿਹਾ ਜਾਂਦਾ ਸੀ, ਦੀ ਸੰਪਾਦਨਾ ਸ੍ਰੀ ਗੁਰੂ ਅਰਜਨ ਸਾਹਿਬ ਨੇ ਸੰਨ ੧੬੦੪ ਈ. ਵਿਚ ਰਾਮਸਰ ਸਰੋਵਰ ਦੇ ਅਸਥਾਨ 'ਤੇ ਸ੍ਰੀ ਅੰਮ੍ਰਿਤਸਰ ਵਿਖੇ ਮੁਕੰਮਲ ਕੀਤੀ। ਮਗਰੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਪੋਥੀ ਸਾਹਿਬ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਚੜ੍ਹਾਈ ਅਤੇ ਇਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਦਰਜਾ ਦਿੱਤਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਉਨਾਹਠ ਪਦੇ ਅਤੇ ਸਤਵੰਜਾ ਸਲੋਕ ਦਰਜ ਹਨ। ਪਦਿਆਂ ਨੂੰ ਸ਼ਬਦ ਕਿਹਾ ਜਾਂਦਾ ਹੈ। ਸ਼ਬਦ ਦਾ ਭਾਵ ਉਹ ਬਾਣੀ ਜਾਂ ਰਚਨਾ ਹੈ ਜਿਸ ਵਿਚ ਗੁਰੂ ਸਾਹਿਬ ਪਰਮਾਤਮਾ ਤੇ ਉਸ ਦੇ ਹੁਕਮ ਜਾਂ ਨਿਜ਼ਾਮ ਸਬੰਧੀ ਆਪਣਾ ਜ਼ਾਤੀ ਅਨੁਭਵ ਜੋ ਉਨ੍ਹਾਂ ਦੇ ਤਜ਼ਰਬੇ 'ਤੇ ਆਧਾਰਿਤ ਹੈ, ਬਿਆਨ ਕਰਦੇ ਹਨ। ਭਾਰਤੀ ਦਰਸ਼ਨ ਵਿਚ ਸ਼ਬਦ ਨੂੰ ਮੁੱਖ ਪ੍ਰਮਾਣ ਮੰਨਿਆ ਹੋਇਆ ਹੈ। ਜੋ ਗ੍ਰੰਥ ਮਹਾਂਪੁਰਖ ਆਪਣੇ ਅਨੁਭਵ ਤੇ ਅਧਿਆਤਮਿਕ ਤਜ਼ਰਬੇ ਦੇ ਆਧਾਰ 'ਤੇ ਰਚਦੇ ਹਨ, ਉਹ ਸ਼ਬਦ ਅਖਵਾਂਦੇ ਹਨ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗਉੜੀ, ਆਸਾ, ਦੇਵਗੰਧਾਰੀ, ਬਿਹਾਗੜਾ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਤਿਲੰਗ, ਬਿਲਾਵਲ, ਰਾਮਕਲੀ, ਮਾਰੂ, ਬਸੰਤ, ਸਾਰੰਗ ਤੇ ਜੈਜਾਵੰਤੀ, ਪੰਦਰ੍ਹਾਂ ਰਾਗਾਂ ਵਿਚ ਦਰਜ ਹਨ। ਆਪ ਦੇ ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਭੋਗ ਦੀ ਬਾਣੀ ਵਿਚ ਭਾਵ ਅੰਤਲੇ ਭਾਗ ਵਿਚ ਦਰਜ ਹਨ। ਇਹ ਸਾਰੇ ਸਲੋਕ ਪਰੰਪਰਾਈ ਰੂਪ ਅਨੁਸਾਰ ਦੋ ਸਤਰਾਂ ਜਾਂ ਚਾਰ ਚਰਣਾਂ ਦੇ ਹਨ। ਸਲੋਕ ਵੀ ਪ੍ਰਾਚੀਨ ਭਾਰਤੀ ਕਾਵਿ ਰੂਪ ਹੈ ਅਤੇ ਪੁਰਾਤਨ ਧਾਰਮਿਕ ਗ੍ਰੰਥਾਂ ਵਿਚ ਇਸ ਕਾਵਿ-ਰੂਪ ਦੀ ਆਮ ਵਰਤੋਂ ਹੋਈ ਹੈ।

ਗੁਰਬਾਣੀ ਦਾ ਅੰਤਮ ਨਿਸ਼ਾਨਾ ਤਾਂ ਮਨੁੱਖੀ ਕਲਿਆਣ ਹੀ ਹੈ। ਭਗਤੀ, ਪ੍ਰਭੂ-ਮਿਲਾਪ, ਮੁਕਤੀ, ਆਦਿ ਇਸੇ ਨਿਸ਼ਾਨੇ ਦੇ ਸੂਚਕ ਹਨ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਦਾ ਕੇਂਦਰੀ ਨੁਕਤਾ ਇਹ ਹੈ ਕਿ ਮਨੁੱਖ ਬੰਧਨ ਵਿਚ ਹੈ ਕਿਉਂਕਿ ਉਹ ਆਤਮਿਕ ਤੌਰ 'ਤੇ ਨਿਰਬਲ ਹੋ ਗਿਆ ਹੈ। ਉਹ ਸਮਕਾਲੀ ਸਥਿਤੀ ਵਿਚ ਹੀ ਬੋਲ ਰਹੇ ਹਨ। ਉਸ ਦਾ ਆਤਮਿਕ ਬਲ ਛੁਟ ਜਾਣ ਕਾਰਨ ਉਹ ਰਾਜਸੀ ਸਮਾਜੀ, ਜਜ਼ਬਾਤੀ, ਸਦਾਚਾਰਕ ਕਮਜ਼ੋਰੀਆਂ ਦਾ ਸ਼ਿਕਾਰ ਹੋ ਗਿਆ ਹੈ। ਪਰ ਉਹ

---

* *ਗੁਰਪੁਰਵਾਸੀ*

ਬਲਧਾਰੀ ਹੋ ਸਕਦਾ ਹੈ। ਉਸ ਨੂੰ ਬਲਧਾਰੀ ਬਣਾਉਣਾ ਹੀ ਗੁਰਬਾਣੀ ਦਾ ਮੰਤਵ ਹੈ। ਅਗਿਆਨਤਾ ਉਸ ਦੀ ਨਿਰਬਲਤਾ ਹੈ। ਅਗਿਆਨਤਾ ਵਿਚ ਉਹ ਮਨ ਦੇ ਆਪਹੁਦਰੇਪਨ ਨਾਲ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦਾ ਸ਼ਿਕਾਰ ਹੈ, ਹਉਮੈਂ ਤੇ ਖੁਦਗਰਜ਼ੀ ਵਿਚ ਦੁਖੀ ਹੈ, ਦਰ-ਦਰ ਦੀ ਗ਼ੁਲਾਮੀ ਵਿਚ ਜਕੜਿਆ ਹੋਇਆ ਹੈ।

ਮਨੁੱਖੀ ਜੀਵਨ ਦੇ ਇਹ ਦੋਵੇਂ ਪੱਧਰ ਹੀ ਬਾਣੀ ਵਿਚ ਮੰਨੇ ਹੋਏ ਹਨ। ਕਿਧਰੇ ਇਨ੍ਹਾਂ ਨੂੰ ਮਨਮੁਖਿ ਤੇ ਗੁਰਮੁਖਿ ਕਿਹਾ ਹੈ, ਕਿਧਰੇ ਬੰਧਨ ਤੇ ਮੁਕਤ ਕਿਹਾ ਹੈ, ਕਿਧਰੇ ਸਾਕਤ ਤੇ ਭਗਤ, ਮੂਰਖ ਤੇ ਗਿਆਨੀ ਕਿਹਾ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਬੰਧਨ ਵਿਚ ਪਏ ਮਨੁੱਖ ਨੂੰ ਮੂੜ ਮੁਗਧ (ਅਗਿਆਨੀ) ਕਿਹਾ ਹੈ ਅਤੇ ਪਰਮ ਪਦ, ਨਿਰਭਉ ਪਦ, ਮੁਕਤਿ ਪਦ ਜਾਂ ਨਿਰਬਾਣ ਪਦ 'ਤੇ ਪੁੱਜੇ ਨੂੰ ਗਿਆਨੀ ਕਿਹਾ ਹੈ। ਸੋ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਦੀ ਕੇਂਦਰੀ ਭਾਵ ਸਮੱਸਿਆ ਬੰਧਨ ਵਿਚ ਪਏ ਮਨੁੱਖ ਨੂੰ ਨਿਰਭੈ-ਨਿਰਬਾਣ ਪਦ 'ਤੇ ਪਹੁੰਚਾਉਣਾ ਹੈ। ਉਨ੍ਹਾਂ ਨੇ ਦੋਹਾਂ ਪਾਸਿਆਂ ਦਾ ਵਿਸ਼ਲੇਸ਼ਣ ਕੀਤਾ ਹੈ ਕਿ ਮਨੁੱਖ ਦਾ ਬੰਧਨ ਕੀ ਹੈ, ਉਹ ਕਿਉਂ ਬੰਧਨ ਵਿਚ ਪੈ ਗਿਆ ਹੈ ਅਤੇ ਉਹ ਕਿਵੇਂ ਬਲਵਾਨ ਹੋ ਕੇ ਬੰਧਨ-ਮੁਕਤਿ ਹੋ ਸਕਦਾ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਵਿਸ਼ਲੇਸ਼ਣ ਇਹ ਹੈ ਕਿ ਮਨੁੱਖੀ ਬੰਧਨ ਦਾ ਕਾਰਨ ਅਗਿਆਨੀ ਮਨ ਹੈ; ਜੇ ਇਸ ਨੂੰ ਗਿਆਨ ਹੋ ਜਾਵੇ ਤਾਂ ਭਗਤੀ ਕਰੇਗਾ ਅਤੇ ਬਲਵਾਨ ਹੋ ਜਾਏਗਾ; ਜੇ ਬਲਵਾਨ ਹੋ ਜਾਏ ਤਦ, ਇਹ ਬੰਧਨ ਮੁਕਤਿ ਹੋ ਕੇ ਰਹੇਗਾ। ਸੋ ਬੰਧਨ, ਮਨ, ਅਗਿਆਨ, ਗਿਆਨ, ਬਲ ਤੇ ਮੁਕਤਿ ਦੇ ਸਿਧਾਂਤਾਂ ਦਾ ਵਿਚਾਰ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਆਸ਼ੇ ਅਨੁਸਾਰ ਕਰਦੇ ਹਾਂ।

(੧) ਬੰਧਨ

ਮਨੁੱਖ ਦੇ ਬੰਧਨ ਦਾ ਕਾਰਨ ਅਗਿਆਨ ਹੈ ਜਿਸ ਕਰਕੇ ਉਹ ਆਪਣੀ ਅਸਲ ਹੋਣੀ ਜੋ ਗੋਬਿੰਦ ਵਿਚ ਲੀਨ ਹੋਣਾ ਹੈ, ਭਾਵ ਗੋਬਿੰਦ ਬਣਨਾ ਹੈ, ਨੂੰ ਨਹੀਂ ਪਹੁੰਚਦਾ। ਗੋਬਿੰਦ ਦੇ ਸਾਰੇ ਗੁਣਾਂ ਦੀ ਧਾਰਨੀ ਸ਼ਖ਼ਸੀਅਤ ਦਾ ਮਾਲਕ ਹੋਣਾ ਹੀ ਉਸ ਦੀ ਪੂਰਣਤਾ ਵਾਲੀ ਹੋਣੀ ਹੈ। ਇਸ ਬਿਨਾਂ ਉਹ ਅਪੂਰਣ, ਅਧੂਰਾ, ਨਿਰਬਲ ਹੈ ਤੇ ਅਪੂਰਣਤਾ ਦੁਖ ਦਾ ਕਾਰਨ ਹੈ। ਸੋ ਬੰਧਨ ਦੁਖਦਾਈ ਹੈ। ਅਪੂਰਣਤਾ ਕਾਰਨ ਹੀ ਜਨਮ-ਮਰਨ ਹੈ, ਆਉਣਾ-ਜਾਣਾ ਹੈ ਤੇ ਗਰਭਵਾਸ ਤੇ ਮਰਨ ਦਾ ਤ੍ਰਾਸ ਦੋਵੇਂ ਦੁਖ ਰੂਪ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੁਖ ਗਿਣੇ ਹਨ:

ਦੁਖੁ ਵੇਛੋੜਾ ਇਕੁ ਦੁਖੁ ਭੂਖ॥
ਇਕੁ ਦੁਖੁ ਸਕਤਵਾਰ ਜਮਦੂਤ॥
ਇਕੁ ਦੁਖੁ ਰੋਗੁ ਲਗੈ ਤਨਿ ਧਾਇ॥ *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੫੬)*

ਬਲੁ ਛੁਟਿਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ॥ ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ॥ ਅਗਿਆਨੀ ਤੇ ਨਿਰਬਲ ਮਨੁੱਖ ਦੀ ਹੋਣੀ ਦੀ ਤੁਲਨਾ ਸ੍ਰੀ ਗੁਰੂ ਤੇਗ

ਬਹਾਦਰ ਸਾਹਿਬ ਨੇ ਤੰਦੂਏ ਦੀਆਂ ਤੰਦਾਂ ਵਿਚ ਉਲਝੇ ਹਾਥੀ ਨਾਲ ਕੀਤੀ ਹੈ। ਮਨੁੱਖ ਕਈ ਅਤੁਟ ਤੰਦਾਂ ਵਿਚ ਉਲਝ ਗਿਆ ਹੈ। ਤਨ ਦਾ ਮੋਹ ਉਸ ਦਾ ਪਹਿਲਾ ਬੰਧਨ ਹੈ। ਕੁਟੰਬ ਦਾ ਮੋਹ ਉਸ ਦਾ ਦੂਜਾ ਬੰਧਨ ਹੈ। ਆਪਣੇ ਤੇ ਕੁਟੰਬਰ ਦੇ ਸੁਖ ਦੀ ਲਾਲਸਾ ਉਸ ਦਾ ਤੀਜਾ ਬੰਧਨ ਹੈ। ਮਾਇਆ ਦੇ ਮੋਹ ਕਾਰਨ ਮਨ ਦਾ ਉਲਾਰਪਨ ਉਸ ਦਾ ਚੌਥਾ ਬੰਧਨ ਹੈ। ਕੁਸੰਗਤਿ, ਮਨ ਦੀ ਚੰਚਲਤਾ, ਅਖੌਤੀ ਕਰਮ ਧਰਮ ਵਿਚ ਪਰਵਿਰਤ ਹੋਣਾ, ਦੁੱਖ-ਸੁੱਖ ਹਰਖ-ਸੋਗ, ਉਸਤਤਿ-ਨਿੰਦਾ, ਸੋਨਾ-ਮਿੱਟੀ, ਬਿਖ-ਅੰਮ੍ਰਿਤ ਦੀਆਂ ਦਸ਼ਾਵਾਂ ਵਿਚ ਡੋਲਣਾ ਹੋਰ ਬੰਧਨ ਹਨ। ਇਸ ਦੁਰਦਸ਼ਾ ਦਾ ਕਾਰਨ ਮਨ ਹੈ। ਮਨ ਦੇ ਰੂਪ ਤੇ ਅਸਲੀਅਤ ਨੂੰ ਨਾ ਜਾਣਨਾ ਅਗਿਆਨਤਾ ਹੈ। ਪਰ ਸਭ ਤੋਂ ਕਰੜਾ ਬੰਧਨ ਇਹ ਹੈ ਕਿ ਉਸ ਨੂੰ ਬੰਧਨ ਵਿੱਚੋਂ ਨਿਕਲਣ ਦਾ ਉਪਾਉ ਵੀ ਕੋਈ ਨਹੀਂ ਸੁਝਦਾ। ਇਹ ਉਪਾਉ ਨਹੀਂ ਸੁਝ ਸਕਦਾ ਕਿਉਂਕਿ ਕੋਈ ਬੰਧਨ-ਮੁਕਤਿ, ਅਜ਼ਾਦ, ਗਿਆਨੀ, ਗੁਰੂ, ਸਾਧੂ ਹੀ ਕਿਸੇ ਬੰਦੀ ਨੂੰ ਮੁਕਤ ਕਰ ਸਕਦਾ ਹੈ, ਬੰਦੀ ਹੀ ਬੰਦੀ ਨੂੰ ਮੁਕਤਿ ਨਹੀਂ ਕਰ ਸਕਦਾ। ਗੁਰੂ ਆਪ ਮੁਕਤਿ ਹੈ।

(੨) ਮਨ

ਗੁਰੂ ਸਾਹਿਬ ਨੇ ਮਨ ਦੀਆਂ ਮੋਟੀਆਂ ਬਿਰਤੀਆਂ ਨੂੰ ਮੁੜ ਮੁੜ ਕੇ ਦੱਸਿਆ ਹੈ।

ਮਨ ਸਦਾ ਮਾਨ (ਮਾਣ) ਵਿਚ ਮਤਾ ਹੈ। ਮਾਨ ਇਹੋ ਹੈ ਕਿ ਮਨ ਕਰਣ ਕਾਰਣ ਤੇ ਸਮਰੱਥ ਹੈ ਪਰ ਇਹ ਅਗਿਆਨਤਾ ਹੈ ਕਿਉਂਕਿ ਉਸ ਵਿਚ ਸਮਰੱਥਾ ਨਹੀਂ ਹੈ। ਮਨ ਵਿਚ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੀਆਂ ਤਰੰਗਾਂ ਉੱਠਦੀਆਂ ਹਨ; ਉਹ ਇਨ੍ਹਾਂ ਵਿਚ ਡੋਲਦਾ, ਭਟਕਦਾ ਤੇ ਲਟਕਦਾ ਰਹਿੰਦਾ ਹੈ। ਉਸ ਨੂੰ ਸਥਿਰਤਾ ਨਹੀਂ ਹੈ। ਮਨ ਚੰਚਲ ਹੈ, ਪਾਰੇ ਵਾਂਗ ਅਸਥਿਰ ਹੈ ਤੇ ਇਹ ਦੁਖਦਾਈ ਅਵਸਥਾ ਹੈ। ਮਨ ਸੁੱਖ-ਦੁੱਖ ਹਰਖ-ਸੋਗ ਉਸਤਤਿ-ਨਿੰਦਾ ਦੀਆਂ ਬਦਲਦੀਆਂ ਹਾਲਤਾਂ ਨਾਲ ਉੱਚਾ ਤੇ ਨੀਵਾਂ ਹੁੰਦਾ ਰਹਿੰਦਾ ਹੈ, ਕਦੇ ਖੁਸ਼ੀ ਨਾਲ ਆਕਾਸ਼ ਨੂੰ ਜਾ ਛੋਂਹਦਾ ਹੈ ਅੱਗੇ ਨਿਰਾਸ਼ਤਾ ਵਿਚ ਪਾਤਾਲ ਵਿਚ ਜਾ ਡਿੱਗਦਾ ਹੈ। ਸੋ ਮਨ ਵਿਚ ਜ਼ੋਰਦਾਰ ਉਲਾਰ, ਪ੍ਰਵਿਰਤੀਆਂ, ਜਜ਼ਬੇ, ਅਹਿਸਾਸ, ਹਉਮੈਂ, ਹੰਗਤਾ ਉਸ ਨੂੰ ਅਡੋਲ, ਸਮਾਨ ਤੇ ਸਥਿਰ ਨਹੀਂ ਹੋਣ ਦਿੰਦੇ, ਉਹ ਹੁਣ ਹੋਰ ਤੇ ਛਿੰਨ ਵਿਚ ਹੋਰ ਹੁੰਦਾ ਹੈ। ਇਹ ਦਸ਼ਾ ਦੁਖਦਾਈ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਇਸ ਲਈ ਮਨ ਨੂੰ ਸਾਧਣ ਲਈ ਉਤਸ਼ਾਹਿਤ ਕਰਦੇ ਹਨ:

ਸਾਧੋ ਮਨ ਕਾ ਮਾਨੁ ਤਿਆਗਉ॥
ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ॥੧॥ਰਹਾਉ॥
ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ॥
ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੨੧੯)

ਮਨ ਤ੍ਰਿਸ਼ਨਾ ਦੇ ਵੱਸ ਹੈ ਜਿਸ ਕਰਕੇ ਚੰਚਲ ਹੈ। ਇਸ ਦਾ ਅਸਲਾ ਪ੍ਰਕ੍ਰਿਤੀ ਹੈ ਤੇ ਇਸ ਵਿਚ ਮਾਇਆ ਲਈ ਤ੍ਰਿਸ਼ਨਾ ਹੈ। ਪ੍ਰਕ੍ਰਿਤੀ ਦੇ ਸਾਰੇ ਗੁਣ ਇਸ ਵਿਚ ਹਨ। ਇਸ ਲਈ ਇਹ ਤਾਮਸੀ ਤੇ ਰਾਜਸੀ ਰੁਚੀਆਂ ਦੇ ਅਧੀਨ ਹੈ। ਕਿਤੇ ਸਾਤਵਿਕ ਰੁਚੀਆਂ ਵਿਚ ਵੀ ਲੱਗ ਜਾਂਦਾ ਹੈ। ਪਰ ਚੌਥੇ ਪਦ ਵਿਚ ਕਦੇ ਨਹੀਂ ਵਿਚਰਦਾ। ਮਨ ਦੇ ਕ੍ਰੋਧ, ਲੋਭ, ਮੋਹ, ਹੰਕਾਰ ਕਾਬੂ ਕਰਨੇ ਕਠਿਨ ਹਨ। *ਸਾਧੋ ਇਹੁ ਮਨੁ ਗਹਿਓ ਨ ਜਾਈ* ਮਨ 'ਤੇ ਵਸੀਕਾਰ ਨਾ ਹੋਣਾ ਦੁਖ ਦਾ ਕਾਰਨ ਹੈ।

ਮਨ ਆਪਣੀ ਮਹਾਨਤਾ ਨੂੰ ਭੁੱਲੀ ਬੈਠਾ ਹੈ। ਇਸ ਨੂੰ ਨਾ ਆਪਣੇ ਮਨੋਰਥ ਦੀ ਸੋਝੀ ਹੈ, ਨਾ ਦੁਰਲੱਭ ਜਨਮ ਦੀ ਕੀਮਤ ਹੈ, ਨਾ ਪ੍ਰਭੂ ਦੀ ਸੂਝ ਹੈ ਜੋ ਅੰਤਰ ਬਾਹਰ ਹਰ ਸਮੇਂ ਇਸ ਦਾ ਸੰਗੀ ਹੈ- *ਅੰਤਰਿ ਬਾਹਰਿ ਸਦਾ ਸੰਗਿ ਪ੍ਰਭੁ ਤਾ ਸਿਉ ਨੇਹੁ ਨ ਲਾਵੈ* ਭੁਲੇਖੇ ਵਿਚ ਪੈਣਾ ਮਨ ਦੀ ਕਮਜ਼ੋਰੀ ਹੈ। ਇਸ ਦਾ ਗਿਆਨ ਅਧੂਰਾ ਹੈ। ਇਸ ਭੁਲੇਖੇ ਕਾਰਨ *ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ ਸੇਵ ਕਰਤ ਜਨ ਜਨ ਕੀ* ਪਰ ਮਨ ਢੀਠ ਹੈ। ਆਪਹੁਦਰੇਪਨ ਵਿਚ ਆਪਣੀਆਂ ਤਰੰਗਾਂ ਅਧੀਨ ਗ਼ਲਤ ਕਰਮ ਕਰਦਾ ਹੈ। ਲੋਕ ਹੱਸਦੇ ਹਨ। ਪਰ ਇਹ ਨਿਲੱਜ ਹੋ ਜਾਂਦਾ ਹੈ। *ਮਾਨਸ ਜਨਮ ਅਕਾਰਥ ਖੋਵਤ ਲਾਜ ਨ ਲੋਕ ਹਸਨ ਕੀ॥*

ਮਨ ਮਾਇਆ ਦੇ ਮਦਿ ਬਾਵਰਾ ਹੋ ਜਾਂਦਾ ਹੈ-ਬਿਬੇਕ ਗਵਾ ਦਿੰਦਾ ਹੈ। ਪਰ ਚਾਹੁੰਦਾ ਸਦਾ ਇਹ ਹੈ ਕਿ ਜਗਤ ਦੀ ਸੋਭਾ ਪ੍ਰਾਪਤ ਹੋਵੇ। ਇਹ ਚੰਗੇ ਹੋਣ ਦੀ ਹਉਮੈਂ ਹੈ। ਪਰਪੰਚ ਕਰਦਾ ਹੈ, ਲੋਕਾਂ ਨੂੰ ਠਗਦਾ ਹੈ, ਕਰਦਾ ਹੋਰ ਹੈ, ਜ਼ਾਹਰ ਹੋਰ ਕਰਨਾ ਚਾਹੁੰਦਾ ਹੈ। *ਕਰਿ ਪਰਪੰਚੁ ਜਗਤ ਕਉ ਡਹਕੈ ਅਪਨੋ ਉਦਰੁ ਭਰੈ* ਨਾ ਸੇਵਾ ਦਾ ਰੱਖਦਾ ਹੈ, ਲਾਲਚ ਆਪਣਾ ਪੂਰਾ ਕਰਦਾ ਹੈ। ਅੰਦਰੋਂ ਹੋਰ ਹੈ, ਬਾਹਰੋਂ ਹੋਰ ਹੈ।

ਮਨ ਦੀ ਅਗਿਆਨਤਾ ਦਾ ਇਕ ਰੂਪ ਇਹ ਹੈ ਕਿ ਪਰਗ੍ਰਹ ਵਿਚ ਖੁਸ਼ੀ ਮਹਿਸੂਸ ਕਰਦਾ ਹੈ। *ਪਰ ਦਾਰਾ ਨਿੰਦਿਆ ਰਸ ਰਚਿਓ ਰਾਮ ਭਗਤਿ ਨਹਿ ਕੀਨੀ* ਨੀਵੀ ਬਿਰਤੀ ਵਾਲਾ ਹੈ ਜਾਂ ਨੀਵੇਂ ਪਾਸੇ ਬਹੁਤ ਛੇਤੀ ਪਰਵਿਰਤ ਹੁੰਦਾ ਹੈ। *ਮੁਕਤਿ ਪੰਥੁ ਜਾਨਿਓ ਤੈ ਨਾਹਨਿ ਧਨ ਜੋਰਨ ਕਉ ਧਾਇਆ* ਉੱਚੇ ਪਾਸੇ ਬਹੁਤ ਦੇਰ ਨਾਲ ਆਉਂਦਾ ਹੈ। ਅੰਤਰਮੁਖੀ ਨਹੀਂ, ਬਾਹਰਮੁਖੀ ਹੈ। 'ਅਸਥਿਰ ਮਤਿ' ਤੋਂ ਊਣਾ।

ਨਾ ਹਰਿ ਭਜਿਓ ਨਾ ਗੁਰ ਜਨੁ ਸੇਵਿਓ ਨਹ ਉਪਜਿਓ ਕਛੁ ਗਿਆਨਾ॥
ਘਟ ਹੀ ਮਾਹਿ ਨਿਰੰਜਨੁ ਤੇਰੈ ਤੈ ਖੋਜਤ ਉਦਿਆਨਾ॥੨॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੨)

ਇਸੇ ਤਰ੍ਹਾਂ ਕਈ ਜਨਮ ਗੁਜ਼ਾਰ ਚੁੱਕਾ ਹੈ। ਇਹ ਆਵਾਗਵਨ ਮੁੱਕਦਾ ਨਹੀਂ ਜਦੋਂ ਤੀਕ ਇਹ ਅੰਤਰਮੁਖੀ ਨਹੀਂ ਹੁੰਦਾ ਅਤੇ ਬਿਬੇਕ ਧਾਰਨ ਨਹੀਂ ਕਰਦਾ।

ਮਨ ਅੰਧੇਰੇ ਵਿਚ ਭਟਕ ਰਿਹਾ ਹੈ- *ਮਹਾ ਮੋਹ ਅਗਿਆਨਿ ਤਿਮਰਿ ਮੋ ਮਨੁ ਰਹਿਓ ਉਰਝਾਈ* ਭਰਮ ਵਿਚ ਕਈ ਜਨਮ ਗੁਜ਼ਾਰ ਚੁਕਾ ਹੈ। ਬਿਖਿਆ ਨੂੰ ਅੰਮ੍ਰਿਤ

ਜਾਣ ਕੇ ਉਸ ਵੱਲ ਨੱਸਦਾ ਹੈ- *ਨਿਸ ਬਾਸੁਰ ਬਿਖਿਅਨ ਕਉ ਧਾਵਤ* ਮਾਇਆ ਵਿਚ ਉਲਝਿਆ ਪਿਆ ਹੈ।

ਮਨ ਦੀ ਅਗਿਆਨਤਾ ਤੇ ਆਪਹੁਦਰਾਪਨ ਬੰਧਨ ਪੈਦਾ ਕਰਦੇ ਹਨ।

(੩) ਗਿਆਨ ਤੇ ਅਗਿਆਨ

ਮਨ ਦੀ ਚੰਚਲ, ਡੋਲਦੀ, ਕੁਮਤੀ ਦਸ਼ਾ ਦਾ ਕਾਰਨ ਇਸ ਦਾ ਅਗਿਆਨ ਹੈ। ਅਗਿਆਨ ਇਹ ਹੈ ਕਿ ਜੋ ਸੱਚ ਹੈ ਉਸ ਦੀ ਪਰਵਾਹ ਨਹੀਂ ਹੈ, ਜੋ ਕੱਚ ਹੈ ਉਸ ਦੇ ਵਿਹਾਜਣ ਵਿਚ ਲੱਗਾ ਹੈ। ਤਨ, ਕੁਟੰਬ ਰਚਨਾ, ਜਗਤ ਸਭ ਕੱਚ ਹੈ, ਸੁਪਨੇ ਵਾਂਗ ਨਾਸ਼ਵਾਨ ਹੈ, ਪਰ ਜੀਵ ਇਨ੍ਹਾਂ ਨੂੰ ਸੱਚ ਜਾਣ ਕੇ ਮੋਹ ਕਰਦਾ ਹੈ। ਗਿਆਨ ਹੈ ਸੱਚ ਦੀ ਪਛਾਣ। ਸੱਚ ਤੇ ਕੱਚ ਦੋਹਾਂ ਨੂੰ ਜਾਣਨਾ ਬਿਬੇਕ ਜਾਂ ਗਿਆਨ ਹੈ।

(ੳ) ਰਾਮ ਤੇ ਰਚਨਾ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਹਰੀ, ਰਾਮ, ਗੋਬਿੰਦ, ਨਿਰੰਜਨ, ਚਿੰਤਾਮਨ, ਗੁਸਾਈ, ਨਾਰਾਇਨ, ਮੁਰਾਰਿ, ਕਨ੍ਹਈਆ ਆਦਿ ਸ਼ਬਦ ਪਰਮ ਸੱਤਾ ਲਈ ਵਰਤੇ ਹਨ ਜੋ ਸਦਾ ਕਾਇਮ ਹੈ, ਸਰਬ ਸਮੱਰਥ ਹੈ:

ਹਰਿ ਕੀ ਗਤਿ ਨਹਿ ਕੋਊ ਜਾਨੈ॥
ਜੋਗੀ ਜਤੀ ਤਪੀ ਪਚਿ ਹਾਰੇ ਅਰੁ ਬਹੁ ਲੋਗ ਸਿਆਨੇ॥੧॥ਰਹਾਉ॥
ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰਿ ਡਾਰੇ॥
ਰੀਤੇ ਭਰੇ ਭਰੇ ਸਖਨਾਵੈ ਯਹ ਤਾ ਕੋ ਬਿਵਹਾਰੇ॥੧॥
ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ॥
ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ॥੨॥
ਅਗਨਤ ਅਪਾਰੁ ਅਲਖ ਨਿਰੰਜਨ ਜਿਹ ਸਭ ਜਗੁ ਭਰਮਾਇਓ॥
ਸਗਲ ਭਰਮ ਤਜਿ ਨਾਨਕ ਪ੍ਰਾਣੀ ਚਰਨਿ ਤਾਹਿ ਚਿਤੁ ਲਾਇਓ॥੩॥੧॥੨॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪ੩੭)

ਬਾਕੀ ਜੋ ਕੁਝ ਵੀ ਦ੍ਰਿਸ਼ਟਮਾਨ ਤੇ ਕਿਰਤਮ ਹੈ; ਉਹ ਨਾਸ਼ਵਾਨ ਹੈ, ਮਿਤ ਵਿਚ ਹੈ ਪਰ ਪ੍ਰਭੂ 'ਅਗਨਤ, ਅਪਾਰ, ਅਲਖ' ਹੈ। ਉਹ ਲਗਾਤਾਰ ਸਰਬ-ਵਿਆਪਕ ਵੀ ਹੈ ਤੇ ਨਿਰੰਜਨ ਵੀ ਹੈ, ਉਹ ਸਾਰੀ ਰਚਨਾ ਤੋਂ ਸੁਤੰਤਰ ਰਹਿ ਸਕਦਾ ਹੈ ਅਤੇ ਹੈ ਪਰ ਰਚਨਹਾਰ ਵੀ ਉਹ ਆਪ ਹੀ ਹੈ। ਉਹ ਆਪ ਹੀ ਅਨੇਕ ਰੂਪ ਧਾਰਨ ਕਰੀ ਬੈਠਾ ਹੈ, ਰਚਨਾ ਵਿਚ। ਇਹ ਉਸ ਦੀ ਮਾਇਆ ਹੈ, ਸ਼ਕਤੀ ਹੈ। ਬਣਾਉਣਾ ਤੇ ਉਜਾੜਨਾ ਉਸ ਦੀ ਖੇਡ ਹੈ। ਉਹ ਕਰਤਾ ਹੈ, ਭਰਤਾ ਹੈ, ਹਰਤਾ ਹੈ, ਉਹ ਪਰੇ ਤੋਂ ਪਰੇ ਹੈ। ਪਰ ਉਹ ਨੇੜ੍ਹੇ ਤੋਂ ਨੇੜ੍ਹੇ ਵੀ ਹੈ। ਉਹ ਮਨੁੱਖ ਦੇ ਧੁਰ ਅੰਦਰ ਹੈ। ਉਹ ਹੀ ਜੀਵਨ ਹੈ:

ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥
ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥੧॥

ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ॥
ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ॥੨॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੬੮੪)

ਦੂਜੇ ਪਾਸੇ ਮਾਇਆ ਜਾਂ ਰਚਨਾ ਹੈ। ਉਸ ਦੀ ਅਸਲੀਅਤ ਪ੍ਰਤੱਖ ਕਰਨ ਲਈ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਬਹੁਤ ਯਤਨ ਕੀਤਾ ਹੈ। ਹਰ ਸ਼ਬਦ ਵਿਚ ਮਾਇਆ ਮੋਹ ਦਾ ਵਿਚਾਰ ਦਿੱਤਾ ਹੈ ਤੇ ਨਾਲ ਦੱਸਿਆ ਹੈ ਕਿ ਇਹ ਦ੍ਰਿਸ਼ਟਮਾਨ 'ਸੁਪਨੇ' 'ਬਾਦਰ ਦੀ ਛਾਇਆ' ਵਾਂਗ ਹੈ। ਤਨ, ਕੁਟੰਬ, ਸੰਪਦਾ, ਧਨ-ਪਦਾਰਥ, ਮਾਣ, ਪਦਵੀ ਸਭ ਕੁਝ ਮਾਇਆ ਹੈ। ਪਰ ਅਗਿਆਨ ਇਹ ਹੈ ਕਿ ਸਾਹਮਣੇ ਰਚਨਾ ਬਿਨਸ ਰਹੀ ਹੈ ਪਰ ਫਿਰ ਵੀ ਸਾਰੇ ਇਸ ਨੂੰ ਸੱਚ ਮੰਨੀ ਬੈਠੇ ਹਨ। ਕਿਸੇ ਗਿਆਨੀ ਨੂੰ ਸੂਝ ਪਈ ਹੈ:

ਸਾਧੋ ਰਚਨਾ ਰਾਮ ਬਨਾਈ॥
ਇਕਿ ਬਿਨਸੈ ਇਕ ਅਸਥਿਰੁ ਮਾਨੈ ਅਚਰਜੁ ਲਖਿਓ ਨ ਜਾਈ॥੧॥ਰਹਾਉ॥
ਕਾਮ ਕ੍ਰੋਧ ਮੋਹ ਬਸਿ ਪ੍ਰਾਨੀ ਹਰਿ ਮੂਰਤਿ ਬਿਸਰਾਈ॥
ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ॥੧॥
ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ॥
ਜਨ ਨਾਨਕ ਜਗੁ ਜਾਨਿਓ ਮਿਥਿਆ ਰਹਿਓ ਰਾਮ ਸਰਨਾਈ॥੨॥੨॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੨੧੯)

ਇਹ ਰਚਨਾ ਮ੍ਰਿਗ ਤ੍ਰਿਸ਼ਨਾ ਵਾਂਗ ਹੈ। ਹੈ ਹੋਰ ਕੁਝ ਪ੍ਰਤੀਤ ਹੋਰ ਕੁਝ ਹੁੰਦੀ ਹੈ ਅਤੇ ਜੀਵ ਇਸ ਦੀ ਤ੍ਰਿਸ਼ਨਾ ਕਰਕੇ ਬੰਧਨ ਵਿਚ ਪੈ ਜਾਂਦਾ ਹੈ:

ਪੂਤ ਮੀਤ ਮਾਇਆ ਮਮਤਾ ਸਿਉ ਇਹ ਬਿਧਿ ਆਪੁ ਬੰਧਾਵੈ॥
ਮ੍ਰਿਗ ਤ੍ਰਿਸਨਾ ਜਿਉ ਝੂਠੋ ਇਹੁ ਜਗ ਦੇਖਿ ਤਾਸਿ ਉਠਿ ਧਾਵੈ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੨੧੯)

ਮਾਇਆ ਦੇ ਬਨ ਵਿਚ ਸੰਕਟ ਹੈ। ਇਸ ਵਿੱਚੋਂ ਨਿਕਲਣਾ ਬਹੁਤ ਕਠਿਨ ਹੈ। ਜੀਵ ਇਸੇ ਬਨ ਵਿਚ ਭਟਕਦੇ ਮਰਦੇ ਹਨ:

ਮਾਇਆ ਮੋਹ ਮਹਾ ਸੰਕਟ ਬਨ ਤਾ ਸਿਉ ਰੁਚ ਉਪਜਾਵੈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੨੨੦)

ਜੇ ਸਰੀਰ ਵੀ ਆਪਣਾ ਨਹੀਂ ਹੈ ਤਾਂ ਫਿਰ ਹੋਰ ਕੀ ਆਪਣਾ ਹੋ ਸਕਦਾ ਹੈ:

ਜੋ ਤਨੁ ਤੈ ਅਪਨੋ ਕਰਿ ਮਾਨਿਓ ਅਰੁ ਸੁੰਦਰ ਗ੍ਰਿਹ ਨਾਰੀ॥
ਇਨ ਮੈਂ ਕਛੁ ਤੇਰੋ ਰੇ ਨਾਹਨਿ ਦੇਖੋ ਸੋਚ ਬਿਚਾਰੀ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੨੨੦)

ਮਾਇਆ ਮਨੁੱਖ ਨੂੰ ਪ੍ਰਭੂ-ਭਗਤੀ ਵਿਚ ਨਹੀਂ ਲੱਗਣ ਦਿੰਦੀ। ਸਾਰਾ ਯਤਨ ਪਦਾਰਥ ਇਕੱਤਰ ਕਰਨ ਵਿਚ, ਧਨ ਜੋੜਨ ਵਿਚ, ਵਿਸ਼ੇ ਭੋਗਣ ਵਿਚ ਹੀ ਲੱਗ

ਜਾਂਦਾ ਹੈ, ਨਾਮ ਸਿਮਰਨ ਲਈ ਸਮਾਂ ਨਹੀਂ ਮਿਲਦਾ। *ਮੁਕਤਿ ਪੰਥੁ ਜਾਨਿਓ ਤੈ ਨਾਹਨਿ ਧਨ ਜੋਰਨ ਕਉ ਧਾਇਆ, ਬਿਖਿਆਸਕਤ ਰਹਿਓ ਨਿਸ ਬਾਸੁਰ ਨਹ ਛੂਟੀ ਅਧਮਾਈ* ਪਰ ਚਾਰ ਦਿਨ ਵੀ ਮਾਇਆ ਦੇ ਸੁਖ ਭੋਗਣੇ ਨਹੀਂ ਮਿਲਦੇ- *ਬਾਰੂ ਭੀਤਿ ਬਨਾਈ ਰਚਿ ਪਚਿ ਰਹਤ ਨਹੀ ਦਿਨ ਚਾਰਿ* ਇਹ ਝੂਠ ਤੇ ਮਿਥਿਆ ਹੈ।

ਗਿਆਨ ਹੋ ਜਾਵੇ ਤਾਂ 'ਰਾਮ' ਤੇ ਉਸ ਦੀ 'ਰਚਨਾ' ਦਾ ਫ਼ਰਕ ਪਤਾ ਲੱਗ ਜਾਂਦਾ ਹੈ, ਸੱਚੇ ਸੰਗੀ ਤੇ ਝੂਠੇ ਸਾਥੀਆਂ ਦਾ ਪਤਾ ਲਗਦਾ ਹੈ, ਅਸਲੀਅਤ ਤੇ ਸੁਪਨੇ ਦਾ ਭੇਦ ਖੁਲਦਾ ਹੈ।

(ਅ) ਨਾਮ ਤੇ ਸਰਣ

ਗਿਆਨ ਹੋ ਜਾਵੇ ਤਾਂ ਜੀਵ ਸੱਚ ਵੱਲ ਪਰਵਿਰਤ ਹੁੰਦਾ ਹੈ। ਉਸ ਨੂੰ ਨਾਮ ਦਾ ਰਸ ਸਾਰੇ ਹੋਰ ਰਸਾਂ ਤੋਂ ਸ੍ਰੇਸ਼ਟ ਜਾਪਦਾ ਹੈ। ਨਾਮ ਦੀ ਸੋਝੀ ਤੋਂ ਉੱਚੀ ਕੋਈ ਰਾਸਿ ਨਹੀਂ ਹੈ। ਇਹ ਸਰਬ ਸ੍ਰੇਸ਼ਟ ਧਰਮ ਹੈ:

ਕਲ ਮੈ ਏਕੁ ਨਾਮੁ ਕਿਰਪਾ ਨਿਧਿ ਜਾਹਿ ਜਪੈ ਗਤਿ ਪਾਵੈ॥
ਅਉਰ ਧਰਮ ਤਾ ਕੈ ਸਮ ਨਾਹਨਿ ਇਹ ਬਿਧਿ ਬੇਦੁ ਬਤਾਵੈ॥੨॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੨)

ਨਾਮ ਪਤਿਤ ਨੂੰ ਪਾਵਨ ਕਰਨ ਵਾਲਾ ਹੈ- *ਪਤਿਤ ਉਧਾਰਨ ਭੈ ਹਰਨ ਹਰਿ ਅਨਾਥ ਕੇ ਨਾਥ॥ ਕਹੁ ਨਾਨਕ ਤਿਹ ਜਾਨੀਐ ਸਦਾ ਬਸਤੁ ਤੁਮ ਸਾਥਿ॥* ਨਾਮ ਭੈ ਨਾਸਨ ਹੈ, ਦੁਰਮਤਿ ਦੂਰ ਕਰਨ ਵਾਲਾ ਹੈ- *ਭੈ ਨਾਸਨ ਦੁਰਮਤਿ ਹਰਨ ਕਲਿ ਮੈ ਹਰਿ ਕੋ ਨਾਮੁ॥ ਨਿਸਿ ਦਿਨੁ ਜੋ ਨਾਨਕ ਭਜੈ ਸਫਲ ਹੋਹਿ ਤਿਹ ਕਾਮ॥* ਨਾਮ ਸਦਾ ਕਾਇਮ ਦਾਇਮ ਹੈ ਕਿਉਂਕਿ ਹਰੀ ਸਦਾ ਕਾਇਮ ਦਾਇਮ ਹੈ। ਨਾਮ ਵਾਲਾ ਸਾਧੂ ਅਮਰ ਅਟੱਲ ਹੈ, ਪ੍ਰਭੂ ਆਪ ਅਟੱਲ ਹੈ। ਸਭ ਕੁਝ ਬਿਨਸ ਜਾਏਗਾ ਪਰ ਨਾਮੀ, ਨਾਮ ਤੇ ਨਾਮ ਸਿਮਰਨ ਵਾਲਾ ਕਾਇਮ ਰਹੇਗਾ। *ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ॥*

ਨਾਮ ਗੁਰੂ ਤੋਂ ਮਿਲਦਾ ਹੈ- *ਕਹੁ ਨਾਨਕ ਇਹ ਜਗਤ ਮੈ ਕਿਨ ਜਪਿਓ ਗੁਰ ਮੰਤੁ॥* ਨਾਮ ਸਾਰੇ ਸੰਕਟ ਖਤਮ ਕਰਨ ਵਾਲਾ ਹੈ:

ਰਾਮ ਨਾਮੁ ਉਰ ਮੈ ਗਹਿਓ ਜਾ ਕੈ ਸਮ ਨਹੀ ਕੋਇ॥
ਜਿਹ ਸਿਮਰਤ ਸੰਕਟ ਮਿਟੈ ਦਰਸੁ ਤੁਹਾਰੋ ਹੋਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੯)

ਨਾਮ ਸਿਮਰਨ, ਹਰਿ ਜਸ ਤੇ ਗੁਣ ਗਾਉਣਾ ਤੇ ਫਿਰ ਵੀ ਇਕ ਧਰਮ ਹੈ, ਸਾਧਨ ਹੈ, ਸਿਧੀ ਕਰਨੀ ਪੈਂਦੀ ਹੈ। ਪਰ ਸਰਨ ਵਿਚ ਕੇਵਲ ਹੋਰ ਸਾਰੇ ਆਸਰੇ ਤਿਆਗ ਕੇ ਇੱਕੋ ਪ੍ਰਭੂ ਆਸਰੇ 'ਤੇ ਨਿਰਭਰ ਹੋਣਾ ਹੈ। ਸਰਨ ਵਿਚ ਅਨੇਕਾਂ ਜੀਵ ਤਰ ਗਏ ਹਨ। ਗਨਕਾ, ਧ੍ਰੂਅ, ਗਜ, ਅਜਾਮਲ, ਆਦਿ ਸਰਣਾਗਤੀ ਵਿਚ ਤਰ ਗਏ। ਪਤਿਤ ਤੇ ਪਾਪੀ ਵੀ ਤਰੇ ਹਨ:

ਮਨ ਰੇ ਪ੍ਰਭ ਕੀ ਸਰਨਿ ਬਿਚਾਰੋ॥

ਜਿਹ ਸਿਮਰਤ ਗਨਕਾ ਸੀ ਉਧਰੀ ਤਾ ਕੋ ਜਸੁ ਉਰ ਧਾਰੋ॥੧॥ਰਹਾਉ॥
ਅਟਲ ਭਇਓ ਧ੍ਰੂਅ ਜਾ ਕੈ ਸਿਮਰਨਿ ਅਰੁ ਨਿਰਭੈ ਪਦੁ ਪਾਇਆ॥
ਦੁਖ ਹਰਤਾ ਇਹ ਬਿਧਿ ਕੋ ਸੁਆਮੀ ਤੈ ਕਾਹੇ ਬਿਸਰਾਇਆ॥੧॥
ਜਬ ਹੀ ਸਰਨਿ ਗਹੀ ਕਿਰਪਾ ਨਿਧਿ ਗਜ ਗਰਾਹ ਤੇ ਛੂਟਾ॥
ਮਹਮਾ ਨਾਮ ਕਹਾ ਲਉ ਬਰਨਉ ਰਾਮ ਕਹਤ ਬੰਧਨ ਤਿਹ ਤੂਟਾ॥੨॥
ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ॥
ਨਾਨਕ ਕਹਤ ਚੇਤ ਚਿੰਤਾਮਨਿ ਤੈ ਭੀ ਉਤਰਹਿ ਪਾਰਾ॥੩॥੪॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੨)

ਪ੍ਰਭੂ ਆਪ ਹੀ ਕਿਰਪਾ ਕਰ ਕੇ ਸਰਣ ਦੀ ਸੋਝੀ ਦਿੰਦਾ ਹੈ ਅਤੇ ਇਸ ਤੋਂ ਵੱਡਾ ਗਿਆਨ ਕੋਈ ਨਹੀਂ ਹੈ। ਨਿਰਯਤਨ ਹੀ ਮੁਕਤੀ ਮਿਲ ਜਾਂਦੀ ਹੈ। ਪਰ ਮਾਇਆ ਦੇ ਆਸਰੇ ਤੋੜਨੇ ਬੜੇ ਕਠਨ ਹਨ।

(ਏ) ਹੁਕਮ ਤੇ ਚਿੰਤਾ

ਗਿਆਨੀ ਦੀ ਅਵਸਥਾ ਹੁਕਮ ਵਿਚ ਚੱਲਣ ਵਾਲੇ ਦੀ ਮੰਨੀ ਹੈ। ਗਿਆਨੀ ਹੁਕਮ, ਰਜ਼ਾ, ਭਾਣੇ ਵਿਚ ਰਾਜ਼ੀ ਰਹਿੰਦਾ ਹੈ। ਉਹ ਹਰ ਹਾਲਤ ਵਿਚ ਪ੍ਰਭੂ ਦੇ ਹੁਕਮ ਨੂੰ ਪਛਾਣਦਾ ਹੈ। ਦੁਖ-ਸੁਖ, ਹਰਖ-ਸੋਗ, ਉਸਤਤਿ-ਨਿੰਦਾ ਸਭ ਹਾਲਤਾਂ ਦਾ ਦੇਣ ਵਾਲਾ ਪ੍ਰਭੂ ਆਪ ਹੈ। ਇਹ ਦਸ਼ਾ ਜੀਵਨ ਮੁਕਤਿ ਦੀ ਹੈ। ਜੋ ਦੁੱਖ ਤੇ ਸੁੱਖ ਨੂੰ ਸਮਾਨ ਜਾਣਦਾ ਹੈ, ਉਹ ਮਾਇਆ ਨੂੰ ਤਰ ਚੁਕਾ ਹੈ। ਮਾਇਆ ਹੈ ਹੀ ਇਹ ਕਿ ਸਾਨੂੰ ਪ੍ਰਾਪਤੀ ਨਾਲ ਸੁੱਖ ਹੈ ਅਤੇ ਹਾਣ ਨਾਲ ਦੁੱਖ ਹੈ, ਭੋਗ ਵਿਚ ਸੁੱਖ ਹੈ, ਭੁੱਖ ਵਿਚ ਦੁੱਖ ਹੈ। ਗਿਆਨੀ ਤਤੁ ਨੂੰ ਪਛਾਣਦਾ ਹੈ। ਇਹ ਹੈ ਕਠਨ:

ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ॥
ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ॥੧॥
ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ॥
ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ॥੨॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੨੧੯)

ਗੁਰੂ ਕਿਰਪਾ ਨਾਲ ਨਾਮ ਵਿਚ ਲੱਗਣ ਨਾਲ ਪ੍ਰਭੂ ਮਿਲਾਪ ਹੈ। ਉਦੋਂ ਹੁਕਮ-ਰਜ਼ਾ ਦਾ ਜੀਵਨ ਮਿਲਦਾ ਹੈ:

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥੧॥ ਰਹਾਉ॥
ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ॥
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ॥੧॥
ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ॥

ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ॥੨॥
ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ॥
ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ॥੩॥੧੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੩)

ਹੁਕਮ ਵਿਚ ਜੀਣਾ ਆ ਜਾਵੇ ਤਾਂ ਸਾਰੀਆਂ ਚਿੰਤਾਵਾਂ ਮੁਕ ਜਾਂਦੀਆਂ ਹਨ। ਸਾਰੇ ਬ੍ਰਹਿਮੰਡ ਲਈ ਨਿਯਮ ਹਨ ਜੋ ਹੁਕਮ-ਰਜ਼ਾ ਨੇ ਘੜੇ ਹਨ। ਜਦੋਂ ਮੌਤ ਨਿਯਮ ਹੈ, ਫਿਰ ਉਸ ਦੀ ਚਿੰਤਾ ਕੀ ਹੈ, ਉਸ ਤੋਂ ਡਰ ਕੀ?

ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ॥
ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ॥੫੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੯)

ਗਿਆਨੀ ਡਰ ਵਿਚ ਨਹੀਂ ਹੈ। ਪਰ ਇਸੇ ਲਈ ਡਰ ਵਿਚ ਨਹੀਂ ਹੈ ਕਿ ਹੁਕਮ ਨੂੰ ਸਮਝਦਾ ਹੈ। ਹੁਕਮ ਨੇ ਅਵੱਸ਼ ਵਾਪਰਨਾ ਹੈ। ਕੇਵਲ ਪ੍ਰਭੂ ਦੀ ਕਿਰਪਾ ਹੀ ਉਸ ਦੀ ਆਪਣੀ ਰਜ਼ਾ ਵਿਚ ਦਖ਼ਲ ਦੇ ਸਕਦੀ ਹੈ, ਹੋਰ ਕੋਈ ਨਹੀਂ ਦਖ਼ਲ ਦੇ ਸਕਦਾ।

(ਸ) ਜੀਵਨ ਤੇ ਪ੍ਰਯੋਜਨ

ਗਿਆਨੀ ਨੂੰ ਆਪਣੇ ਮੂਲ ਦਾ ਪਤਾ ਹੈ। ਜੀਵਨ ਅਵਸਰ ਬੜਾ ਅਮੋਲਕ ਹੈ। ਇਹੋ ਪ੍ਰਭੂ ਮਿਲਾਪ ਦੀ ਪਉੜੀ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਮਾਨਸ ਜਨਮ ਨੂੰ ਅਮੋਲਕ, ਦੁਰਲੱਭ ਰਤਨ ਕਿਹਾ ਹੈ। *ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ* ਇਹ ਮਿਲਨ ਦੀ ਬਰੀਆ ਹੈ- *ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ* ਜੀਵਨ ਦੀ ਇਕ ਇਕ ਛਿਨ ਅਮੋਲਕ ਹੈ- *ਅਹਿਨਿਸਿ ਅਉਧ ਘਟੈ ਨਹੀ ਜਾਨੈ ਭਇਓ ਲੋਭ ਸੰਗਿ ਹਉਰਾ* ਗਿਆਨੀ ਮਾਨਸ ਜਨਮ ਅਕਾਰਥ ਨਹੀਂ ਜਾਣ ਦਿੰਦਾ, ਉਹ ਹਰ ਘੜੀ, ਭਜਨ, ਸਿਮਰਨ ਵਿਚ ਲਗਾਉਂਦਾ ਹੈ।

ਗਿਆਨੀ ਜਾਣਦਾ ਹੈ ਕਿ ਜੀਵਨ ਦਾ ਪ੍ਰਯੋਜਨ ਹੈ ਅਤੇ ਜੀਵਨ ਦੇ ਥੋੜੇ ਜਿੰਨੇ ਸਮੇਂ ਵਿਚ ਵੀ ਪ੍ਰਯੋਜਨ ਨੂੰ ਪ੍ਰਾਪਤ ਕਰਨਾ ਹੈ। ਸਿਮਰਨ ਬਿਨਾਂ ਜੀਵਨ ਨਿਸਫਲ ਹੋ ਜਾਵੇਗਾ:

ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ॥
ਕਹੁ ਨਾਨਕ ਹਰਿ ਭਜੁ ਮਨਾ ਜਿਹਿ ਬਿਧਿ ਜਲ ਕਉ ਮੀਨੁ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੯)

ਮੁੜ ਮੁੜ ਚਿਤਾਉਨੀ ਹੈ ਕਿ ਜੀਵਨ ਕਾਰਜ ਨੂੰ ਸੰਪੂਰਨ ਕਰਨਾ ਹੈ:

-ਰਾਮੁ ਸਿਮਰਿ ਰਾਮੁ ਸਿਮਰਿ ਇਹੈ ਤੇਰੈ ਕਾਜਿ ਹੈ॥
ਮਾਇਆ ਕੋ ਸੰਗੁ ਤਿਆਗੁ ਪ੍ਰਭ ਜੂ ਕੀ ਸਰਨਿ ਲਾਗੁ॥
ਜਗਤ ਸੁਖ ਮਾਨੁ ਮਿਥਿਆ ਝੂਠੋ ਸਭ ਸਾਜੁ ਹੈ॥੧॥ਰਹਾਉ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੫੨)

-ਰਾਮੁ ਭਜੁ ਰਾਮੁ ਭਜੁ ਜਨਮੁ ਸਿਰਾਤੁ ਹੈ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੫੨)

(ਹ) ਧਰਮ ਤੇ ਮਨ

ਗਿਆਨੀ ਧਰਮ ਨੂੰ ਪਛਾਣਦਾ ਹੈ ਅਤੇ ਕਦੇ ਧਰਮ ਨੂੰ ਪਿੱਠ ਨਹੀਂ ਦਿੰਦਾ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਨੁਸਾਰ ਤੇ ਧਰਮ ਤਦ ਹੀ ਸੰਭਵ ਹੈ ਜੇ ਮਨ 'ਤੇ ਕਾਬੂ ਹੋਵੇ। ਰਸਮੀ ਸਾਧਨ ਕਰਨ ਵਿਚ ਮਨ ਦਾ ਹੰਕਾਰ ਵਧਦਾ ਹੈ। ਇਹੋ ਮਨ ਦੀ ਚੰਚਲਤਾ ਹੈ। ਧਰਮ ਤਦ ਹੀ ਪੂਰਨ ਹੈ ਜੇ ਮਨ ਦੇ ਵੱਸ ਆ ਜਾਵੇ:

ਤੀਰਥ ਕਰੈ ਬ੍ਰਤ ਫੁਨਿ ਰਾਖੈ ਨਹ ਮਨੂਆ ਬਸਿ ਜਾ ਕੋ॥
ਨਿਹਫਲ ਧਰਮੁ ਤਾਹਿ ਤੁਮ ਮਾਨਹੁ ਸਾਚੁ ਕਹਤ ਮੈ ਯਾ ਕਉ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੮੩੧)

ਮਨ ਪੱਥਰ ਹੈ। ਭਗਤੀ ਨਾਲ ਇਹ ਭਿੱਜਦਾ ਹੈ ਤੇ ਵੱਸ ਆਉਂਦਾ ਹੈ:

ਜੈਸੇ ਪਾਹਨੁ ਜਲ ਮਹਿ ਰਾਖਿਓ ਭੇਦੈ ਨਾਹਿ ਤਿਹਿ ਪਾਨੀ॥
ਤੈਸੇ ਹੀ ਤੁਮ ਤਾਹਿ ਪਛਾਨਹੁ ਭਗਤਿ ਹੀਨ ਜੋ ਪ੍ਰਾਨੀ॥੨॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੮੩੧)

(੪) ਬਲ ਤੇ ਮੁਕਤਿ

ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ-ਇਹ ਸ਼ਬਦ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਹੀ ਹਨ। ਭਾਰਤੀ ਕੌਮ ਨੂੰ ਸਮੇਂ ਦੇ ਹਾਲਾਤ ਦੇ ਵਿਰੁੱਧ ਬਲਧਾਰੀ ਬਣਾਉਣਾ ਹੀ ਗੁਰੂ ਸਾਹਿਬਾਨ ਦਾ ਆਸ਼ਾ ਸੀ। ਬਲ ਆਤਮਿਕ ਦਸ਼ਾ ਹੈ। ਨਿਰੀ ਸਰੀਰਕ ਰਿਸ਼ਟਪੁਸ਼ਟਤਾ ਤੇ ਭਾਰੀ ਭਰਕਮ ਹੋਣਾ ਨਹੀਂ ਹੈ। ਆਤਮਿਕ ਬਲ ਵਿੱਚੋਂ ਸਾਹਸ, ਜੁਰਅਤ, ਦਲੇਰੀ ਸਿਪਾਹੀ ਦੀ ਸ਼ਕਤੀ, ਜ਼ਬਤ, ਸੈ-ਕਾਬੂ ਪੈਦਾ ਹੁੰਦੇ ਹਨ। ਆਤਮਿਕ ਬਲ ਸਰੀਰਕ, ਮਾਨਸਿਕ ਤੇ ਬੌਧਿਕ ਬਲ ਨੂੰ ਵਧਾਉਂਦਾ ਹੈ ਤੇ ਸਥਿਰ ਕਰਦਾ ਹੈ। ਗੁਰੂ ਸਾਹਿਬਾਨ ਦੀ ਸੋਚਣੀ ਇਸੇ ਸੇਧ ਵਿਚ ਸੀ। ਇਸੇ ਲਈ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਭਗਤੀ ਉੱਤੇ ਬਲ ਦਿੱਤਾ ਹੈ। ਤਾਂ ਜੋ ਭਾਰਤੀਆਂ ਵਿਚ ਆਤਮਿਕ ਬਲ ਪੈਦਾ ਹੋਵੇ। ਆਤਮਿਕ ਬਲ ਨਾਲ ਉਪਜੇ ਸਾਹਸ ਨੇ ਦੇਸ਼ ਦੀ ਹੋਣੀ ਬਦਲਣੀ ਹੁੰਦੀ ਹੈ। ਪਰ ਦੇਸ਼ ਦੀ ਹੋਣੀ ਬਦਲਣ ਲਈ ਕੁਰਬਾਨੀ ਦੇਣੀ ਪੈਂਦੀ ਹੈ। ਪਰਾਧੀਨਤਾ ਤੋਂ ਸੈ-ਧੀਨਤਾ ਲਿਆਉਣ ਲਈ ਸੰਘਰਸ਼ ਕਰਨਾ ਪੈਂਦਾ ਹੈ। ਜੰਗੋ ਜਦਲ ਹੁੰਦਾ ਹੈ, ਉਜਾੜਾ ਹੁੰਦਾ ਹੈ, ਸਾਥੀ ਸੰਬੰਧੀ ਮਰਦੇ ਹਨ, ਮਾਲ ਧਨ ਨਾਸ਼ ਹੁੰਦਾ ਹੈ ਇੱਜ਼ਤ-ਬੇਪਤੀ ਹੁੰਦੀ ਹੈ। ਕੌਮ ਨੂੰ ਕੁਰਬਾਨੀ ਕਰਨ ਲਈ ਤਿਆਰ ਕਰਨਾ, ਜਾਨ ਦੀ ਅਹੂਤੀ ਤੀਕ ਦੇਣ ਲਈ ਤਿਆਰ ਕਰਨਾ, ਸਾਧਾਰਨ ਗੱਲ ਨਹੀਂ ਹੈ। ਗੁਰੂ ਸਾਹਿਬਾਨ ਨੇ ਸਾਰੀ ਬਾਣੀ ਵਿਚ ਮਾਇਆ ਮੋਹ ਤੋਂ ਉਪਰਾਮਤਾ ਸਿਖਾਈ ਹੈ। ਪਰ ਪਰਾਧੀਨਤਾ ਦੀਆਂ ਜ਼ੰਜੀਰਾਂ ਤੋੜਨ ਲਈ ਪੂਰਨ ਉਪਰਾਮਤਾ ਦੇ ਵੈਰਾਗ ਦੀ ਲੋੜ ਹੈ ਤਾਂ ਜੋ ਤਨ, ਮਨ ਤੇ ਧਨ ਕੁਰਬਾਨ ਕੀਤਾ ਜਾ ਸਕੇ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਇਸ ਕੁਰਬਾਨੀ ਲਈ ਕੌਮ ਨੂੰ ਤਿਆਰ ਕੀਤਾ।

ਤੇਗ ਹੇਠਾਂ ਬੈਠਿਆਂ ਜਦ ਇਸ਼ਕ ਸੀ

*-ਡਾ. ਸਰਬਜੀਤ ਕੌਰ ਸੰਧਾਵਾਲੀਆ**

ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਸਾਰਿਆਂ ਦੇ ਸਾਂਝੇ ਰਹਿਬਰ, ਮਿਹਰ ਦੀ ਮੂਰਤ, ਬਿਰਦ-ਪਾਲਕ, ਸੁਖਦਾਤੇ, ਮਿੱਠ-ਬੋਲੜੇ, ਨਿਰਛਲ, ਨਿਰਭੈ, ਪੁਰਤੇਜ, ਪੁਰਨੂਰ ਸ਼ਖ਼ਸੀਅਤ ਦਾ ਸਮੁੱਚਾ ਜੀਵਨ ਅਛੋਹ ਸਿਖਰਾਂ ਦੀ ਕਹਾਣੀ ਹੈ। ਪਰਉਪਕਾਰ ਲਈ ਆਪਣੀ ਨਿਰਮੋਲਕ ਜਿੰਦ ਵਾਰਨ ਵਾਲੇ ਪਾਤਸ਼ਾਹ ਜੀ ਦੀ ਮਹਾਨ ਸ਼ਹਾਦਤ ਨੂੰ ਅੱਜ ਸਾਰੀ ਇਨਸਾਨੀਅਤ ਨਤਮਸਤਕ ਹੋ ਰਹੀ ਹੈ। ਜਿਸ ਬੇਪਨਾਹ ਸ਼ਾਨ ਅਤੇ ਬੁਲੰਦੀ ਨਾਲ ਆਪ ਜੀ ਨੇ ਧਰਮ ਦੀ ਅਜ਼ਾਦੀ ਲਈ, ਮਨੁੱਖੀ ਅਧਿਕਾਰਾਂ ਲਈ, ਸਾਂਝੀਵਾਲਤਾ ਲਈ ਅਤੇ ਇਨਸਾਫ਼ ਲਈ ਸ਼ਹਾਦਤ ਦਿੱਤੀ, ਉਸ ਬਾਬਤ ਸ੍ਰੀ ਦਸਮੇਸ਼ ਪਿਤਾ ਜੀ ਫੁਰਮਾਨ ਕਰਦੇ ਹਨ:

ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰ ਕੀਯਾ ਪਯਾਨ॥
ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ॥ *(ਬਚਿਤ੍ਰ ਨਾਟਕ)*

ਪਾਕੀਜ਼ਗੀ, ਸੰਜੀਦਗੀ, ਸਹਿਣਸ਼ੀਲਤਾ, ਧੀਰਜ, ਮਿੱਠਤ, ਪ੍ਰੇਮ ਅਤੇ ਕਰੁਣਾ ਦੇ ਸਰੂਪ ਦਰਵੇਸ਼ ਪਾਤਸ਼ਾਹ ਜੀ ਨੇ ਦੁੱਖਾਂ ਦੀ ਮੱਸਿਆ ਨੂੰ ਪ੍ਰਕਾਸ਼ਮਈ ਜੀਵਨ ਬਖ਼ਸਿਆ। ਆਪ ਜੀ ਦਾ ਸਮੁੱਚੀ ਕੌਮ, ਦੇਸ਼, ਧਰਮ ਅਤੇ ਮਨੁੱਖਤਾ ਉੱਤੇ ਬਹੁਤ ਵੱਡਾ ਕਰਮ ਹੈ ਜਿਸ ਦਾ ਰਿਣ ਕਦੇ ਨਹੀਂ ਚੁਕਾਇਆ ਜਾ ਸਕਦਾ। ਦਸਵੇਂ ਪਾਤਸ਼ਾਹ ਜੀ ਆਪਣੇ ਮੁਬਾਰਕ ਕਰ ਕਮਲਾਂ ਨਾਲ ਲਿਖਦੇ ਹਨ:

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥
ਕੀਨੋ ਬਡੋ ਕਲੂ ਮਹਿ ਸਾਕਾ॥
ਸਾਧਨ ਹੇਤਿ ਇਤੀ ਜਿਨਿ ਕਰੀ॥੧੩॥
ਸੀਸੁ ਦੀਆ ਪਰ ਸੀ ਨ ਉਚਰੀ॥
ਧਰਮ ਹੇਤ ਸਾਕਾ ਜਿਨਿ ਕੀਆ॥
ਸੀਸੁ ਦੀਆ ਪਰ ਸਿਰਰੁ ਨ ਦੀਆ॥ *(ਬਚਿਤ੍ਰ ਨਾਟਕ)*

ਕੌਣ ਆਪਣੇ ਨੌਂ ਸਾਲਾਂ ਦੇ ਇਕਲੌਤੇ ਬੱਚੇ ਨੂੰ ਛੱਡ ਕੇ ਹੋਰਾਂ ਦੇ ਘਰ ਆਬਾਦ ਕਰਨ ਲਈ ਤੁਰਦਾ ਹੈ? ਕੌਣ ਹੋਰਾਂ ਦੇ ਸੁਹਾਗ ਬਚਾਉਣ ਲਈ ਆਪਣੀ ਸੁਪਤਨੀ ਦਾ ਸੁਹਾਗ ਕੁਰਬਾਨ ਕਰਦਾ ਹੈ? ਕੌਣ ਹੋਰਾਂ ਦੇ ਵਿਸ਼ਵਾਸ ਨੂੰ ਬਚਾਉਣ ਵਾਸਤੇ ਆਪਣਾ ਸੀਸ ਨਿਛਾਵਰ ਕਰਦਾ ਹੈ? ਸਾਰੇ ਸੰਸਾਰ ਵਿਚ ਇਹੋ ਜਿਹੇ ਪੂਰਨੇ ਕਿਸੇ

* *ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬੁਲੰਦਪੁਰੀ ਸਾਹਿਬ, ਨੇੜੇ ਮਹਿਤਪੁਰ, ਤਹਿ: ਨਕੋਦਰ ੧੪੪੦੪੧; (ਜਲੰਧਰ) ਮੋ. +੯੧ ੯੮੧੪੭-੧੬੩੬੭*

ਨੇ ਨਹੀਂ ਪਾਏ। ਮਹਾਰਾਜ ਜੀ ਨੇ ਸੜਦੇ-ਬਲਦੇ ਜਗਤ 'ਤੇ ਠੰਢ ਵਰਤਾਉਣ ਲਈ ਸ਼ਹਾਦਤ ਦੇ ਦਿੱਤੀ। ਆਪਣੇ ਹਰੇ ਭਰੇ ਪਰਵਾਰ ਦੇ ਇਲਾਹੀ ਬੂਟੇ ਨੂੰ ਪੋਰੀ ਪੋਰੀ ਕਲਮਾਂ ਬਣਾ ਕੇ ਬੀਜ ਦਿੱਤਾ ਤਾਂ ਜੁ ਸੁੱਚੀ ਅੱਗ ਦੇ ਅਨੇਕਾਂ ਫੁੱਲ ਉੱਗ ਪੈਣ। ਜੇ ਆਪ ਜੀ ਆਪਾ ਨਾ ਵਾਰਦੇ ਤਾਂ ਅੱਜ ਹਿੰਦੁਸਤਾਨ ਦਾ ਨਕਸ਼ਾ ਕੁਝ ਹੋਰ ਹੋਣਾ ਸੀ। ਜਿਸ ਅਸੂਲ ਦੀ ਖਾਤਰ ਆਪ ਨੇ ਆਪਣਾ ਸਰਬੰਸ ਕੁਰਬਾਨ ਕਰ ਦਿੱਤਾ, ਉਹ ਬੇਨਜ਼ੀਰ ਹੈ:

ਨਹੀਂ ਹੋਰ ਬਹਾਰਾਂ ਨੂੰ ਸੜਨ ਦਿੱਤਾ
ਭਾਵੇਂ ਆਪਣੇ ਬਾਗ਼ ਵੀਰਾਨ ਹੋ ਗਏ।
ਹੱਥੀਂ ਛਾਵਾਂ ਸੀ ਕੀਤੀਆਂ ਜੱਗ ਤਾਈਂ
ਭਾਵੇਂ ਆਪਣੇ ਸਾਰੇ ਕੁਰਬਾਨ ਹੋ ਗਏ।

ਮਹਾਰਾਜ ਜੀ ਦੇ ਸਾਰੇ ਕੌਤਕ ਅਗੰਮ, ਅਗੋਚਰ ਅਤੇ ਨਿਰਾਲੇ ਸਨ। ਆਪ ਜੀ ਦੇ ਹਿਰਦੇ ਵਿਚ ਸਾਰੀ ਮਨੁੱਖਤਾ ਪ੍ਰਤੀ ਪਿਆਰ ਦੀ ਅਸਚਰਜ ਸੁਗੰਧੀ ਅਤੇ ਨਾਮ ਦੀ ਫੁਹਾਰ ਸਮੋਈ ਹੋਈ ਸੀ। ਉਸ ਸਮੇਂ ਮਨੁੱਖਤਾ ਦਾ ਕੋਈ ਮਾਣਮੱਤਾ ਆਦਰਸ਼ ਅਤੇ ਅਣਖ ਵਾਲਾ ਜੀਵਨ ਨਹੀਂ ਸੀ ਰਹਿ ਗਿਆ। ਗਰੀਬੀ, ਅਨਪੜ੍ਹਤਾ, ਅਗਿਆਨਤਾ ਅਤੇ ਤਸ਼ੱਦਦ ਦੇ ਮਾਰੇ ਹੋਏ ਲੋਕ ਪਪੀਹਿਆਂ ਵਾਂਗ ਸਵਾਂਤੀ ਬੂੰਦ ਲਈ ਕੁਰਲਾ ਰਹੇ ਸਨ। ਨੌਵੇਂ ਪਾਤਸ਼ਾਹ ਜੀ ਜ਼ਖ਼ਮੀ ਹੋਈ ਧਰਤੀ ਉਤੇ ਹਮਦਰਦੀ ਦੀ ਮੱਲ੍ਹਮ ਲਾਉਂਦੇ ਹੋਏ, ਪੈਰਾਂ ਥੱਲੇ ਰੁਲ ਰਹੀ ਜ਼ਿੰਦਗੀ ਵਿਚ ਤਾਣ ਭਰਦੇ ਹੋਏ, ਲੋਕਾਂ ਵਿਚ ਰੂਹਾਨੀ ਚੇਤੰਨਤਾ ਜਗਾਉਂਦੇ ਹੋਏ, ਆਪ ਹੀ ਸ਼ਾਨ ਨਾਲ ਮਕਤਲ ਵੱਲ ਜਾ ਰਹੇ ਸਨ। ਤਿਲਕ ਜੰਞੂ ਦੀ ਰਾਖੀ ਲਈ ਸ਼ਹੀਦੀ ਗਾਨਾ ਬੰਨ੍ਹ ਕੇ ਜਾ ਰਹੇ ਸਤਿਗੁਰ ਜੀ ਕਦਮ ਕਦਮ 'ਤੇ ਮਿਹਰਾਂ, ਬਖ਼ਸ਼ਿਸ਼ਾਂ, ਖੁਸ਼ੀਆਂ, ਅਸੀਸਾਂ ਅਤੇ ਮੁਹੱਬਤਾਂ ਦੀਆਂ ਝੜੀਆਂ ਲਾਉਂਦੇ ਰਹੇ ਸਨ। ਆਪ ਜੀ ਦੇ ਸੂਰਜੀ ਦੀਦਾਰ, ਪਿਆਰ ਅਤੇ ਧਰਵਾਸ ਨੇ ਧਰਤੀ ਦੇ ਨਕਸ਼ਾਂ ਨੂੰ ਸੰਵਾਰਿਆ ਅਤੇ ਸ਼ਿੰਗਾਰਿਆ। ਦਿਲਨਿਵਾਜ਼ ਅਤੇ ਗਰੀਬ-ਨਿਵਾਜ਼ ਪਾਤਸ਼ਾਹ ਜੀ ਸਾਰਿਆਂ ਦੀਆਂ ਮਨੋਕਾਮਨਾਵਾਂ ਪੂਰੀਆਂ ਕਰਦੇ ਹੋਏ, ਲੋਕਾਂ ਦੇ ਡਰ ਤੋਖ਼ਲੇ ਦੂਰ ਕਰਦੇ ਹੋਏ ਆਗਰੇ ਪਹੁੰਚੇ। ਉੱਥੇ ਇਕ ਬਿਰਧ ਮਾਈ ਨੇ ਆਪਣੇ ਹੱਥੀਂ ਸੂਤ ਕੱਤ ਕੇ ਇਕ ਖੱਦਰ ਦਾ ਥਾਨ ਬੁਣਿਆ ਸੀ ਅਤੇ ਦਿਨ-ਰਾਤ ਬੇਨਤੀਆਂ ਕਰਦੀ ਸੀ ਕਿ ਪਾਤਸ਼ਾਹ ਜੀ ਆਪ ਆ ਕੇ ਉਸ ਦੀ ਪ੍ਰੇਮ-ਭੇਟਾ ਸਵਿਕਾਰ ਕਰਨ। ਮਹਾਰਾਜ ਜੀ ਨੇ ਆ ਕੇ ਮਾਈ ਦੀ ਰੀਝ ਪੂਰੀ ਕੀਤੀ ਜਿੱਥੇ ਹੁਣ ਗੁਰਦੁਆਰਾ ਮਾਈਥਾਨ ਸਾਹਿਬ ਸੁਸ਼ੋਭਿਤ ਹੈ। ਆਗਰੇ ਵਿਚ ਹੀ ਇਕ ਬਜ਼ੁਰਗ ਗਰੀਬ ਹਸਨ ਅਲੀ ਨਾਂ ਦਾ ਸੱਯਦ ਰਹਿੰਦਾ ਸੀ। ਸਰਕਾਰ ਵੱਲੋਂ ਹੁਕਮ ਸੀ ਕਿ ਜੋ ਸਤਿਗੁਰੂ ਜੀ ਨੂੰ ਫੜਾਵੇਗਾ ਉਸ ਨੂੰ ੫੦੦ ਮੋਹਰ ਇਨਾਮ ਵਜੋਂ ਦਿੱਤੀ ਜਾਏਗੀ। ਉਹ ਮਨ ਹੀ ਮਨ ਬੇਨਤੀ ਕਰਦਾ ਸੀ ਕਿ ਜੇ ਮਹਾਰਾਜ ਜੀ ਮੇਰੇ ਰਾਹੀਂ ਗ੍ਰਿਫਤਾਰ ਹੋ ਜਾਣ ਤਾਂ

ਮੋਹਰਾਂ ਮਿਲਣ ਤੇ ਮੈਂ ਆਪਣੀਆਂ ਧੀਆਂ ਦਾ ਵਿਆਹ ਕਰ ਸਕਾਂਗਾ। ਭਲੇ ਬੁਰੇ ਦੀ ਪੀੜ ਪਛਾਣਨ ਵਾਲੇ ਪਾਤਸ਼ਾਹ ਜੀ ਆਗਰੇ ਦੇ ਉਸ ਬਾਗ਼ ਵਿਚ ਜਾ ਬਿਰਾਜੇ ਜਿੱਥੇ ਹਸਨ ਅਲੀ ਬੱਕਰੀਆਂ ਚਰਾ ਰਿਹਾ ਸੀ। ਮਹਾਰਾਜ ਜੀ ਨੇ ਆਪਣੀ ਕੀਮਤੀ ਮੁੰਦਰੀ ਅਤੇ ਦੁਸ਼ਾਲਾ ਦੇ ਕੇ ਉਸ ਕੋਲੋਂ ਮਠਿਆਈ ਮੰਗਵਾਈ। ਹਲਵਾਈ ਨੂੰ ਸ਼ੱਕ ਹੋ ਗਿਆ ਅਤੇ ਉਸ ਨੇ ਕੋਤਵਾਲ ਨੂੰ ਦੱਸ ਦਿੱਤਾ। ਮਹਾਰਾਜ ਜੀ ਨੇ ਉਸ ਗਰੀਬੀ ਆਜੜੀ ਨੂੰ ਇਨਾਮ ਦੀ ਰਕਮ ਦਿਵਾਈ ਤਾਂ ਉਸਦੀਆਂ ਅੱਖਾਂ ਭਰ ਆਈਆਂ। ਕਰੁਣਾ ਦੇ ਸਾਗਰ ਨੇ ਉਸ ਨੂੰ ਧੀਰਜ ਦਿੱਤਾ ਅਤੇ ਆਪ ਗ੍ਰਿਫ਼ਤਾਰ ਹੋ ਗਏ।

ਕੋਤਵਾਲ ਨੇ ਆਪ ਜੀ ਨੂੰ ਸ਼ਾਹੀ ਬਾਗ਼ ਵਿੱਚੋਂ ਗ੍ਰਿਫ਼ਤਾਰ ਕਰ ਕੇ ਨੇੜੇ ਹੀ ਇਕ ਕਿਲ੍ਹਾ-ਨੁਮਾ ਸ਼ਾਹੀ ਇਮਾਰਤ ਦੇ ਹਨੇਰੇ ਤਹਿਖਾਨੇ ਵਿਚ ਕੈਦ ਕਰ ਦਿੱਤਾ ਜਿੱਥੇ ਹੁਣ ਗੁਰਦੁਆਰਾ ਗੁਰੂ ਕਾ ਤਾਲ ਬਣਿਆ ਹੋਇਆ ਹੈ। ਔਰੰਗਜ਼ੇਬ ਦੇ ਹੁਕਮ ਅਨੁਸਾਰ ੧੨੦੦ ਸਵਾਰਾਂ ਦੇ ਸਖ਼ਤ ਪਹਿਰੇ ਵਿਚ ਪਾਤਸ਼ਾਹ ਜੀ ਨੂੰ ਦਿੱਲੀ ਲਿਆਂਦਾ ਗਿਆ ਅਤੇ ਇਕ ਉੱਜੜੀ ਹੋਈ ਹਵੇਲੀ ਵਿਚ ਨਜ਼ਰਬੰਦ ਕਰ ਦਿੱਤਾ। ਜਿਵੇਂ ਸੂਰਜ ਦੇ ਸਾਹਮਣੇ ਹਨੇਰਾ ਨਹੀਂ ਠਹਿਰ ਸਕਦਾ, ਇਉਂ ਹੀ ਆਪ ਜੀ ਦੇ ਇਲਾਹੀ ਪ੍ਰਕਾਸ਼ ਨੇ ਹਰ ਪਾਸੇ ਨਾਮ ਦੀ ਲੋਅ ਅਤੇ ਮਹਿਕ ਖਿਲਾਰ ਦਿੱਤੀ। ਹਵੇਲੀ ਵਿਚ ਰਹਿਣ ਵਾਲੀਆਂ ਬਦਰੂਹਾਂ, ਜਿੰਨ, ਭੂਤ, ਉੱਲੂ, ਚਮਗਿੱਦੜ ਅਤੇ ਸੱਪ, ਠੂੰਹੇਂ ਵੀ ਮੁਕਤ ਹੋ ਗਏ। ਔਰੰਗਜ਼ੇਬ ਦਾ ਹੁਕਮ ਸੀ ਕਿ ਕਿਸੇ ਵੀ ਤਰਕੀਬ, ਛਲ, ਕਪਟ ਜਾਂ ਡਰ ਲਾਲਚ ਨਾਲ ਆਪ ਨੂੰ ਇਸਲਾਮ ਵਿਚ ਲਿਆਂਦਾ ਜਾਵੇ। ਮਹਾਰਾਜ ਜੀ ਨੇ ਜਵਾਬ ਦਿੱਤਾ ਕਿ ਜਿਵੇਂ ਸਾਰੀਆਂ ਨਦੀਆਂ ਵੱਖੋ-ਵੱਖਰੇ ਰਸਤਿਆਂ ਰਾਹੀਂ ਸਮੁੰਦਰ ਵਿਚ ਜਾ ਮਿਲਦੀਆਂ ਹਨ ਉਸੇ ਤਰ੍ਹਾਂ ਵੱਖੋ-ਵੱਖਰੇ ਧਰਮ ਰੱਬ ਨੂੰ ਮਿਲਣ ਦੇ ਰਸਤੇ ਹਨ। ਕਿਸੇ ਨੂੰ ਜ਼ਬਰਦਸਤੀ ਉਸ ਦੇ ਧਰਮ ਤੋਂ ਵੱਖ ਕਰਨਾ ਰੱਬ ਨੂੰ ਮਨਜ਼ੂਰ ਨਹੀਂ। ਮਹਾਰਾਜ ਜੀ ਨੂੰ ਕਿਹਾ ਗਿਆ ਕਿ ਜਾਂ ਤਾਂ ਮੁਸਲਮਾਨ ਬਣ ਜਾਓ, ਜਾਂ ਕਰਾਮਾਤ ਦਿਖਾਓ ਨਹੀਂ ਤਾਂ ਕਤਲ ਕੀਤੇ ਜਾਓਗੇ। ਪਾਤਸ਼ਾਹ ਜੀ ਨੇ ਕਿਹਾ ਕਰਾਮਾਤ ਕਹਿਰ ਹੈ, ਧਰਮ ਦਾ ਬੀਜ ਰੱਖਣ ਲਈ ਅਸੀਂ ਆਪ ਹੀ ਸ਼ਹੀਦੀ ਦੇਣ ਆਏ ਹਾਂ। ਇਹ ਨਿਡਰ, ਸੱਚੇ ਅਤੇ ਨਿਧੜਕ ਬੋਲ ਹਕੂਮਤ ਤੋਂ ਜਰੇ ਨਾ ਗਏ। ਬਾਦਸ਼ਾਹ ਦੇ ਹੁਕਮ ਨਾਲ ਸੱਚੇ ਪਾਤਸ਼ਾਹ ਜੀ ਨੂੰ ਇਕ ਅਜਿਹੇ ਪਿੰਜਰੇ ਵਿਚ ਬੰਦ ਕਰ ਦਿੱਤਾ ਗਿਆ ਜਿਸ ਦੇ ਅੰਦਰ ਚਾਰੇ ਪਾਸੇ ਲੋਹੇ ਦੇ ਤਿੱਖੇ ਕਿੱਲ ਲੱਗੇ ਹੋਏ ਸਨ। ਮਹਾਰਾਜ ਜੀ ਨਾ ਇਸ ਵਿਚ ਬੈਠ ਸਕਦੇ ਸਨ, ਨਾ ਹੀ ਸਿੱਧੇ ਖੜ੍ਹੇ ਹੋ ਸਕਦੇ ਸਨ। ਆਪ ਜੀ ਦੇ ਪਾਵਨ ਸਰੀਰ ਨੂੰ ਅਨੇਕਾਂ ਖੇਚਲਾਂ ਦਿੱਤੀਆਂ ਗਈਆਂ। ਸਰਬ-ਸ਼ਕਤੀਆਂ ਦੇ ਮਾਲਕ ਹੁੰਦੇ ਹੋਏ ਵੀ ਆਪ ਜੀ ਨੇ ਇਕਰਸ, ਪ੍ਰਸੰਨ-ਚਿੱਤ ਸਾਰੇ ਕਸ਼ਟ ਸਹਾਰੇ। ਆਪ ਜੀ ਦਾ ਨੂਰਾਨੀ ਚਿਹਰਾ ਰੋਸ਼ਨੀ ਵੰਡਦਾ ਰਿਹਾ, ਕਦੇ ਵੀ ਨਾ ਮੁਰਝਾਇਆ। ਆਪ ਜੀ ਨੇ ਨਾ ਕੋਈ ਉਲਾਂਭਾ ਦਿੱਤਾ, ਨਾ ਕੋਈ ਗਿਲਾ ਕੀਤਾ ਅਤੇ ਨਾ ਹੀ ਕੋਈ ਸਰਾਪ ਦਿੱਤਾ।

ਦਇਆ ਅਤੇ ਤਰਸ ਦੇ ਸਮੁੰਦਰ ਨੇ ਦੁਖੀ ਮਨੁੱਖਤਾ ਦੇ ਦਰਦ ਨਿਵਾਰਨ ਲਈ ਸਾਰੇ ਕਸ਼ਟ ਆਪਣੇ ਉੱਪਰ ਲੈ ਲਏ। ਆਪ ਜੀ ਨੇ ਦੁਖੀਆਂ ਨੂੰ ਆਪਣੇ ਪ੍ਰੇਮ ਦੀ ਛਤਰ-ਛਾਇਆ ਹੇਠ ਲੈ ਕੇ ਜ਼ੁਲਮਾਂ ਦੀ ਤਿੱਖੀ ਧੁੱਪ ਨੂੰ ਆਪਣੇ ਪਾਵਨ ਤਨ 'ਤੇ ਜਰਿਆ।

ਆਖਰ ਉਹ ਮੰਜ਼ਲ ਆ ਗਈ ਜਿੱਥੇ ਰੂਹਾਨੀ ਸੱਚੀ ਪਾਤਸ਼ਾਹੀ ਨੇ ਦੁਨਿਆਵੀ ਬਾਦਸ਼ਾਹੀ ਦੇ ਸਿਰ ਆਪਣੇ ਪਾਵਨ ਸਰੀਰ ਦਾ ਠੀਕਰਾ ਭੰਨਣਾ ਸੀ। ਅਜ਼ਾਦੀ ਦੇ ਮਤਵਾਲੇ, ਮਨੁੱਖਤਾ ਦੀ ਸੰਪੂਰਨ ਸੁਤੰਤਰਤਾ ਲਈ ਸੱਚ ਦੀ ਲਾਟ 'ਤੇ ਜਲ ਕੇ ਆਪ ਜੀ ਸਦੀਵੀ ਰੋਸ਼ਨੀ ਕਰਨ ਆਏ ਸਨ। ਜਬਰ ਦਾ ਟਾਕਰਾ ਸਬਰ ਨਾਲ ਕਰ ਕੇ ਸ਼ਾਨ ਨਾਲ ਜਿਊਣ ਮਰਨ ਦਾ ਢੰਗ ਸਿਖਾਉਣ ਆਏ ਸਨ। ਧਰਮ ਦੀ ਚਾਦਰ ਬਣ ਕੇ ਸ਼ਰਨ ਪਿਆਂ ਦੀ ਲਾਜ ਰੱਖਣ ਆਏ ਸਨ। ਔਰੰਗਜ਼ੇਬ ਨੇ ਕ੍ਰੋਧਵਾਨ ਹੋ ਕੇ ਮਹਾਰਾਜ ਜੀ ਦੀਆਂ ਅੱਖਾਂ ਸਾਹਮਣੇ ਆਪ ਜੀ ਦੇ ਪਿਆਰੇ ਸਿੱਖ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਨੂੰ ਅਕਹਿ ਅਤੇ ਅਸਹਿ ਕਸ਼ਟ ਦੇ ਕੇ ਸ਼ਹੀਦ ਕੀਤਾ। ਤਿੰਨਾਂ ਸਿੱਖਾਂ ਨੇ ਪੂਰੀ ਦ੍ਰਿੜ੍ਹਤਾ, ਨਿਰਭੈਤਾ ਅਤੇ ਚੜ੍ਹਦੀ ਕਲਾ ਨਾਲ ਸ਼ਹੀਦੀਆਂ ਦਿੱਤੀਆਂ। ਮਹਾਰਾਜ ਜੀ ਨੇ ਕਿਹਾ- "ਧੰਨ ਸਿੱਖੀ, ਧੰਨ ਸਿੱਖੀ"। ਮਹਾਰਾਜ ਜੀ ਨੂੰ ਚਾਂਦਨੀ ਚੌਕ ਲਿਆਂਦਾ ਗਿਆ। ਪਾਤਸ਼ਾਹ ਜੀ ਨੇ ਖੂਹ ਵਿਚ ਇਸ਼ਨਾਨ ਕੀਤਾ ਅਤੇ ਇਕ ਬੋਹੜ ਥੱਲੇ ਸਜ ਗਏ। ਉਸ ਦਿਨ ਸੂਰਜ ਵੀ ਉਦਾਸ ਸੀ। ਅਸਮਾਨ 'ਤੇ ਗਹਿਰ ਛਾਈ ਹੋਈ ਸੀ। ਇਕ ਵੇਰ ਫਿਰ ਆਪ ਜੀ ਨੂੰ ਦੀਨ ਕਬੂਲਣ ਲਈ ਜਾਂ ਕਰਾਮਾਤ ਦਿਖਾਉਣ ਲਈ ਕਿਹਾ ਗਿਆ। ਆਪ ਜੀ ਮੁਸਕਰਾਏ ਅਤੇ ਜੱਲਾਦ ਨੂੰ ਕਿਹਾ ਕਿ ਜਦੋਂ ਅਸੀਂ ਸ੍ਰੀ ਜਪੁਜੀ ਸਾਹਿਬ ਜੀ ਦਾ ਭੋਗ ਪਾ ਕੇ ਸੀਸ ਝੁਕਾਵਾਂਗੇ, ਉਦੋਂ ਵਾਰ ਕਰ ਦੇਣਾ। ਨਾਲ ਦੀ ਨਾਲ ਭਿਅੰਕਰ ਤੂਫ਼ਾਨ ਆਇਆ ਅਤੇ ਹਰ ਪਾਸੇ ਹਨੇਰਾ ਹੋ ਗਿਆ। ਮਹਾਰਾਜ ਜੀ ਦਾ ਪਾਵਨ ਸੀਸ ਭਾਈ ਜੈਤਾ ਜੀ ਨੇ ਸਾਂਭ ਲਿਆ ਅਤੇ ਸੀਸ ਮਾਰਗ 'ਤੇ ਚੱਲ ਪਏ। ਭਾਈ ਲੱਖੀ ਸ਼ਾਹ ਜੀ ਲੁਬਾਣਾ ਨੇ ਪਾਤਸ਼ਾਹ ਜੀ ਦਾ ਪਵਿੱਤਰ ਧੜ ਆਪਣੇ ਬੈਲ ਗੱਡੇ ਵਿਚ ਰੂੰ ਵਿਚ ਲਪੇਟ ਲਿਆ। ਉਨ੍ਹਾਂ ਨੇ ਆਪਣੇ ਪਿੰਡ ਰਾਇਸੀਨਾ ਆ ਕੇ ਮਹਾਰਾਜ ਜੀ ਦੀ ਪਾਵਨ ਦੇਹ ਦਾ ਸਸਕਾਰ ਕਰਨ ਲਈ ਆਪਣੇ ਘਰ ਨੂੰ ਹੀ ਅੱਗ ਲਗਾ ਦਿੱਤੀ। ਧਰਤੀ ਤੋਂ ਹਾਹਾਕਾਰ ਅਤੇ ਅਰਸ਼ਾਂ ਵਿੱਚੋਂ ਜੈ ਜੈ ਕਾਰ ਦੀ ਧੁਨੀ ਉੱਠੀ। ਜਿਵੇਂ ਦਸਵੇਂ ਪਾਤਸ਼ਾਹ ਜੀ ਬਚਿਤ੍ਰ ਨਾਟਕ ਵਿਚ ਫੁਰਮਾਉਂਦੇ ਹਨ:

ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ॥
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ॥੧੬॥

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵਿਚ ਆਏ ਸੰਕੇਤ

*-ਸਤਵਿੰਦਰ ਸਿੰਘ ਫੂਲਪੁਰ**

ਅਲੰਕਾਰ ਵਿਚਾਰਾਂ, ਭਾਵਾਂ, ਸਚਿਆਈਆਂ ਵਿਚ ਸਪੱਸ਼ਟਤਾ, ਸੂਖਮਤਾ ਅਤੇ ਪ੍ਰਭਾਵ ਪੈਦਾ ਕਰਨ ਦੀ ਮਨੋਵਿਗਿਆਨਕ ਜੁਗਤ ਹੈ। ਅਲੰਕਾਰਾਂ ਵਿੱਚੋਂ ਦ੍ਰਿਸ਼ਟਾਂਤ ਇਕ ਅਰਥਾਲੰਕਾਰ ਹੈ। ਅਰਥਾਲੰਕਾਰ ਰਾਹੀਂ ਅਰਥ ਸੌਖੇ ਸਪੱਸ਼ਟ ਹੋ ਜਾਂਦੇ ਹਨ। ਇਸ ਵਿਚ ਕਿਸੇ ਪ੍ਰਸੰਗ ਜਾਂ ਵਸਤੂ ਦਾ ਪੂਰਾ ਗਿਆਨ ਕਰਾਉਣ ਲਈ ਕਿਸੇ ਸਮਾਨ ਗੁਣ ਵਾਲੀ ਵਸਤੂ ਦੀ ਉਦਾਹਰਨ ਦਿੱਤੀ ਜਾਂਦੀ ਹੈ। ਇਨ੍ਹਾਂ ਉਦਾਹਰਨਾਂ ਲਈ ਅਸੀਂ ਵਿਸ਼ਾਲ ਰੂਪ ਵਿਚ 'ਸੰਕੇਤ' ਸ਼ਬਦ ਵਰਤਿਆ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਜਿੱਥੇ ਸਰਲ ਸ਼ਬਦਾਵਲੀ ਦੇ ਕਾਰਨ ਸਾਧਾਰਨ ਸੂਝ ਦੇ ਬਹੁਤ ਨੇੜੇ ਹੈ, ਉੱਥੇ ਗੁਰੂ ਜੀ ਨੇ ਆਪਣੀ ਰੂਹਾਨੀ ਵਿਚਾਰਧਾਰਾ ਨੂੰ ਜਨ-ਸਾਧਾਰਨ ਦੀ ਚੇਤਨਾ ਵਿਚ ਉਤਾਰਨ ਲਈ ਬਹੁਤ ਸਾਰੇ ਸੰਕੇਤਾਂ ਦੀ ਵਰਤੋਂ ਕੀਤੀ ਹੈ। ਗੁਰੂ ਜੀ ਨੇ ਜੀਵਾਂ, ਵਸਤੂਆਂ ਅਤੇ ਇਤਿਹਾਸਿਕ ਮਿਥਿਹਾਸਿਕ ਕਥਾਵਾਂ ਦੇ ਦ੍ਰਿਸ਼ਟਾਂਤ/ਸੰਕੇਤ ਵਰਤੇ ਹਨ। ਸੰਸਾਰ ਦੀ ਛਿਨਭੰਗਰਤਾ ਦਾ ਬੋਧ ਕਰਾਉਣ ਲਈ 'ਬਾਦਰ ਕੀ ਛਾਈ', 'ਬਾਲੂ ਕੀ ਭੀਤ', 'ਧੂਏ ਕਾ ਪਹਾਰ', 'ਪਾਣੀ ਦਾ ਬੁਲਬੁਲਾ' ਆਦਿ ਸੰਕੇਤ ਵਰਤੇ ਹਨ। ਸੰਸਾਰ ਦੀ ਅਸਤਤਾ ਦਰਸਾਉਣ ਲਈ 'ਸੁਪਨੇ' ਦਾ ਸੰਕੇਤ ਦਿੱਤਾ ਹੈ। ਸੰਸਾਰ ਦੀ ਝੂਠੀ ਮੋਹ-ਮਾਇਆ ਨੂੰ 'ਮ੍ਰਿਗ ਤ੍ਰਿਸ਼ਨਾ' ਦੇ ਸੰਕੇਤ ਰਾਹੀਂ ਸਮਝਾਇਆ ਹੈ। ਨਾਮ-ਸਿਮਰਨ ਵਾਲੇ ਗੁਰਮੁਖ-ਜਨਾਂ ਦੀ ਸੁੱਖ-ਦੁੱਖ ਤੋਂ ਨਿਰਲੇਪ ਅਵਸਥਾ ਨੂੰ 'ਕੰਚਨ ਮਾਟੀ', 'ਕੰਚਨ ਲੋਹ' ਆਦਿ ਦ੍ਰਿਸ਼ਟਾਂਤਾਂ ਰਾਹੀਂ ਬਿਆਨ ਕੀਤਾ ਹੈ। ਦਰ-ਦਰ 'ਤੇ ਭਟਕਣ ਵਾਲੇ ਅਤੇ ਮਾਲਕ ਨਾਲ ਵਫ਼ਾਦਾਰੀ ਦੋਨਾਂ ਤਰ੍ਹਾਂ ਦੇ ਸੁਭਾਅ ਲਈ 'ਕੁੱਤੇ' ਦਾ ਦ੍ਰਿਸ਼ਟਾਂਤ ਦਿੱਤਾ ਹੈ। ਮਨ ਦੇ ਟੇਢੇਪਨ ਲਈ 'ਕੁੱਤੇ ਦੀ ਪੂਛ' ਨਾਲ ਤੁਲਨਾ ਦਿੱਤੀ ਹੈ। ਮਨੁੱਖ ਦੀ ਬੀਤਦੀ ਜਾ ਰਹੀ ਆਰਜਾ ਲਈ 'ਤਿੜਕੇ ਘੜੇ' ਦੀ ਉਦਾਹਰਨ ਦਿੱਤੀ ਹੈ। ਪਰਮਾਤਮਾ ਦੇ ਜਗਤ ਵਿਚ ਰਮੇ ਹੋਣ ਦਾ ਗਿਆਨ ਕਰਾਉਣ ਲਈ 'ਫੁੱਲ ਅੰਦਰ ਖ਼ੁਸ਼ਬੂ' ਅਤੇ 'ਸ਼ੀਸ਼ੇ ਵਿਚ ਅਕਸ' ਦੀ ਉਦਾਹਰਨ ਦਿੱਤੀ ਹੈ। ਪ੍ਰਭੂ ਨਾਲ ਪ੍ਰੇਮ ਲਈ 'ਮੱਛੀ ਦੇ ਪਾਣੀ ਨਾਲ ਪ੍ਰੀਤ' ਦਾ ਦ੍ਰਿਸ਼ਟਾਂਤ ਦਿੱਤਾ ਹੈ। ਧਰਮ ਕਰਮ ਦਾ ਹੰਕਾਰ ਕਰਨ ਵਾਲੇ ਲਈ 'ਕੁੰਚਰ ਇਸਨਾਨ' (ਹਾਥੀ ਦਾ ਨਹਾ ਕੇ ਫਿਰ ਪਿੰਡੇ ਉੱਪਰ ਚਿੱਕੜ ਪਾ ਲੈਣਾ) ਦੀ ਉਦਾਹਰਨ ਦਿੱਤੀ ਹੈ। ਮਨ ਦੀ ਕਠੋਰਤਾ ਦੱਸਣ ਲਈ 'ਪਾਣੀ ਵਿਚ ਨਾ ਭਿੱਜਣ ਵਾਲੇ ਪੱਥਰ' ਨਾਲ ਤੁਲਨਾ ਕੀਤੀ ਹੈ। ਪ੍ਰਭੂ-ਭਗਤੀ ਦਾ ਫਲ ਦੱਸਣ ਲਈ ਜਨ ਮਾਨਸਿਕਤਾ ਵਿਚ ਪ੍ਰਚਲਿਤ ਪਾਤਰਾਂ 'ਧ੍ਰੂ', 'ਅਜਾਮਤ',

* *ਸੰਪਾਦਕ, ਗੁਰਮਤਿ ਪ੍ਰਕਾਸ਼ ਅਤੇ ਗੁਰਮਤਿ ਗਿਆਨ। ਮੋ. ੯੯੧੪੪-੧੯੪੮੪*

'ਗਨਿਕਾ', 'ਪੰਚਾਲੀ' ਆਦਿ ਦੇ ਦ੍ਰਿਸ਼ਟਾਂਤ ਵਰਤੇ ਹਨ।

ਸੁਆਨ (ਕੁੱਤਾ): ਕੁੱਤੇ ਦੇ ਅਵਗੁਣ ਅਤੇ ਗੁਣ ਸੁਭਾਅ ਵਾਲੇ ਦੋਨਾਂ ਤਰ੍ਹਾਂ ਦੇ ਦ੍ਰਿਸ਼ਟਾਂਤ ਗੁਰੂ ਸਾਹਿਬ ਨੇ ਵਰਤੇ ਹਨ। ਅਵਾਰਾ ਕੁੱਤਾ, ਜਿਸ ਦਾ ਕੋਈ ਮਾਲਕ ਨਹੀਂ ਉਹ ਦਰ-ਦਰ 'ਤੇ ਭਟਕਦਾ ਫਿਰਦਾ ਹੈ, ਕਿਤੋਂ ਰੋਟੀ ਮਿਲ ਵੀ ਜਾਂਦੀ ਹੈ ਅਤੇ ਕਿਸੇ ਥਾਂ 'ਤੇ ਦੁਰਕਾਰ ਪੈਂਦੀ ਹੈ, ਸੋਟੀਆਂ ਵੀ ਵੱਜਦੀਆਂ ਹਨ।

ਇਸੇ ਤਰ੍ਹਾਂ ਮਨੁੱਖ ਜੋ ਆਪਣੇ ਮਾਲਕ ਦਾ ਨਹੀਂ ਬਣਿਆ ਭਾਵ ਗੁਰੂ ਵਾਲਾ ਨਹੀਂ ਬਣਿਆ ਉਹ ਸੁਖ ਦੀ ਤਲਾਸ਼ ਵਿਚ ਨਿਖਸਮੇ ਕੁੱਤੇ ਦੀ ਤਰ੍ਹਾਂ (ਕਦੀ ਕਿਸੇ ਦੇਹਧਾਰੀ ਦੇ ਦਰ 'ਤੇ, ਕਦੇ ਕਬਰਾਂ 'ਤੇ) ਦਰ-ਦਰ 'ਤੇ ਭਟਕਦਾ ਫਿਰਦਾ ਹੈ, ਪਰ ਉਸ ਨੂੰ ਸੁਖ ਕਿਤੋਂ ਨਹੀਂ ਮਿਲਦਾ ਸਗੋਂ ਦੁਖ ਭੋਗਦਾ ਹੈ। ਗੁਰੂ ਧਾਰਨ ਕਰਨ ਤੋਂ ਬਿਨਾਂ ਉਸ ਨੂੰ ਸੁਖ ਦੇ ਅਸਲ ਸਾਧਨ ਪ੍ਰਭੂ-ਭਗਤੀ ਦੀ ਸੋਝੀ ਨਹੀਂ ਪੈਂਦੀ:

ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ ਸੇਵ ਕਰਤ ਜਨ ਜਨ ਕੀ॥
ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧ ਰਾਮ ਭਜਨ ਕੀ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੪੧੧)

ਪਾਲਤੂ ਕੁੱਤਾ ਜੋ ਆਪਣੇ ਮਾਲਕ ਦਾ ਵਫ਼ਾਦਾਰ ਹੈ, ਆਪਣੇ ਮਾਲਕ ਦਾ ਦਰ ਛੱਡ ਕੇ ਹੋਰ ਕਿਧਰੇ ਨਹੀਂ ਜਾਂਦਾ, ਇਸ ਦੇ ਦ੍ਰਿਸ਼ਟਾਂਤ ਰਾਹੀਂ ਮਨੁੱਖ ਨੂੰ ਸਮਝਾਇਆ ਹੈ ਕਿ ਤੂੰ ਵੀ ਆਪਣੇ ਇੱਕੋ ਮਾਲਕ ਗੁਰੂ, ਪਰਮਾਤਮਾ ਦਾ ਦਰ ਫੜ ਲੈ ਅਤੇ ਇਕ ਮਨ ਇਕ ਚਿੱਤ ਹੋ ਕੇ ਨਾਮ-ਸਿਮਰਨ ਕਰਿਆ ਕਰ:

ਸੁਆਮੀ ਕੋ ਗ੍ਰਿਹੁ ਜਿਉ ਸਦਾ ਸੁਆਨ ਤਜਤ ਨਹੀ ਨਿਤ॥
ਨਾਨਕ ਇਹ ਬਿਧਿ ਹਰਿ ਭਜਉ ਇਕ ਮਨਿ ਹੁਇ ਇਕ ਚਿਤਿ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੮)

ਸੁਆਨ ਪੂਛ (ਕੁੱਤੇ ਦੀ ਪੂਛ): ਇਹ ਇਕ ਆਮ ਲੋਕ ਕਥਨ ਹੈ ਕਿ ਕੁੱਤੇ ਦੀ ਪੂਛ ਟੇਢੀ ਹੁੰਦੀ ਹੈ, ਉਹ ਕਿਸੇ ਵੀ ਯਤਨ ਨਾਲ ਸਿੱਧੀ ਨਹੀਂ ਹੁੰਦੀ। ਇਸ ਲਈ ਜਿਸ ਚੀਜ਼ ਵਿਚ ਸੁਧਾਰ ਨਾ ਕੀਤਾ ਜਾ ਸਕੇ ਉਸ ਨੂੰ ਕੁੱਤੇ ਦੀ ਪੂਛ ਨਾਲ ਤਸ਼ਬੀਹ ਦਿੱਤੀ ਜਾਂਦੀ ਹੈ। ਮਨ ਦਾ ਮੂਲ ਸੁਭਾਅ ਚੰਚਲ ਹੈ। ਚੰਚਲ ਮਨ ਦਾ ਵਿਸ਼ੇ-ਵਿਕਾਰਾਂ ਦੇ ਮਗਰ ਦੌੜਨਾ ਮਨ ਦਾ ਟੇਢਾਪਨ ਹੈ ਅਤੇ ਮਨ ਦਾ ਨਾਮ ਬਾਣੀ ਵਿਚ ਜੁੜਨਾ (ਸੁਧ ਜਾਣਾ) ਮਨ ਦਾ ਸਿੱਧਾ ਪਨ ਹੈ। ਪਰ ਇਸ ਚੰਚਲ ਮਨ ਨੂੰ ਸਾਧਣਾ ਕੁੱਤੇ ਦੀ ਪੂਛ ਨੂੰ ਸਿੱਧੀ ਕਰਨ ਦੀ ਨਿਆਈਂ ਔਖਾ ਕਾਰਜ ਹੈ। ਗੁਰੂ ਜੀ ਬਚਨ ਕਰਦੇ ਹਨ ਕਿ ਜਿਵੇਂ ਕੁੱਤੇ ਦੀ ਪੂਛ ਸਿੱਧੀ ਨਹੀਂ ਹੁੰਦੀ, ਇਸੇ ਤਰ੍ਹਾਂ ਮਨ ਦੀ ਪਰਮਾਤਮਾ ਵੱਲੋਂ ਲਾਪਰਵਾਹੀ ਹਟਦੀ ਨਹੀਂ, ਮੈਂ ਬਹੁਤ ਯਤਨ ਕੀਤਾ ਹੈ:

-ਸੁਆਨ ਪੂਛ ਜਿਉ ਭਇਓ ਨ ਸੂਧਉ ਬਹੁਤੁ ਜਤਨੁ ਮੈ ਕੀਨਉ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੩)

-ਸੁਆਨ ਪੂਛ ਜਿਉ ਹੋਇ ਨ ਸੂਧੋ ਕਹਿਓ ਨ ਕਾਨ ਧਰੈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੪੩੬)

ਬੇਸ਼ਕ ਕੁੱਤੇ ਦੀ ਪੂਛ ਸਿੱਧੀ ਨਾ ਹੋਵੇ ਪਰ ਗੁਰੂ ਕੋਲ ਮਨ ਨੂੰ ਸਿੱਧਾ ਕਰਨ ਦੀ ਜੁਗਤੀ ਵੀ ਹੈ। ਅਸੰਭਵ ਨੂੰ ਸੰਭਵ ਕਰਨ ਦਾ ਸਭ ਤੋਂ ਵੱਡਾ ਹਥਿਆਰ ਹੈ—ਅਰਦਾਸ। ਅਰਦਾਸ ਕਰੀਏ ਕਿ, ਹੇ ਪ੍ਰਭੂ! ਆਪਣੇ ਮੁੱਢ-ਕਦੀਮਾਂ ਦੇ ਪਿਆਰ ਵਾਲੇ ਸੁਭਾਅ ਦੀ ਲਾਜ ਰੱਖ ਤਾਂ ਹੀ ਮੈਂ ਤੇਰਾ ਨਾਮ ਜਪ ਸਕਦਾ ਹਾਂ:

ਨਾਨਕ ਲਾਜ ਬਿਰਦ ਕੀ ਰਾਖਹੁ ਨਾਮੁ ਤੁਹਾਰਉ ਲੀਨਉ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੩)

ਸੂਕਰ (ਸੂਰ), ਸੁਆਨ (ਕੁੱਤਾ): ਸੂਰ ਅਤੇ ਕੁੱਤੇ ਦਾ ਦ੍ਰਿਸ਼ਟਾਂਤ ਇੱਕੋ ਸਲੋਕ ਵਿਚ ਆਇਆ ਹੈ। ਸੂਰ ਗੰਦ ਖਾਂਦਾ ਹੈ ਅਤੇ ਅਵਾਰਾ ਕੁੱਤਾ ਵੀ ਗੰਦ ਨੂੰ ਮੂੰਹ ਮਾਰਦਾ ਹੈ। ਇਸ ਲਈ ਦੋਨਾਂ ਦਾ ਸਰੀਰ ਘਿਰਣਾ ਯੋਗ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਜਿਸ ਮਨੁੱਖ ਦੇ ਮਨ ਵਿਚ ਪਰਮਾਤਮਾ ਦੀ ਭਗਤੀ ਨਹੀਂ ਉਸ ਦਾ ਸਰੀਰ ਉਹੋ ਜਿਹਾ ਹੀ ਸਮਝੋ ਜਿਹੋ ਜਿਹਾ ਸੂਰ ਅਤੇ ਕੁੱਤੇ ਦਾ ਸਰੀਰ ਹੈ:

ਏਕ ਭਗਤਿ ਭਗਵਾਨ ਜਿਹ ਪ੍ਰਾਨੀ ਕੈ ਨਾਹਿ ਮਨਿ॥
ਜੈਸੇ ਸੂਕਰ ਸੁਆਨ ਨਾਨਕ ਮਾਨੋ ਤਾਹਿ ਤਨੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੮)

ਸੁਪਨਾ: ਵਿਦਵਾਨਾਂ ਨੇ ਮਨੁੱਖੀ ਚੇਤਨਾ ਦੀਆਂ ਤਿੰਨ ਅਵਸਥਾਵਾਂ ਜਾਗਰਤ, ਸੁਪਨ ਅਤੇ ਸਖੋਪਤਿ ਮੰਨੀਆਂ ਹਨ। ਸੁਪਨੇ ਵਿਚ ਮਨੁੱਖ ਰਾਜਾ ਬਣ ਕੇ ਬਹਿ ਜਾਂਦਾ ਹੈ, ਪਰ ਜਦੋਂ ਅੱਖਾਂ ਖੋਲ੍ਹਦਾ ਹੈ ਤਾਂ ਰਾਜ ਭਾਗ ਸਾਰੇ ਸੁਖ ਨਿਸਫਲ ਹੋ ਜਾਂਦੇ ਹਨ, ਕਿਉਂਕਿ ਸੁਪਨਾ ਅਸਲ ਵਿਚ ਸਤ ਨਹੀਂ। ਇਸ ਲਈ ਗੁਰੂ ਜੀ ਸੁਪਨੇ ਦੇ ਦ੍ਰਿਸ਼ਟਾਂਤ ਰਾਹੀਂ ਬਾਰ-ਬਾਰ ਜੀਵ ਨੂੰ ਸੰਸਾਰ ਦੀ ਨਾਸ਼ਵਾਨਤਾ ਦਾ ਗਿਆਨ ਕਰਾ ਕੇ ਪ੍ਰਭੂ-ਭਗਤੀ ਵੱਲ ਜੁੜਨ ਦੀ ਪ੍ਰੇਰਨਾ ਕਰਦੇ ਹਨ। ਮਨੁੱਖ ਆਪਣੇ ਸਰੀਰ ਨੂੰ ਸਭ ਤੋਂ ਵੱਧ ਆਪਣਾ ਸਮਝਦਾ ਹੈ, ਪਰ ਹਕੀਕਤ ਵਿਚ ਇਹ ਵੀ ਸੁਪਨੇ ਦੀ ਨਿਆਈਂ ਬਿਨਸਨਹਾਰ ਹੈ:

-ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੨੧੯)

-ਸਗਲ ਜਗਤੁ ਹੈ ਜੈਸੇ ਸੁਪਨਾ ਬਿਨਸਤ ਲਗਤ ਨ ਬਾਰ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੩)

-ਨਾਨਕ ਹਰਿ ਗੁਨ ਗਾਇ ਲੈ ਸਭ ਸੁਫਨ ਸਮਾਨਉ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੭੨੭)

ਕੁੰਚਰ ਇਸਨਾਨੁ: ਹਾਥੀ ਨਹਾ ਕੇ ਫਿਰ ਆਪਣੇ ਉੱਪਰ ਚਿੱਕੜ/ਸੁਆਹ ਪਾ

ਲੈਂਦਾ ਹੈ। ਧਰਮ-ਕਰਮ ਦਾ ਹੰਕਾਰ ਕਰਨ ਵਾਲੇ ਜੀਵ ਲਈ ਗੁਰੂ ਜੀ ਹਾਥੀ ਦੇ ਇਸ਼ਨਾਨ ਦਾ ਦ੍ਰਿਸ਼ਟਾਂਤ ਦਿੰਦੇ ਹਨ ਕਿ ਜੋ ਮਨੁੱਖ ਤੀਰਥ-ਇਸ਼ਨਾਨ ਕਰ ਕੇ, ਵਰਤ ਰੱਖ ਕੇ, ਦਾਨ-ਪੁੰਨ ਕਰ ਕੇ ਆਪਣੇ ਮਨ ਵਿਚ ਹੰਕਾਰ ਕਰਦਾ ਹੈ, ਉਸ ਦੇ ਸਾਰੇ ਕੀਤੇ ਹੋਏ ਧਰਮ-ਕਰਮ ਇੰਝ ਵਿਅਰਥ ਚਲੇ ਜਾਂਦੇ ਹਨ ਜਿਵੇਂ ਹਾਥੀ ਨਹਾ ਕੇ ਆਪਣੇ ਉੱਪਰ ਫਿਰ ਚਿੱਕੜ ਪਾ ਲੈਂਦਾ ਹੈ:

ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ॥
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੮)

ਧੂਏ ਕਾ ਪਹਾਰ: ਧੂੰਆਂ ਉੱਪਰ ਨੂੰ ਉਠ ਕੇ ਪਹਾੜ ਦਾ ਰੂਪ ਧਾਰਨ ਕਰ ਲਵੇ ਪਰ ਉਹ ਚਿਰੰਕਾਲ ਨਹੀਂ ਰਹਿ ਸਕਦਾ। ਹਵਾ ਦਾ ਇੱਕੋ ਬੁੱਲਾ ਉਸ ਨੂੰ ਉਡਾ ਕੇ ਲੈ ਜਾਂਦਾ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਇਹ ਜਗਤ ਤਾਂ ਮਾਨੋ ਧੂੰਏਂ ਦੇ ਪਹਾੜ ਦੀ ਨਿਆਈਂ ਹੈ, ਹੇ ਮਨੁੱਖ! ਤੂੰ ਕੀ ਵਿਚਾਰ ਕੇ ਇਸ ਨੂੰ ਸਾਚਾ ਭਾਵ ਸਦਾ ਕਾਇਮ ਰਹਿਣ ਵਾਲਾ ਮੰਨੀ ਬੈਠਾ ਹੈਂ:

ਇਹੁ ਜਗੁ ਧੂਏ ਕਾ ਪਹਾਰ ॥ ਤੈ ਸਾਚਾ ਮਾਨਿਆ ਕਿਹ ਬਿਚਾਰ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੮੬)

ਪਾਹਨੁ ਜਲ ਮਹਿ (ਪਾਣੀ ਵਿਚ ਪੱਥਰ): ਪੱਥਰ ਨੂੰ ਕਠੋਰ ਮੰਨਿਆ ਗਿਆ ਹੈ। ਕਠੋਰਤਾ ਦਾ ਗਿਆਨ ਕਰਾਉਣ ਲਈ ਪੱਥਰ ਦੀ ਉਦਾਹਰਨ ਦਿੱਤੀ ਜਾਂਦੀ ਹੈ ਜਿਵੇਂ 'ਫਲਾਣਾ ਬੜਾ ਪੱਥਰ ਦਿਲ ਇਨਸਾਨ ਹੈ।' ਜਿਵੇਂ ਪੱਥਰ ਨੂੰ ਪਾਣੀ ਵਿਚ ਰੱਖਣ ਨਾਲ ਉਹ ਅੰਦਰੋਂ ਭਿੱਜਦਾ ਨਹੀਂ ਇਸੇ ਤਰ੍ਹਾਂ ਕਠੋਰ ਮਨ ਇਨਸਾਨ ਦਾ ਹਿਰਦਾ ਕਿਸੇ ਦਾ ਦੁਖ ਵੇਖ ਕੇ ਪਸੀਜਦਾ ਨਹੀਂ, ਉਸ ਨੂੰ ਤਰਸ ਨਹੀਂ ਆਉਂਦਾ। ਭਗਤੀ ਤੋਂ ਸੱਖਣਾ ਅਧਰਮੀ ਮਨੁੱਖ ਵੀ ਕਠੋਰ ਚਿੱਤ ਹੁੰਦਾ ਹੈ ਉਹ ਹਮੇਸ਼ਾ ਦੂਸਰੇ ਲੋਕਾਂ ਨੂੰ ਦੁਖ ਹੀ ਦਿੰਦਾ ਹੈ:

ਜੈਸੇ ਪਾਹਨੁ ਜਲ ਮਹਿ ਰਾਖਿਓ ਭੇਦੈ ਨਾਹਿ ਤਿਹ ਪਾਨੀ॥
ਤੈਸੇ ਹੀ ਤੁਮ ਤਾਹਿ ਪਛਾਨਹੁ ਭਗਤਿ ਹੀਨ ਜੋ ਪ੍ਰਾਨੀ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੮੩੧)

ਪੁਹਪ, ਬਾਸੁ, ਮੁਕਰ, ਛਾਈ (ਫੁੱਲ, ਖ਼ੁਸ਼ਬੋ, ਸ਼ੀਸ਼ਾ, ਅਕਸ): ਗੁਰੂ ਸਾਹਿਬ ਮਨੁੱਖ ਨੂੰ ਉਸ ਦੇ ਹਿਰਦੇ ਵਿਚ ਇਕ ਰਸ ਨਿਰੰਤਰ ਪਰਮਾਤਮਾ ਦੇ ਵਸਦਾ ਹੋਣ ਦਾ ਬੋਧ ਕਰਾਉਣ ਲਈ 'ਫੁੱਲ ਵਿਚ ਸੁਗੰਧੀ' ਅਤੇ 'ਸ਼ੀਸ਼ੇ ਵਿਚ ਅਕਸ' ਦਾ ਦ੍ਰਿਸ਼ਟਾਂਤ ਦੇ ਕੇ ਸਮਝਾਉਂਦੇ ਹਨ ਕਿ, ਹੇ ਭਾਈ! ਜਿਸ ਤਰ੍ਹਾਂ ਫੁੱਲ ਦੇ ਅੰਦਰ ਸੁਗੰਧੀ ਮੌਜੂਦ ਹੈ ਉਸ ਦੇ ਕੋਲ ਜਾਣ 'ਤੇ ਅਸੀਂ ਸੁਗੰਧੀ ਦੀ ਹੋਂਦ ਨੂੰ ਮਹਿਸੂਸ ਕਰ ਸਕਦੇ ਹਾਂ, ਜਿਵੇਂ ਸ਼ੀਸ਼ੇ (ਦਰਪਣ) ਦੇ ਵਿਚ ਸ਼ੀਸ਼ਾ ਵੇਖਣ ਵਾਲੇ ਦੀ ਛਾਈ (ਅਕਸ) ਮੌਜੂਦ

ਹੁੰਦਾ ਹੈ ਇਸੇ ਤਰ੍ਹਾਂ ਪਰਮਾਤਮਾ ਤੇਰੇ ਹਿਰਦੇ ਵਿਚ ਹੀ ਵਸਦਾ ਹੈ, ਉਸ ਨੂੰ ਨਾਮ-ਸਿਮਰਨ ਦੀ ਜੁਗਤੀ ਨਾਲ ਹਿਰਦੇ ਵਿੱਚੋਂ ਹੀ ਖੋਜ, ਅਨੁਭਵ ਕਰ। ਉਸ ਨੂੰ ਲੱਭਣ ਲਈ ਬਾਹਰ ਜੰਗਲਾਂ ਪਰਬਤਾਂ ਤੇ ਭਟਕਣ ਦੀ ਲੋੜ ਨਹੀਂ:

ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥
ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੬੮੪)

ਫੂਟੈ ਘਟ ਜਿਉ ਪਾਨੀ (ਤਿੜਕੇ ਘੜੇ ਦਾ ਪਾਣੀ): ਤਿੜਕੇ ਘੜੇ ਦਾ ਪਾਣੀ ਸਮੇਂ ਦੇ ਬੀਤਣ ਦਾ ਪ੍ਰਤੀਕ ਹੈ। ਗੁਰੂ ਸਾਹਿਬ ਜੀਵ ਨੂੰ ਸਿਮਰਨ ਦੀ ਤਾਕੀਦ ਕਰਦੇ ਹੋਏ ਬਚਨ ਕਰਦੇ ਹਨ ਕਿ ਜਿਸ ਤਰ੍ਹਾਂ ਤਿੜਕੇ ਹੋਏ ਘੜੇ ਵਿੱਚੋਂ ਸਹਿਜੇ-ਸਹਿਜੇ ਪਾਣੀ ਵਗਦਾ ਜਾਂਦਾ ਹੈ ਅਤੇ ਅਖੀਰ ਘੜਾ ਖਾਲੀ ਹੋ ਜਾਂਦਾ ਹੈ, ਇਸੇ ਤਰ੍ਹਾਂ ਇਕ-ਇਕ ਛਿਨ ਕਰਕੇ ਉਮਰ ਬੀਤਦੀ ਜਾ ਰਹੀ ਹੈ, ਅੰਤ ਨੂੰ ਸੁਆਸਾਂ ਦੀ ਪੂੰਜੀ ਖ਼ਤਮ ਹੋ ਜਾਵੇਗੀ। ਇਸ ਲਈ ਦਿਨ-ਰਾਤ ਵਾਹਿਗੁਰੂ ਦਾ ਸਿਮਰਨ ਕਰਿਆ ਕਰ:

ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੭੨੬)

ਬਾਦਰ ਕੀ ਛਾਈ: ਬੱਦਲ ਦੀ ਛਾਂ ਅਸਥਾਈ ਹੈ, ਛਿਣਭੰਗਰ ਹੈ, ਇਹ ਕਿਸੇ ਵੀ ਯਤਨ ਸਦਕਾ ਰੋਕੀ ਜਾ ਸਕਣ ਵਾਲੀ ਨਹੀਂ। ਇਹ ਦੁਨਿਆਵੀ ਸੱਚ ਹੈ ਕਿ ਜੇਕਰ ਕੋਈ ਬਿਨਸਨਹਾਰ ਸ਼ੈਅ ਦੇ ਨਾਲ ਪ੍ਰੀਤ ਪਾ ਲਵੇ, ਸਨੇਹ ਵਧਾ ਲਵੇ ਤਾਂ ਅਖੀਰ ਉਸ ਸ਼ੈਅ ਦੇ ਬਿਨਸ ਜਾਣ 'ਤੇ ਮਾਨਸਿਕ ਪੀੜਾ ਦਾ ਸੰਤਾਪ ਹੰਢਾਉਣਾ ਪੈਂਦਾ ਹੈ। ਸਮਾਜ ਅੰਦਰ ਅਜਿਹੀਆਂ ਉਦਾਹਰਨਾਂ ਵੀ ਮਿਲਦੀਆਂ ਹਨ ਕਿ ਕਈ ਵਾਰ ਮਨੁੱਖ ਅਜਿਹੇ ਹਾਲਾਤਾਂ ਕਾਰਨ ਅਜਿਹੇ ਮਾਨਸਿਕ ਤਨਾਅ ਵਿਚ ਚਲਿਆ ਜਾਂਦਾ ਹੈ ਕਿ ਉਹ ਪਰਿਵਾਰ, ਦੇਸ਼-ਧਰਮ ਦੇ ਕਿਸੇ ਕਾਰਜ-ਗੋਚਰ ਵੀ ਨਹੀਂ ਰਹਿੰਦਾ। ਜੇਕਰ ਪਦਾਰਥਕ ਮੋਹ ਤੋਂ ਨਿਰਲੇਪ ਰਹਿ ਕੇ ਸਦਾ ਥਿਰ ਰਹਿਣ ਵਾਲੇ ਪਰਮਾਤਮਾ ਦੇ ਨਾਲ ਪ੍ਰੀਤ ਪਾਈ ਜਾਵੇ, ਨਾਮ ਸਿਮਰਿਆ ਜਾਵੇ ਤਾਂ ਸੁਰਤ ਬਲਵਾਨ ਹੁੰਦੀ ਹੈ ਫਿਰ ਕਦੇ ਵੀ ਮਾਨਸਿਕ ਸੰਤਾਪ ਨਹੀਂ ਵਿਆਪਦੇ। ਗੁਰੂ ਸਾਹਿਬ ਦ੍ਰਿਸ਼ਟਮਾਨ ਸੰਸਾਰ ਦੇ ਬਿਨਸਨਹਾਰ ਹੋਣ ਦਾ ਬੋਧ ਕਰਦੇ ਫੁਰਮਾਨ ਕਰਦੇ ਹਨ:

-ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੨੧੯)

-ਕਾਂ ਕੋ ਤਨੁ ਧਨੁ ਸੰਪਤਿ ਕਾਂ ਕੀ ਕਾ ਸਿਉ ਨੇਹੁ ਲਗਾਹੀ॥
ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਹੀ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੩੧)

ਬਾਲੂ ਭੀਤਿ, ਬਾਰੂ ਭੀਤਿ (ਰੇਤ ਦੀ ਦੀਵਾਰ): ਬੱਚੇ ਨਦੀ ਕਿਨਾਰੇ ਰੇਤ ਦਾ ਘਰ ਬਣਾ ਕੇ ਖੇਡਦੇ ਹਨ, ਛੋਟੀ ਜਿਹੀ ਪਾਣੀ ਦੀ ਛੱਲ ਆਉਂਦੀ ਹੈ ਘਰ ਢੱਠ

ਜਾਂਦਾ ਹੈ। ਗੁਰੂ ਜੀ ਇਸ ਦ੍ਰਿਸ਼ਟਾਂਤ ਰਾਹੀਂ ਸੰਸਾਰ ਦੀ ਨਾਸ਼ਵਾਨਤਾ ਬਾਰੇ ਸਮਝਾਉਂਦੇ ਹਨ:

-ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ॥
ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੯)

-ਬਾਰੂ ਭੀਤਿ ਬਨਾਈ ਰਚਿ ਪਚਿ ਰਹਤ ਨਹੀ ਦਿਨ ਚਾਰਿ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੩)

ਧਰਤੀ ਉੱਪਰ ਬੜੇ ਬੜੇ ਛੜਪਤੀ ਰਾਜੇ ਹੋ ਗੁਜ਼ਰੇ, ਇੱਥੇ ਕਿਸੇ ਦਾ ਰਾਜ ਵੀ ਸਥਿਰ ਨਹੀਂ ਹੈ:

ਬਾਰੂ ਕੀ ਭੀਤਿ ਜੈਸੇ ਬਸੁਧਾ ਕੋ ਰਾਜੁ ਹੈ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੫੨)

ਮੀਨੁ, ਜਲ ਕਉ ਮੀਨੁ (ਮੱਛੀ ਅਤੇ ਪਾਣੀ): ਸੱਚੀ ਪ੍ਰੀਤ ਲਈ ਮੱਛੀ ਅਤੇ ਪਾਣੀ ਦੀ ਉਦਾਹਰਨ ਦਿੱਤੀ ਜਾਂਦੀ ਹੈ। ਮੱਛੀ ਦਾ ਜੀਵਨ ਪਾਣੀ ਹੈ, ਪਾਣੀ ਨਾਲੋਂ ਵਿੱਛੜ ਕੇ ਮੱਛੀ ਦੀ ਮੌਤ ਹੈ। ਗੁਰੂ ਸਾਹਿਬ ਮਨ ਨੂੰ ਸਮਝਾਉਂਦੇ ਹਨ ਕਿ, ਹੇ ਮਨ! ਤੂੰ ਪਰਮਾਤਮਾ ਦਾ ਭਜਨ ਕਰਿਆ ਕਰ ਅਤੇ ਉਸ ਪ੍ਰਭੂ ਨੂੰ ਇਸ ਤਰ੍ਹਾਂ ਆਪਣੇ ਜੀਵਨ ਦਾ ਆਸਰਾ ਬਣਾ ਜਿਵੇਂ ਮੱਛੀ ਪਾਣੀ ਨੂੰ ਆਪਣੀ ਜਿੰਦ ਦਾ ਆਸਰਾ ਬਣਾਉਂਦੀ ਹੈ:

ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੬)

ਮੂਰਤਿ ਚਿਤ੍ਰ, ਭੀਤਿ (ਕੰਧ ਵਿਚ ਚਿਤਰੀ ਹੋਈ ਮੂਰਤ): ਗੁਰੂ ਜੀ ਫੁਰਮਾਉਂਦੇ ਹਨ ਜਿਵੇਂ ਕੰਧ ਉੱਤੇ ਕਿਸੇ ਮੂਰਤੀ ਦਾ ਉਲੀਕਿਆ ਹੋਇਆ ਰੂਪ ਕੰਧ ਨੂੰ ਨਹੀਂ ਛੱਡਦਾ, ਇਸੇ ਤਰ੍ਹਾਂ ਜਿਸ ਦਾ ਮਨ ਮਾਇਆ ਦੇ ਮੋਹ ਵਿਚ ਫਸ ਜਾਂਦਾ ਹੈ ਉਹ ਇਸ ਮੋਹ ਵਿੱਚੋਂ ਛੇਤੀ ਨਹੀਂ ਨਿਕਲ ਸਕਦਾ:

ਮਨੁ ਮਾਇਆ ਮੈ ਰਮਿ ਰਹਿਓ ਨਿਕਸਤ ਨਾਹਿਨ ਮੀਤ॥
ਨਾਨਕ ਮੂਰਤਿ ਚਿਤ੍ਰ ਜਿਉ ਛਾਡਿਤ ਨਾਹਿਨ ਭੀਤਿ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੮)

ਮ੍ਰਿਗ ਤ੍ਰਿਸ਼ਨਾ: ਮਾਰੂਥਲ ਦੇ ਇਲਾਕੇ ਵਿਚ ਸੂਰਜ ਦੀਆਂ ਕਿਰਨਾਂ ਨਾਲ ਜਦੋਂ ਰੇਤ ਦੇ ਕਣ ਚਮਕਦੇ ਹਨ ਤਾਂ ਦੂਰੋਂ ਪਾਣੀ ਦਾ ਭੁਲੇਖਾ ਪੈਂਦਾ ਹੈ। ਤਿਹਾਇਆ ਹਿਰਨ ਉਸ ਨੂੰ ਪਾਣੀ ਸਮਝ ਕੇ ਆਪਣੀ ਤੇਹ ਬੁਝਾਉਣ ਲਈ ਉਧਰ ਨੱਠਦਾ ਹੈ। ਉੱਥੇ ਪਹੁੰਚ ਕੇ ਉਸ ਨੂੰ ਪਾਣੀ ਅਜੇ ਹੋਰ ਅੱਗੇ ਭਾਸਦਾ ਹੈ ਅਤੇ ਉਹ ਹੋਰ ਅੱਗੇ ਦੀ ਅੱਗੇ ਭੱਜਦਾ ਪ੍ਰਾਣ ਤਿਆਗ ਦਿੰਦਾ ਹੈ ਪਰ ਅਸਲ ਵਿਚ ਪਾਣੀ ਤਾਂ ਕਿਤੇ ਹੈ ਹੀ ਨਹੀਂ ਸੀ। ਬਸ ਪਾਣੀ ਦਾ ਭੁਲੇਖਾ ਸੀ। ਇਸ ਫਰੇਬ ਦੇ ਪਾਣੀ ਨੂੰ 'ਮ੍ਰਿਗ ਤ੍ਰਿਸ਼ਨਾ' ਜਾਂ

'ਠਗ-ਨੀਰਾ' ਕਿਹਾ ਜਾਂਦਾ ਹੈ। ਗੁਰੂ ਜੀ ਇਸ ਦ੍ਰਿਸ਼ਟਾਂਤ ਰਾਹੀਂ ਮਨੁੱਖ ਨੂੰ ਸਮਝਾਉਂਦੇ ਹਨ ਕਿ ਇਹ ਜਗਤ ਵੀ ਮ੍ਰਿਗ ਤ੍ਰਿਸ਼ਨਾ ਦੀ ਨਿਆਈਂ ਹੈ। ਮਨੁੱਖ ਵੀ ਮਾਇਆ ਰੂਪੀ ਜਗਤ ਦੇ ਪਦਾਰਥਾਂ ਪਿੱਛੇ ਦੌੜਦਾ-ਦੌੜਦਾ ਆਤਮਿਕ ਮੌਤੇ ਮਰ ਜਾਂਦਾ ਹੈ ਪਰ ਹੱਥ ਕੁਝ ਨਹੀਂ ਆਉਂਦਾ:

-ਮ੍ਰਿਗ ਤ੍ਰਿਸਨਾ ਜਿਉ ਝੂਠੋ ਇਹੁ ਜਗ ਦੇਖਿ ਤਾਸਿ ਉਠਿ ਧਾਵੈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੨੧੯)

-ਮ੍ਰਿਗ ਤ੍ਰਿਸਨਾ ਜਿਉ ਜਗ ਰਚਨਾ ਯਹ ਦੇਖਹੁ ਰਿਦੈ ਬਿਚਾਰਿ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੫੩੬)

ਜਿਸ ਤਰ੍ਹਾਂ ਸੂਰਜ ਦੇ ਢਲਣ ਨਾਲ ਮ੍ਰਿਗ ਤ੍ਰਿਸ਼ਨਾ ਦੀ ਅਸਲੀਅਤ ਸਮਝ ਆ ਜਾਂਦੀ ਹੈ, ਇਸ ਦੇ ਵਿਪਰੀਤ ਹਿਰਦੇ ਵਿਚ ਗੁਰੂ ਦੇ ਗਿਆਨ ਦਾ ਸੂਰਜ ਉਦੈ ਹੋਣ ਨਾਲ ਜਗਤ ਰੂਪੀ ਮ੍ਰਿਗ ਤ੍ਰਿਸ਼ਨਾ ਦੀ ਅਸਲੀਅਤ ਸਮਝ ਪੈਂਦੀ ਹੈ।

ਪੌਰਾਣਿਕ ਕਥਾਵਾਂ, ਪਾਤਰਾਂ ਦੇ ਦ੍ਰਿਸ਼ਟਾਂਤ: ਗੁਰੂ ਜੀ ਨੇ ਆਪਣੀ ਬਾਣੀ ਅੰਦਰ ਲੋਕ ਮਨਾਂ ਵਿਚ ਪ੍ਰਚਲਿਤ ਪੌਰਾਣਿਕ ਕਥਾਵਾਂ ਅਤੇ ਪਾਤਰਾਂ ਦੇ ਦ੍ਰਿਸ਼ਟਾਂਤ ਵੀ ਵਰਤੇ ਹਨ। ਜਿਵੇਂ ਪ੍ਰਭੂ ਦੀ ਮਹਿਮਾ ਦਾ ਵਰਣਨ ਕਰਨ ਲਈ ਪੌਰਾਣਿਕ ਪਾਤਰਾਂ ਦੀ ਉਦਾਹਰਨ ਦਿੱਤੀ ਹੈ ਜਿਨ੍ਹਾਂ ਦਾ ਪ੍ਰਭੂ-ਭਗਤੀ ਕਾਰਨ ਉੱਧਾਰ ਹੋਇਆ ਮੰਨਿਆ ਗਿਆ ਹੈ। ਜਿਵੇਂ—'ਨਾਰਦ', 'ਅਜਾਮਲ', 'ਧ੍ਰੂ', 'ਪੰਚਾਲੀ' (ਦਰੋਪਦੀ), ਗਨਕਾ ਆਦਿ।

-ਹਰਿ ਕੋ ਨਾਮੁ ਸਦਾ ਸੁਖਦਾਈ॥
ਜਾ ਕਉ ਸਿਮਰਿ ਅਜਾਮਲੁ ਉਧਰਿਓ ਗਨਿਕਾ ਹੂ ਗਤਿ ਪਾਈ॥੧॥ ਰਹਾਉ॥...
ਪੰਚਾਲੀ ਕਉ ਰਾਜ ਸਭਾ ਮਹਿ ਰਾਮ ਨਾਮ ਸੁਧਿ ਆਈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੦੮)

-ਜਿਹ ਸਿਮਰਤ ਗਨਕਾ ਸੀ ਉਧਰੀ ਤਾ ਕੋ ਜਸੁ ਉਰ ਧਾਰੋ॥੧॥ਰਹਾਉ॥
ਅਟਲ ਭਇਓ ਧ੍ਰੂਅ ਜਾ ਕੈ ਸਿਮਰਨਿ ਅਰੁ ਨਿਰਭੈ ਪਦੁ ਪਾਇਆ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੨)

ਰਾਮੁ ਅਤੇ ਰਾਵਨੁ (ਰਾਵਣ): ਅਯੁੱਧਿਆ ਦੇ ਰਾਜਾ ਸ੍ਰੀ ਰਾਮ ਚੰਦਰ ਜੀ ਅਤੇ ਲੰਕਾ ਦਾ ਰਾਜਾ ਰਾਵਣ ਭਾਰਤੀ ਮਾਨਸਿਕਤਾ ਦੇ ਦੋ ਬੜੇ ਅਹਿਮ ਪਾਤਰ ਹਨ। ਇਨ੍ਹਾਂ ਦੋਨਾਂ ਦਾ ਦ੍ਰਿਸ਼ਟਾਂਤ ਦੇ ਕੇ ਗੁਰੂ ਜੀ ਸਮਝਾ ਰਹੇ ਹਨ ਕਿ ਇਸ ਜਗਤ ਵਿਚ ਪਰਮਾਤਮਾ ਤੋਂ ਬ਼ਗ਼ੈਰ ਕੋਈ ਵੀ ਸਥਿਰ ਰਹਿਣ ਵਾਲਾ ਨਹੀਂ ਹੈ।

ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੯)

ਗਜ, ਗਰਾਹ (ਹਾਥੀ, ਤੰਦੁਆ): ਗੁਰੂ ਜੀ ਨੇ ਪਰਮਾਤਮਾ ਦੇ ਬੰਧਨ

ਮੁਕਤ ਨਾਮ ਦੀ ਮਹਿਮਾ ਸਮਝਾਉਣ ਲਈ ਪੌਰਾਣਿਕ ਕਥਾ ਦਾ ਦ੍ਰਿਸ਼ਟਾਂਤ ਦਿੱਤਾ ਹੈ। ਇਕ ਗੰਧਰਬ ਕਿਸੇ ਰਿਸ਼ੀ ਦੇ ਸ਼ਰਾਪ ਨਾਲ ਹਾਥੀ ਦੀ ਜੂਨੇ ਪੈ ਗਿਆ। ਜਦੋਂ ਇਹ ਹਾਥੀ ਵਰੁਣ ਦੇ ਤਲਾਬ ਵਿਚ ਵੜਿਆ ਤਾਂ ਇਕ ਤੰਦੂਏ ਨੇ ਇਸ ਨੂੰ ਫੜ ਲਿਆ। ਫਿਰ ਉਹ ਰਾਮ (ਪਰਮਾਤਮਾ) ਦੇ ਨਾਮ ਦੀ ਬਰਕਤ ਨਾਲ ਤੰਦੂਏ ਤੋਂ ਬਚਿਆ:

-ਜਬ ਹੀ ਸਰਨਿ ਗਹੀ ਕਿਰਪਾ ਨਿਧਿ ਗਜ ਗਰਾਹ ਤੇ ਛੂਟਾ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੨)

-ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੯)

ਕੁਝ ਹੋਰ ਦ੍ਰਿਸ਼ਟਾਂਤ ਹਨ ਜਿਵੇਂ:

-ਕਰਿ ਪਰਪੰਚ ਉਦਰ ਨਿਜ ਪੋਖਿਓ ਪਸੁ ਕੀ ਨਿਆਈ ਸੋਇਓ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੩)

-ਗੁਰਮਤਿ ਸੁਨਿ ਕਛੁ ਗਿਆਨੁ ਨ ਉਪਜਿਓ ਪਸੁ ਜਿਉ ਉਦਰੁ ਭਰਉ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੬੮੫)

-ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੩)

-ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੩)

-ਉਸਤਤਿ ਨਿੰਦਿਆ ਨਾਹਿ ਜਿਹਿ ਕੰਚਨ ਲੋਹ ਸਮਾਨਿ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੭)

ਅੰਮ੍ਰਿਤ-ਸੰਚਾਰ

ਸਮੂਹ ਸਿੱਖ ਸੰਗਤ ਦੇ ਗਿਆਤ ਹਿਤ ਵਿਦਿਤ ਕੀਤਾ ਜਾਂਦਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਰ ਬੁੱਧਵਾਰ ਤੇ ਐਤਵਾਰ ਨੂੰ ਦੁਪਹਿਰੇ ੧੨:੦੦ ਵਜੇ ਅੰਮ੍ਰਿਤ-ਸੰਚਾਰ ਹੁੰਦਾ ਹੈ। ਅੰਮ੍ਰਿਤ-ਅਭਿਲਾਖੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਰ ਹੋ ਕੇ ਅੰਮ੍ਰਿਤਪਾਨ ਕਰ ਕੇ ਗੁਰੂ ਵਾਲੇ ਬਣਨ!

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵਿਚ ਜਗਤ ਅਤੇ ਜੀਵਨ ਬਾਰੇ ਦਾਰਸ਼ਨਿਕ ਦ੍ਰਿਸ਼ਟੀਕੋਣ

*-ਸ. ਸੁਖਦੇਵ ਸਿੰਘ ਸ਼ਾਂਤ**

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਦੇ ਵਿਸ਼ਾ-ਵਸਤੂ ਨੂੰ ਬਿਆਨ ਕਰਦੇ ਸਮੇਂ ਜਗਤ ਅਤੇ ਜੀਵਨ ਬਾਰੇ ਹੇਠ ਲਿਖੇ ਕੁਝ ਮੁੱਖ ਨੁਕਤੇ ਇਸ ਪ੍ਰਕਾਰ ਵਿਚਾਰੇ ਜਾ ਸਕਦੇ ਹਨ:-

(ੳ) ਜਗਤ ਸਦੀਵੀ ਸੱਚ ਨਹੀਂ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਬਾਣੀ ਵਿਚ ਸੰਸਾਰ ਦੀ ਰਚਨਾ ਨੂੰ 'ਧੂਏ ਕਾ ਪਹਾਰ', 'ਸੁਪਨੈ', 'ਬਾਦਰ ਕੀ ਛਾਈ', 'ਮਿਥਿਆ', 'ਬਾਲੂ ਕੀ ਭੀਤਿ', 'ਝੂਠ', 'ਬੁਦਬੁਦਾ' ਅਤੇ 'ਮ੍ਰਿਗ ਤ੍ਰਿਸਨਾ' ਕਿਹਾ ਹੈ। ਆਓ ਦੇਖਦੇ ਹਾਂ ਇਸ ਸੰਬੰਧ ਵਿਚ ਗੁਰੂ ਜੀ ਦੇ ਹੇਠ ਲਿਖੇ ਪਵਿੱਤਰ ਫ਼ਰਮਾਨ ਜਿਨ੍ਹਾਂ ਵਿਚ ਇਸ ਜਗਤ ਦੀ ਹੋਂਦ ਬਾਰੇ ਦੱਸਿਆ ਗਿਆ ਹੈ ਕਿ ਇਹ ਜਗਤ ਸਦਾ ਰਹਿਣ ਵਾਲਾ ਸਦੀਵੀ ਸੱਚ ਨਹੀਂ ਹੈ:

-ਇਹੁ ਜਗੁ ਧੂਏ ਕਾ ਪਹਾਰ॥ ਤੈ ਸਾਚਾ ਮਾਨਿਆ ਕਿਹ ਬਿਚਾਰਿ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੮੬)

-ਸਮ ਸੁਪਨੈ ਕੈ ਇਹੁ ਜਗੁ ਜਾਨੁ॥ ਬਿਨਸੈ ਛਿਨ ਮੈ ਸਾਚੀ ਮਾਨੁ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੮੭)

-ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ॥
ਜਨ ਨਾਨਕ ਜਗੁ ਜਾਨਿਓ ਮਿਥਿਆ ਰਹਿਓ ਰਾਮ ਸਰਨਾਈ॥੨॥੨॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੨੧੯)

-ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ॥
ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ॥੪੯॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੯)

-ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ॥
ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ॥੨੫॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੭)

-ਮ੍ਰਿਗ ਤ੍ਰਿਸਨਾ ਜਿਉ ਜਗ ਰਚਨਾ ਯਹ ਦੇਖਹੁ ਰਿਦੈ ਬਿਚਾਰਿ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੫੩੬)

**#8562, Charlotte Court, Avon- 46123, Indiana (U.S.A.) Ph. 001-317-406-0002*

ਉਪਰੋਕਤ ਪਵਿੱਤਰ ਕਥਨਾਂ ਵਿਚ ਜਿਹੜੀਆਂ ਤਸ਼ਬੀਹਾਂ ਦਿੱਤੀਆਂ ਗਈਆਂ ਹਨ ਉਹ ਸਭ ਥੋੜ੍ਹ-ਚਿਰੀਆਂ ਹਨ। ਸਭ ਦੀਆਂ ਸਭ ਛੇਤੀ ਖਤਮ ਹੋ ਜਾਣ ਵਾਲੀਆਂ ਹਨ ਅਤੇ ਇਨ੍ਹਾਂ ਵਿੱਚੋਂ ਕੋਈ ਵੀ ਸਥਿਰ ਅਤੇ ਸਦੀਵੀ ਰਹਿਣ ਵਾਲੀ ਨਹੀਂ ਹੈ। ਇਨ੍ਹਾਂ ਸਾਰੀਆਂ ਉਦਾਹਰਨਾਂ ਤੋਂ ਗੁਰੂ ਸਾਹਿਬ ਦਾ ਭਾਵ ਇਸ ਜਗਤ ਦੀ ਅਸਥਿਰਤਾ ਅਤੇ ਤਬਦੀਲੀ ਅਧੀਨ ਹੋਣ ਨੂੰ ਪਰਗਟ ਕਰਨਾ ਹੈ। ਧੁੰਏਂ ਦਾ ਪਹਾੜ ਬਣਦਾ ਹੈ ਪਰ ਉਸੇ ਪਲ ਖ਼ਤਮ ਹੋ ਜਾਂਦਾ ਹੈ। ਸੁਪਨਾ ਜਾਗ ਖੁੱਲ੍ਹਣ 'ਤੇ ਅਲੋਪ ਹੋ ਜਾਂਦਾ ਹੈ। ਬੱਦਲਾਂ ਦਾ ਪਰਛਾਵਾਂ ਬੜਾ ਥੋੜ੍ਹ-ਚਿਰਾ ਹੁੰਦਾ ਹੈ। ਰੇਤ ਦੀ ਕੰਧ ਬਣਾ ਲਈਏ ਤਾਂ ਨਾਲ ਦੀ ਨਾਲ ਢਹਿ ਜਾਂਦੀ ਹੈ। ਪਾਣੀ ਦਾ ਬੁਲਬੁਲਾ ਛੇਤੀ ਹੀ ਮਿਟ ਕੇ ਫਿਰ ਪਾਣੀ ਬਣ ਜਾਂਦਾ ਹੈ। ਮ੍ਰਿਗ ਤ੍ਰਿਸ਼ਨਾ ਦੇ ਭੁਲੇਖੇ ਵਿਚ ਹਿਰਨ ਜਾਂ ਮਨੁੱਖ ਦੂਰੋਂ ਚਮਕਦੀ ਸੁਨਹਿਰੀ ਰੇਤ ਨੂੰ ਪਾਣੀ ਸਮਝ ਕੇ ਜਾਂਦੇ ਹਨ ਪਰ ਅਸਲ ਵਿਚ ਧੁੱਪ ਦੀਆਂ ਕਿਰਨਾਂ ਰੇਤ 'ਤੇ ਪੈ ਰਹੀਆਂ ਹੁੰਦੀਆਂ ਹਨ। ਇਹ ਜਗਤ ਕਾਲ ਦੇ ਵੱਸ ਹੈ। ਇਹ ਉਪਜਦਾ-ਬਿਨਸਦਾ ਰਹਿੰਦਾ ਹੈ। ਵੱਡੇ-ਵੱਡੇ ਭੂਚਾਲ, ਹੜ੍ਹ, ਤੂਫ਼ਾਨ ਅਤੇ ਬਦਲਦੇ ਮੌਸਮਾਂ ਦੇ ਪ੍ਰਭਾਵ ਧਰਤੀ ਦੇ ਪਹਾੜਾਂ, ਸਮੁੰਦਰਾਂ, ਟਾਪੂਆਂ ਵਿਚ ਤਬਦੀਲੀ ਲਿਆਉਂਦੇ ਰਹਿੰਦੇ ਹਨ। ਜੀਵਾਂ ਦੀਆਂ ਨਸਲਾਂ ਵਿਚ ਵਾਧੇ-ਘਾਟੇ ਹੁੰਦੇ ਰਹਿੰਦੇ ਹਨ। ਇਨ੍ਹਾਂ ਸਚਾਈਆਂ ਨੂੰ ਮੰਨ ਕੇ ਚੱਲਣਾ ਅਤੇ ਸਦੀਵੀ ਪਰਮਾਤਮਾ ਦੀ ਯਾਦ ਵਿਚ ਜੀਵਨ ਬਿਤਾਉਣਾ ਹੀ ਮਨੁੱਖ ਦੇ ਜੀਵਨ ਦਾ ਬੁਨਿਆਦੀ ਕਰਤੱਵ ਹੈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਇਸ 'ਜਗ ਰਚਨਾ' ਸੰਬੰਧੀ ਦੱਸਦੇ ਹਨ ਕਿ ਇਹ ਰਚਨਾ ਪਰਮਾਤਮਾ ਨੇ ਆਪਣੇ-ਆਪ ਤੋਂ ਹੀ ਬਣਾਈ ਹੈ। ਆਪ ਜੀ ਦੇ ਪਵਿੱਤਰ ਫੁਰਮਾਨ ਹਨ:

-ਸਾਧੋ ਰਚਨਾ ਰਾਮ ਬਨਾਈ॥
ਇਕਿ ਬਿਨਸੈ ਇਕ ਅਸਥਿਰੁ ਮਾਨੈ ਅਚਰਜੁ ਲਖਿਓ ਨ ਜਾਈ॥੧॥ਰਹਾਉ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ੨੧੯)
-ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ॥
ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ॥੨॥
(ਸ੍ਰੀ ਗੁਰੂ ਗ੍ਰੰਥ ਸਾਹਿਬ, ੫੩੭)

ਗੁਰੂ ਜੀ ਫੁਰਮਾਉਂਦੇ ਹਨ ਕਿ ਇਹ ਸੰਸਾਰ ਰੂਪੀ ਮਾਇਆ ਉਸ ਪਰਮਾਤਮਾ ਦੀ ਆਪਣੀ ਹੀ ਅੰਸ਼ ਹੈ ਅਤੇ ਇਸ ਦਾ ਪਸਾਰਾ ਵੀ ਉਸ ਨੇ ਆਪਣੇ ਆਪ ਤੋਂ ਹੀ ਕਈ ਰੰਗਾਂ-ਰੂਪਾਂ ਵਿਚ ਕੀਤਾ ਹੋਇਆ ਹੈ। ਆਪ ਹੀ ਉਹ ਪਰਮਾਤਮਾ ਇਸ ਪਸਾਰੇ ਦੀ ਦੇਖ-ਭਾਲ ਕਰ ਰਿਹਾ ਹੈ। ਮਨੁੱਖ ਆਪਣੀਆਂ ਅੱਖਾਂ ਦੇਖਦਾ ਹੈ ਕਿ ਉਸ ਦੇ ਸਾਹਮਣੇ ਹੀ ਬਹੁਤ ਸਾਰੇ ਮਨੁੱਖ ਇਸ ਦੁਨੀਆ ਤੋਂ ਜਾ ਰਹੇ ਹਨ ਪਰ ਫਿਰ ਵੀ ਕਿੰਨੀ ਅਸਚਰਜ ਗੱਲ ਹੈ ਕਿ ਉਸ ਨੂੰ ਆਪਣੀ ਮੌਤ ਦਾ ਅਹਿਸਾਸ ਹੀ ਨਹੀਂ ਹੁੰਦਾ ਕਿ ਉਸ ਨੇ ਵੀ ਇਸ ਸੰਸਾਰ ਤੋਂ ਇਕ ਦਿਨ ਚਲੇ ਜਾਣਾ ਹੈ। ਸਾਨੂੰ ਇਹੀ ਅਹਿਸਾਸ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਬਾਰ-ਬਾਰ

ਜਗਤ ਅਤੇ ਜੀਵਨ ਦੀ ਅਸਥਿਰਤਾ ਬਿਆਨ ਕਰ ਕੇ ਕਰਵਾ ਰਹੇ ਹਨ ਤਾਂ ਕਿ ਅਸੀਂ ਇਸ ਅਹਿਸਾਸ ਸਦਕਾ ਸਥਿਰ, ਸਦੀਵੀ ਅਤੇ ਸੱਚੇ ਪਰਮਾਤਮਾ ਦ ਨਾਮ ਨਾਲ ਜੁੜ ਸਕੀਏ।

ਗੁਰਮਤਿ ਦੇ ਸਿਧਾਂਤ ਮੁਤਾਬਕ ਸੱਚੇ ਪਰਮਾਤਮਾ ਦੀ ਸਿਰਜੀ ਹੋਈ ਰਚਨਾ ਵੀ ਸੱਚੀ ਹੈ। 'ਆਸਾ ਦੀ ਵਾਰ' ਵਿਚ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ 'ਕੂੜੁ ਸਭੁ ਸੰਸਾਰੁ' ਅਤੇ 'ਸਭੁ ਜਗੁ ਚਲਣਹਾਰੁ' ਕਹਿੰਦੇ ਹਨ ਤਾਂ ਭਾਵ ਇਹ ਹੀ ਹੈ ਕਿ ਇਹ ਸੰਸਾਰ ਜਾਂ ਜਗਤ ਸਦੀਵੀ ਅਤੇ ਸਥਿਰ ਸੱਚ ਨਹੀਂ ਹੈ। ਇਸ ਪੱਖ ਤੋਂ ਸੱਚ-ਮੁੱਚ ਹੀ ਜਗਤ ਧੁੰਏਂ ਦੇ ਪਹਾੜ, ਸੁਪਨੇ, ਬੱਦਲ ਦੀ ਛਾਂ, ਮਿਥਿਆ, ਝੂਠ, ਰੇਤ ਦੀ ਕੰਧ, ਪਾਣੀ ਦੇ ਬੁਲਬੁਲੇ ਅਤੇ ਮ੍ਰਿਗ ਤ੍ਰਿਸ਼ਨਾ ਦੀ ਨਿਆਈਂ ਹੈ। ਦੂਜਾ ਜੁੜਵਾਂ ਪੱਖ ਇਹ ਵੀ ਹੈ ਕਿ ਸੰਸਾਰ ਸੱਚੇ ਪਰਮਾਤਮਾ ਦੀ ਰਚੀ ਹੋਈ ਰਚਨਾ ਹੈ ਅਤੇ ਉਸ ਦੀ ਆਪਣੇ-ਆਪ ਤੋਂ ਸਾਜੀ ਮਾਇਆ ਦਾ ਹੀ ਪਸਾਰਾ ਹੈ। ਉਸ ਨੇ ਆਪ ਹੀ ਸੰਸਾਰ ਦੇ ਸਾਰੇ ਰੂਪ-ਰੰਗ ਧਾਰਨ ਕੀਤੇ ਹੋਏ ਹਨ ਅਤੇ ਇਸ ਰਚਨਾ ਵਿਚ ਉਹ ਆਪ ਹੀ ਵਿਆਪਕ ਹੋ ਕੇ ਰਹਿੰਦਾ ਹੋਇਆ ਇਸ ਸ੍ਰਿਸ਼ਟੀ ਤੋਂ ਨਿਆਰਾ ਅਰਥਾਤ ਨਿਰਲੇਪ ਹੈ। ਗੁਰੂ ਸਾਹਿਬਾਨ ਦੇ ਹੇਠ ਲਿਖੇ ਫ਼ਰਮਾਨ ਇਸੇ ਸਿਧਾਂਤ ਨੂੰ ਪ੍ਰਗਟਾ ਰਹੇ ਹਨ:

-ਸਚੀ ਤੇਰੀ ਸਿਫਤਿ ਸਚੀ ਸਾਲਾਹ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੪੬੩)

-ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੪੬੩)

-ਆਪਿ ਸਤਿ ਕੀਆ ਸਭੁ ਸਤਿ॥ ਤਿਸੁ ਪ੍ਰਭ ਤੇ ਸਗਲੀ ਉਤਪਤਿ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੨੯੪)

ਗੁਰਮਤਿ ਅਨੁਸਾਰ ਇਹ ਜਗਤ 'ਸਤਿ' ਪਰਮਾਤਮਾ ਤੋਂ ਹੀ ਹੋਂਦ ਵਿਚ ਆਇਆ ਹੋਣ ਕਰ ਕੇ 'ਸਤਿ' ਹੈ ਪਰ ਇਹ 'ਸਤਿ' ਨਾ ਤਾਂ ਅਨਾਦੀ ਹੈ ਅਤੇ ਨਾ ਹੀ ਸਦੀਵੀ। ਕਿਉਂ ਕਿ ਇਹ ਰਚਨਹਾਰ ਦੁਆਰਾ ਰਚੀ ਗਈ ਰਚਨਾ ਹੈ ਇਸ ਲਈ ਸਪੱਸ਼ਟ ਹੀ ਹੈ ਕਿ ਇਸ ਸੰਸਾਰ ਰੂਪੀ 'ਸਤਿ' ਦਾ ਕੋਈ ਆਦਿ ਜਾਂ ਅਰੰਭ ਹੈ। ਇਸ ਦਾ ਰਚਨਹਾਰਰ ਪਰਮਾਤਮਾ 'ਅਨਾਦੀ' ਅਤੇ ਸਦੀਵੀ ਹੋਣ ਕਰ ਕੇ ਆਦਿ-ਰਹਿਤ ਹੈ। ਜਗਤ ਦਾ ਕਿਉਂ ਕਿ ਆਦਿ ਜਾਂ ਅਰੰਭ ਹੈ, ਇਸ ਲਈ ਇਸ ਦਾ ਅੰਤ ਵੀ ਹੈ। ਇਸ ਦੀ ਅਸਥਿਰਤਾ ਕਰ ਕੇ ਅਤੇ ਇਸ ਦੇ ਤਬਦੀਲੀ-ਅਧੀਨ ਹੋਣ ਕਰ ਕੇ ਹੀ ਇਸ ਨੂੰ ਕੂੜ, ਝੂਠ, ਧੂਏ ਕਾ ਪਹਾਰ, ਮ੍ਰਿਗ ਤ੍ਰਿਸਨਾ, ਸੁਪਨਾ, ਬੁਦਬੁਦਾ ਆਦਿ ਆਖਿਆ ਗਿਆ ਹੈ। ਇਹ 'ਸਤਿ' ਪਰਮਾਤਮਾ ਦਾ ਪੈਦਾ ਕੀਤਾ ਹੋਣ ਕਰ ਕੇ 'ਸਤਿ' ਵੀ ਹੈ ਭਾਵੇਂ ਇਹ ਅਸਥਿਰ 'ਸਤਿ' ਹੈ। ਇਹ ਅਸਥਿਰ ਸਤਿ ਇਸ ਲਈ ਵੀ ਹੈ ਕਿ ਇਹ ਪਰਮਾਤਮਾ ਦੇ 'ਸਤਿ' 'ਤੇ ਆਧਾਰਿਤ ਸਤਿ ਜਾਂ ਸਚਾਈ (Dependent Truth) ਹੈ। ਸਿਰਫ ਪਰਮਾਤਮਾ ਹੀ ਨਿਰੰਕੁਸ਼ ਸਤਿ ਜਾਂ ਸਚਾਈ (Absolute Truth) ਹੈ ਕਿਉਂ ਕਿ ਉਹ ਆਦਿ-ਅੰਤ ਅਤੇ ਤਬਦੀਲੀ ਤੋਂ ਰਹਿਤ ਹੈ।

(ਅ) ਮੌਤ ਇਸ ਜਗਤ ਦੀ ਅਟੱਲ ਸਚਾਈ

ਜਗਤ ਅਤੇ ਜੀਵ ਦੀ ਅਸਥਿਰਤਾ ਕਰ ਕੇ ਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਕਾਲ ਜਾਂ ਮੌਤ ਦਾ ਜ਼ਿਕਰ ਬਾਰ-ਬਾਰ ਆਇਆ ਹੈ। ਆਪ ਜੀ ਦੀ ਬਾਣੀ ਵਿਚੋਂ ਕੁਝ ਪਵਿੱਤਰ ਫ਼ਰਮਾਨ ਇਸ ਸਚਾਈ ਸੰਬੰਧੀ ਹੇਠਾਂ ਲਿਖੇ ਜਾਂਦੇ ਹਨ:

-ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ॥
ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ॥੫੨॥
(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੯)

-ਕਰਿ ਸਾਧਸੰਗਤਿ ਸਿਮਰੁ ਮਾਧੋ ਹੋਹਿ ਪਤਿਤ ਪੁਨੀਤ॥
ਕਾਲੁ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ॥੧॥
ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਉ ਚੀਤਿ॥
ਕਹੈ ਨਾਨਕੁ ਰਾਮੁ ਭਜਿ ਲੈ ਜਾਤੁ ਅਉਸਰੁ ਬੀਤ॥੨॥੧॥
(ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੧)

-ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ॥
ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ॥੧॥ਰਹਾਉ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ੭੨੬)

-ਬੀਤ ਜੈਹੈ ਬੀਤ ਜੈਹੈ ਜਨਮੁ ਅਕਾਜੁ ਰੇ॥
ਨਿਸਿ ਦਿਨੁ ਸੁਨਿ ਕੈ ਪੁਰਾਨ ਸਮਝਤ ਨਹ ਰੇ ਅਜਾਨ॥
ਕਾਲੁ ਤਉ ਪਹੂਚਿਓ ਆਨਿ ਕਹਾ ਜੈਹੈ ਭਾਜਿ ਰੇ॥੧॥ਰਹਾਉ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੫੩)

-ਬਿਰਧਿ ਭਇਓ ਸੂਝੈ ਨਹੀ ਕਾਲੁ ਪਹੂਚਿਓ ਆਨਿ॥
ਕਹੁ ਨਾਨਕ ਨਰ ਬਾਵਰੇ ਕਿਉ ਨ ਭਜੈ ਭਗਵਾਨੁ॥੪॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੬)
-ਅਸਥਿਰੁ ਜੋ ਮਾਨਿਓ ਦੇਹ ਸੋ ਤਉ ਤੇਰਉ ਹੋਇ ਹੈ ਖੇਹ॥
ਕਿਉ ਨ ਹਰਿ ਕੋ ਨਾਮੁ ਲੇਹਿ ਮੂਰਖ ਨਿਲਾਜ ਰੇ॥੧॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੫੩)
-ਮਨ ਕਹਾ ਬਿਸਾਰਿਓ ਰਾਮ ਨਾਮੁ॥
ਤਨੁ ਬਿਨਸੈ ਜਮ ਸਿਉ ਪਰੈ ਕਾਮੁ॥੧॥ਰਹਾਉ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੮੬)

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੱਸ ਰਹੇ ਹਨ ਕਿ ਜੋ ਵੀ ਉਪਜਦਾ ਹੈ ਬਿਨਸ ਜਾਂਦਾ ਹੈ ਅਰਥਾਤ ਜਿਸ ਦਾ ਜਨਮ ਹੁੰਦਾ ਹੈ ਉਸ ਦੀ ਮੌਤ ਅਟੱਲ ਹੈ। 'ਬਿਆਲੁ' (ਜ਼ਹਿਰੀ ਸੱਪ) ਰੂਪੀ ਕਾਲ ਹਰ ਸਮੇਂ ਫ਼ਨ ਖਲਾਰ ਕੇ ਡੰਗ ਮਾਰਨ ਲਈ ਭਾਵ ਜੀਵ ਨੂੰ ਮਾਰ-ਮੁਕਾਉਣ ਲਈ ਸਿਰ 'ਤੇ ਮੰਡਰਾਅ ਰਿਹਾ ਹੈ। ਪਤਾ ਨਹੀਂ ਕਦੋਂ ਉਸ ਨੇ ਮਨੁੱਖ ਨੂੰ ਜਾਂ ਜੀਵ ਨੂੰ ਲਾਸ਼ ਦੇ ਰੂਪ ਵਿਚ ਬਦਲ ਦੇਣਾ ਹੈ। ਇਕ ਹੋਰ ਉਦਾਹਰਨ ਦੇ ਕੇ ਗੁਰੂ ਜੀ ਆਖਦੇ ਹਨ ਜਿਵੇਂ ਛੇਕ ਵਾਲੇ ਘੜੇ 'ਚੋਂ ਪਾਣੀ ਹੌਲੀ-

ਹੌਲੀ ਸਾਰਾ ਬਾਹਰ ਨਿਕਲ ਜਾਂਦਾ ਹੈ ਓਵੇਂ ਹੀ ਮਨੁੱਖ ਦੀ ਉਮਰ ਛਿਨ-ਛਿਨ ਕਰ ਕੇ ਬੀਤਦੀ ਅਰਥਾਤ ਘਟਦੀ ਜਾਂਦੀ ਹੈ। ਜਦੋਂ ਕਾਲ ਜਾਂ ਮੌਤ ਦਾ ਸਮਾਂ ਸਿਰ 'ਤੇ ਆ ਪਹੁੰਚਦਾ ਹੈ ਤਾਂ ਮਨੁੱਖ ਇਸ ਤੋਂ ਬਚਣ ਲਈ ਕਿਤੇ ਵੀ ਨਹੀਂ ਭੱਜ ਸਕਦਾ। ਬੁਢਾਪਾ ਆਉਣ 'ਤੇ ਮੌਤ ਨਜ਼ਦੀਕ ਆ ਜਾਂਦੀ ਹੈ ਤਾਂ ਫਿਰ ਮਨੁੱਖ ਨੂੰ ਕੁਝ ਨਹੀਂ ਸੁੱਝਦਾ। ਮੂਰਖ ਅਤੇ ਬਾਵਰਾ (ਬਉਲਾ) ਹੋਇਆ ਮਨੁੱਖ ਆਪਣੇ ਸਰੀਰ ਨੂੰ ਸਦੀਵੀ ਮੰਨੀ ਬੈਠਾ ਹੁੰਦਾ ਹੈ ਪਰ ਇਕ-ਦਮ ਉਸ ਨੂੰ ਮੌਤ ਆ ਕੇ ਦਬੋਚ ਲੈਂਦੀ ਹੈ। ਉਹ ਰੱਬ ਨੂੰ ਭੁੱਲੀ ਬੈਠਾ ਹੁੰਦਾ ਹੈ ਅਤੇ ਜਮਦੂਤ ਆ ਕੇ ਉਸ ਦੀ ਜਿੰਦ ਕੱਢ ਲੈਂਦੇ ਹਨ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵਿਚ ਜਗਤ ਦੀ ਨਾਸ਼ਮਾਨਤਾ ਅਤੇ ਮੌਤ ਦੀ ਸਚਾਈ ਦਾ ਬਿਆਨ ਮਨੁੱਖ ਨੂੰ ਇਸ ਸਚਾਈ ਬਾਰੇ ਸਮਝਾ ਕੇ ਪਰਮਾਤਮਾ ਦੇ ਨਾਮ-ਸਿਮਰਨ ਅਤੇ ਸ਼ੁਭ ਕੰਮਾਂ ਵਾਲਾ ਜੀਵਨ ਬਿਤਾਉਣ ਦੀ ਪ੍ਰੇਰਨਾ ਦੇਣ ਲਈ ਹੈ। ਇਹ ਸਚਾਈ ਗੁਰੂ ਜੀ ਮਨੁੱਖ ਨੂੰ ਡਰਾਉਣ ਲਈ ਜਾਂ ਨਿਰਾਸ਼ਾਵਾਦੀ ਬਣਾਉਣ ਲਈ ਨਹੀਂ ਦੱਸ ਰਹੇ। ਇਹ ਤਾਂ ਇਕ ਕੌੜੀ ਹਕੀਕਤ ਹੈ ਕਿ ਸੰਸਾਰ ਵਿਚ ਜੋ ਵੀ ਜੀਵ ਜਨਮਿਆ ਹੈ ਉਸ ਨੇ ਇਕ ਦਿਨ ਜ਼ਰੂਰ ਹੀ ਮਰਨਾ ਹੈ। ਗੁਰੂ ਜੀ ਦਾ ਆਪਣੀ ਬਾਣੀ ਵਿਚ ਮੌਤ ਅਤੇ ਜਗਤ ਦੀ ਅਸਥਿਰਤਾ ਦਾ ਬਾਰ-ਬਾਰ ਜ਼ਿਕਰ ਕਰਨ ਦਾ ਮੰਤਵ ਮਨੁੱਖ ਨੂੰ ਪਰਮਾਤਮਾ ਦੀ ਭਗਤੀ ਵਿਚ ਜੋੜਨਾ ਹੈ, ਜਗਤ ਤੋਂ ਉਪਰਾਮ ਕਰ ਕੇ ਕੋਰਾ ਤਿਆਗੀ ਜਾਂ ਸੰਨਿਆਸੀ ਬਣਾਉਣਾ ਨਹੀਂ ਹੈ। ਗੁਰੂ ਜੀ ਖ਼ੁਦ ਗ੍ਰਿਹਸਤੀ ਸਨ ਅਤੇ ਲਾਸਾਨੀ ਸ਼ਖਸੀਅਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਿਤਾ ਸਨ। ਆਪ ਜੀ ਨਿਰਭੈਤਾ, ਅਜ਼ਾਦੀ, ਮਨੁੱਖੀ ਅਧਿਕਾਰਾਂ ਦੀ ਬਰਾਬਰੀ, ਧਰਮ ਦੀ ਸੁਤੰਤਰਤਾ ਅਤੇ ਨਿਆਂ ਦੇ ਅਲੰਬਰਦਾਰ ਸਨ। ਆਪ ਜੀ ਨੇ ਇਨ੍ਹਾਂ ਮਹਾਨ ਆਦਰਸ਼ਾਂ ਦੀ ਰਾਖੀ ਲਈ ਆਪਣੇ ਜੀਵਨ ਤੱਕ ਨੂੰ ਕੁਰਬਾਨ ਕਰ ਦਿੱਤਾ। ਮਨੁੱਖੀ ਸਰੀਰ ਨੂੰ ਆਪ ਜੀ ਨੇ ਦੁਰਲੱਭ ਦੱਸਿਆ ਹੈ। ਮਾਨਸ ਜਨਮ ਨੂੰ ਆਪ ਜੀ ਨੇ 'ਅਮੋਲਕ' ਆਖਿਆ ਹੈ। ਇਸ ਲਈ ਸਾਨੂੰ ਗੁਰੂ ਜੀ ਦੇ ਜੀਵਨ ਅਤੇ ਬਾਣੀ ਤੋਂ ਸਿੱਖਿਆ ਲੈ ਕੇ ਕਦੇ ਵੀ ਨਿਰਾਸ਼ਾਵਾਦੀ ਨਹੀਂ ਬਣਨਾ ਚਾਹੀਦਾ। ਗੁਰੂ ਜੀ ਸਾਨੂੰ ਜਗਤ ਅਤੇ ਜੀਵਨ ਦੀਆਂ ਕੌੜੀਆਂ ਹਕੀਕਤਾਂ ਦੱਸ ਕੇ ਇਹੀ ਸੰਦੇਸ਼ ਦੇ ਰਹੇ ਹਨ ਕਿ ਸਾਨੂੰ ਆਪਣੇ ਅਨਮੋਲ ਮਨੁੱਖਾ ਜੀਵਨ ਨੂੰ ਸੰਸਾਰਕ ਧੰਦਿਆਂ, ਭੈੜੇ ਵਿਕਾਰਾਂ, ਸੰਸਾਰ ਦੀ ਸਵਾਰਥੀ ਅਤੇ ਝੂਠੀ ਪ੍ਰੀਤ ਦੇ ਮੋਹ ਅਤੇ ਮਾਇਆ ਦੇ ਝੰਜਟਾਂ ਵਿਚ ਖਚਿਤ ਹੋ ਕੇ ਅਜਾਈਂ ਨਹੀਂ ਗੁਆਉਣਾ ਚਾਹੀਦਾ। ਗੁਰੂ ਜੀ ਦੀ ਬਾਣੀ ਕਿਸੇ ਵੀ ਹਾਲਤ ਵਿਚ ਸਾਨੂੰ ਨਿਰਾਸ਼ਾਵਾਦੀ ਹੋਣ ਦੀ ਸਿੱਖਿਆ ਨਹੀਂ ਦਿੰਦੀ ਸਗੋਂ ਨਾਮ-ਸਿਮਰਨ, ਪਰਉਪਕਾਰ, ਸੱਚੀ-ਸੁੱਚੀ ਕਿਰਤ ਨਾਲ ਭਰਪੂਰ ਅਨੰਦਮਈ ਜੀਵਨ ਜਿਊਣ ਲਈ ਉਪਦੇਸ਼ ਦਿੰਦੀ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਮੌਤ ਦੇ ਸੰਕਲਪ ਸੰਬੰਧੀ ਡਾ. ਗੁਰਪ੍ਰੀਤ ਸਿੰਘ ਜੀ ਦੇ ਇਹ ਸ਼ਬਦ ਵੀ ਬੜੇ ਸਾਰਥਕ ਅਤੇ ਪੜ੍ਹਨਯੋਗ ਹਨ: "ਧਰਮ ਅਨੁਸਾਰ ਮੌਤ ਅਤੇ ਨਿਰੰਕਾਰ ਦੋਹਾਂ ਦਾ ਚਿੰਤਨ ਮਨੁੱਖ ਦੀ ਸਵਾਰਥੀ ਬਿਰਤੀ ਨੂੰ ਲਗਾਮ ਪਾਉਣ ਵਿਚ

ਸਹਾਈ ਹੁੰਦਾ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਸਲੋਕਾਂ ਅੰਦਰ ਮਨੁੱਖ ਦੀ ਸਵਾਰਥ ਦੀ ਭਾਵਨਾ ਨਾਲ ਪਰਵਾਰ ਅਤੇ ਸਰੀਰ ਨੂੰ ਦੇਖਣ ਅਤੇ ਉਸ ਤੋਂ ਸੁਖ ਰੱਖਣ ਦੀ ਆਦਤ ਨੂੰ ਤੋੜਨ ਲਈ ਮੌਤ ਦੇ ਰੂਪਕ ਰਾਹੀਂ ਅਸਲੀਅਤ ਪ੍ਰਗਟ ਕੀਤੀ ਹੈ।'' (ਗੁਰਪ੍ਰੀਤ ਸਿੰਘ (ਡਾ.), ਲੇਖ 'ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਲੋਕਾਂ ਵਿਚ ਮੌਤ ਦਾ ਸੰਕਲਪ', *ਗੁਰਮਤਿ ਪ੍ਰਕਾਸ਼*, ਅੰਕ- ਦਸੰਬਰ ੨੦੨੧, ਪੰਨਾ ੭੧) 'ਮਾਨਸ ਜਨਮੁ' ਅਤੇ 'ਮਾਨੁਖ ਦੇਹ' ਨੂੰ ਅਮੋਲਕ ਅਤੇ ਦੁਰਲਭ ਦੱਸਦੇ ਹੋਏ ਗੁਰੂ ਜੀ ਨੇ ਸਾਰੀ ਮਨੁੱਖਤਾ ਨੂੰ ਬੜੇ ਪਿਆਰ ਨਾਲ ਸਮਝਾਉਂਦੇ ਹੋਏ ਫੁਰਮਾਇਆ ਹੈ ਕਿ ਨਿਰੰਕਾਰ ਪਰਮਾਤਮਾ ਦੀ ਸ਼ਰਨ, ਉਸ ਦੇ ਪਵਿੱਤਰ ਗੁਣਾਂ ਦੀ ਸਿਫਤ-ਸਲਾਹ ਅਤੇ ਉਸ ਦੇ ਨਾਮ ਦਾ ਸਿਮਰਨ ਹੀ ਮਨੁੱਖੀ ਜੀਵਨ ਨੂੰ ਸਫ਼ਲਤਾ ਅਤੇ ਸੁਖ ਬਖਸ਼ਣ ਵਿਚ ਸਹਾਈ ਹਨ। ਆਪ ਜੀ ਫ਼ਰਮਾਉਂਦੇ ਹਨ:

-ਸਾਧੋ ਗੋਬਿੰਦ ਕੇ ਗੁਨ ਗਾਵਉ॥
ਮਾਨਸ ਜਨਮੁ ਅਮੋਲਕੁ ਪਾਇਓ ਬਿਰਥਾ ਕਾਹਿ ਗਵਾਵਉ॥੧॥ਰਹਾਉ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ੨੧੯)

-ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ॥
ਕਹੁ ਨਾਨਕ ਸੁਨਿ ਰੇ ਮਨਾ ਦੁਰਲਭ ਮਾਨੁਖ ਦੇਹ॥੨੭॥
(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੭)

(ਏ) ਜਗਤ ਦੀ ਝੂਠੀ ਪ੍ਰੀਤ

ਜਿੱਥੇ ਗੁਰੂ ਜੀ ਨੇ ਮੌਤ ਵੱਲ ਬਾਰ-ਬਾਰ ਧਿਆਨ ਦਿਵਾਇਆ ਹੈ ਉੱਥੇ ਨਾਲੋ-ਨਾਲ ਸੰਸਾਰ ਦੀ ਪ੍ਰੀਤ ਨੂੰ ਝੂਠਾ ਵੀ ਦੱਸਿਆ ਹੈ ਕਿਉਂ ਕਿ ਇਸ ਪ੍ਰੀਤ ਦਾ ਆਧਾਰ ਸਵਾਰਥ ਹੈ। ਮੰਤਵ ਇੱਥੇ ਵੀ ਇਹੀ ਦੱਸਿਆ ਹੈ ਕਿ ਸੰਸਾਰਕ ਪ੍ਰੀਤ ਦੇ ਸਵਾਰਥੀ ਪੱਖ ਨੂੰ ਸਮਝਦੇ ਹੋਏ ਮਨੁੱਖ ਪਰਮਾਤਮਾ ਨਾਲ ਹੀ ਸੱਚੀ ਪ੍ਰੀਤ ਪਾਵੇ ਕਿਉਂਕਿ ਉਸ ਪ੍ਰੀਤ ਵਿਚ ਕੋਈ ਸਵਾਰਥ ਨਹੀਂ ਹੈ ਅਤੇ ਉਹ ਪ੍ਰੀਤ ਸਦੀਵੀ ਰਹਿਣ ਵਾਲੀ ਹੈ। ਮਨੁੱਖ ਕੋਲ ਜਦ ਤਕ ਧਨ ਹੈ ਓਦੋਂ ਤੱਕ ਹੀ ਸਭ ਰਿਸ਼ਤੇ-ਨਾਤੇ ਠੀਕ ਚੱਲਦੇ ਹਨ ਪਰ ਨਿਰਧਨ ਹੋ ਜਾਣ 'ਤੇ ਕੋਈ ਵੀ ਉਸ ਦੀ ਵਾਤ ਨਹੀਂ ਪੁੱਛਦਾ। ਜਦ ਤਕ ਮਨੁੱਖ ਜਿਊਂਦਾ ਹੈ ਅਤੇ ਕਿਸੇ ਦੇ ਕੰਮ ਆ ਸਕਦਾ ਹੈ ਜਾਂ ਕਿਸੇ ਨੂੰ ਸੁਖ ਦੇ ਸਕਦਾ ਹੈ ਓਦੋਂ ਤੱਕ ਹੀ ਉਸ ਦੀ ਪੁੱਛ ਹੈ। ਗੁਰੂ ਜੀ ਦੇ ਪਵਿੱਤਰ ਫ਼ਰਮਾਨ ਸਾਨੂੰ ਇਹੀ ਸਮਝਾ ਰਹੇ ਹਨ:

-ਜਗਤ ਮੈ ਝੂਠੀ ਦੇਖੀ ਪ੍ਰੀਤਿ॥
ਅਪਨੇ ਹੀ ਸੁਖ ਸਿਉ ਸਭ ਲਾਗੇ ਕਿਆ ਦਾਰਾ ਕਿਆ ਮੀਤ॥੧॥ਰਹਾਉ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ੫੩੬)

-ਇਹ ਜਗਿ ਮੀਤੁ ਨ ਦੇਖਿਓ ਕੋਈ॥
ਸਗਲ ਜਗਤੁ ਅਪਨੈ ਸੁਖਿ ਲਾਗਿਓ ਦੁਖ ਮੈ ਸੰਗਿ ਨ ਹੋਈ॥੧॥ਰਹਾਉ॥
ਦਾਰਾ ਮੀਤ ਪੂਤ ਸਨਬੰਧੀ ਸਗਰੇ ਧਨ ਸਿਉ ਲਾਗੇ॥

ਜਬ ਹੀ ਨਿਰਧਨ ਦੇਖਿਓ ਨਰ ਕਉ ਸੰਗੁ ਛਾਡਿ ਸਭ ਭਾਗੇ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੩)

–ਸਭ ਕਿਛੁ ਜੀਵਤ ਕੋ ਬਿਵਹਾਰ॥
ਮਾਤ ਪਿਤਾ ਭਾਈ ਸੁਤ ਬੰਧਪ ਅਰੁ ਫੁਨਿ ਗ੍ਰਿਹ ਕੀ ਨਾਰਿ॥੧॥ਰਹਾਉ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੫੩੬)

–ਜਗ ਝੂਠੇ ਕਉ ਸਾਚੁ ਜਾਨਿ ਕੈ ਤਾ ਸਿਉ ਰੁਚ ਉਪਜਾਈ॥
ਦੀਨ ਬੰਧ ਸਿਮਰਿਓ ਨਹੀ ਕਬਹੂ ਹੋਤ ਜੁ ਸੰਗਿ ਸਹਾਈ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੭੧੮)

'ਜੀਵਤ ਕੋ ਬਿਵਹਾਰ' ਦਾ ਭਾਵ ਇਹੀ ਹੈ ਕਿ ਮਨੁੱਖ ਦੀ ਅਹਿਮੀਅਤ ਜਾਂ ਕੀਮਤ ਉਸ ਦੇ ਸਾਹਾਂ ਤਕ ਹੀ ਸੀਮਤ ਹੈ। ਉਸ ਦੀ ਲਾਸ਼ ਤਾਂ ਬੇਕਾਰ ਹੈ। ਉਸ ਲਾਸ਼ ਨੂੰ ਦਫਨਾਉਣਾ ਜਾਂ ਸਾੜਨਾ ਇਕ ਬੁਨਿਆਦੀ ਜ਼ਰੂਰਤ ਹੈ। ਜਦੋਂ ਤਕ ਮਨੁੱਖ ਆਪ ਤੰਦਰੁਸਤ ਹੈ ਓਦੋਂ ਤਕ ਹੀ ਉਹ ਦੁਨੀਆਂ ਲਈ ਸਰੀਰਕ ਤੌਰ 'ਤੇ ਕੰਮ ਆ ਸਕਦਾ ਹੈ। ਬੁਢਾਪੇ ਅਤੇ ਬਿਮਾਰੀ ਦੋਵੇਂ ਹੀ ਮਨੁੱਖ ਦੀ ਕਦਰ ਘਟਾਉਂਦੇ ਹਨ, ਕਿਉਂਕਿ ਉਸ ਦੀ ਦੂਜਿਆਂ 'ਤੇ ਨਿਰਭਰਤਾ ਵਧ ਜਾਂਦੀ ਹੈ। ਜਦ ਤਕ ਉਸ ਦੇ ਪੱਲੇ ਧਨ ਹੈ ਓਦੋਂ ਤੱਕ ਉਸ ਦੀ ਪੁੱਛ-ਗਿੱਛ ਬਹੁਤ ਹੁੰਦੀ ਹੈ ਪਰ ਜੇਕਰ ਉਹ ਕਿਸੇ ਵੀ ਕਾਰਨ ਨਿਰਧਨ ਜਾਂ ਕੰਗਾਲ ਹੋ ਜਾਵੇ ਤਾਂ ਸਾਰੇ ਸਾਕ-ਸੰਬੰਧੀ ਅਤੇ ਦੋਸਤ-ਮਿੱਤਰ ਉਸ ਤੋਂ ਕੰਨੀਂ ਕਤਰਾਉਣ ਲੱਗਦੇ ਹਨ। ਇਹ ਸਭ ਜ਼ਿੰਦਗੀ ਦੀਆਂ ਕੌੜੀਆਂ ਸਚਾਈਆਂ ਹਨ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਪਣੀ ਬਾਣੀ ਵਿਚ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਇਨ੍ਹਾਂ ਕੌੜੀਆਂ ਹਕੀਕਤਾਂ ਨੂੰ ਸਾਡੇ ਸਾਮ੍ਹਣੇ ਰੱਖਿਆ ਹੈ। ਮਕਸਦ ਗੁਰੂ ਜੀ ਦਾ ਇਹ ਸਮਝਾਉਣਾ ਹੈ ਕਿ ਸੰਸਾਰ ਦੀ ਇਸ ਵਕਤੀ, ਸਵਾਰਥੀ ਅਤੇ ਝੂਠੀ ਪ੍ਰੀਤ ਦੇ ਕੌੜੇ ਸੱਚ ਨੂੰ ਸਾਹਮਣੇ ਰੱਖਦੇ ਹੋਏ ਮਨੁੱਖ ਆਪਣੀਆਂ ਲੋੜਾਂ ਪੂਰੀ ਕਰਨ ਤਕ ਅਤੇ ਆਪਣੇ ਪਰਵਾਰ ਪ੍ਰਤੀ ਸਿਰਫ ਫ਼ਰਜ਼ਾਂ ਦੀ ਪੂਰਤੀ ਕਰਨ ਤਪਕ ਸੀਮਤ ਰਹੇ। ਮਨੁੱਖ ਮੋਹ-ਮਾਇਆ ਵਿਚ ਫਸ ਕੇ ਪਰਿਵਾਰ ਅਤੇ ਸਾਕ-ਸੰਬੰਧੀਆਂ ਦੀ ਖ਼ੁਸ਼ੀ ਲਈ ਠੱਗੀਆਂ ਨਾ ਮਾਰੇ, ਝੂਠ ਨਾ ਬੋਲੇ, ਮਾੜੇ ਕੰਮ ਨਾ ਕਰੇ ਅਤੇ ਆਪਣੇ ਚੰਗੇ ਅਸੂਲਾਂ ਨੂੰ ਕਦੇ ਨਾ ਤਿਆਗੇ। ਸੰਸਾਰ ਅਤੇ ਪਰਿਵਾਰ ਦੀ ਝੂਠੀ ਪ੍ਰੀਤ ਵਿਚ ਲੱਗ ਕੇ ਮਨੁੱਖ ਪਰਮਾਤਮਾ ਨੂੰ ਕਦੇ ਨਾ ਭੁੱਲੇ ਅਤੇ ਆਪਣੀ ਮੌਤ ਨੂੰ ਸਦਾ ਚੇਤੇ ਰੱਖੇ।

ਵਾਹਿਗੁਰੂ ਸਾਡੇ 'ਤੇ ਮਿਹਰ ਕਰਨ ਕਿ ਅਸੀਂ ਮਾਇਆ ਰੂਪੀ ਜਗਤ ਦੇ ਜੰਜਾਲ ਵਿਚ ਅਤਿ ਨੇਹ ਪਾ ਕੇ ਖਚਿਤ ਨਾ ਹੋਈਏ ਅਤੇ ਪਰਮਾਤਮਾ ਦੀ ਯਾਦ ਸਦਾ ਸਾਡੇ ਦਿਲਾਂ ਵਿਚ ਬਣੀ ਰਹੇ। ਗੁਰੂ ਸਾਹਿਬ ਜੀ ਦੀ ਬਾਣੀ ਵਿਚ ਦੱਸੇ ਪਵਿੱਤਰ ਗੁਣਾਂ ਦਾ ਪ੍ਰਭਾਵ ਸਾਡੇ ਜੀਵਨ ਵਿਚ ਅਮਲੀ ਰੂਪ ਰਾਹੀਂ ਪਰਗਟ ਹੋ ਸਕੇ, ਇਹੀ ਅਰਦਾਸ ਅਕਾਲ ਪੁਰਖ ਅੱਗੇ ਸਾਨੂੰ ਕਰਨੀ ਚਾਹੀਦੀ ਹੈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਦਾ ਉਪਦੇਸ਼

*-ਬਿਕਰਮਜੀਤ ਸਿੰਘ ਜੀਤ**

ਗੁਰ-ਇਤਿਹਾਸ ਦੇ ਪੰਨਿਆਂ 'ਤੇ ਜੇਕਰ ਝਾਤੀ ਮਾਰੀ ਜਾਵੇ ਤਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਉਸ ਯੁੱਗ ਵਿਚ ਉਚਾਰਨ ਕੀਤੀ ਗਈ ਜਦੋਂ ਭਾਰਤ ਵਿਚ ਮੁਗ਼ਲ ਰਾਜ ਦਾ ਜ਼ੁਲਮ ਚਰਮ-ਸੀਮਾ 'ਤੇ ਸੀ। ਲੋਕ ਡਰੇ ਹੋਏ ਅਤੇ ਅਧਿਆਤਮਿਕ ਰਾਹ ਤੋਂ ਦੂਰ ਸਨ। ਗੁਰੂ ਜੀ ਦੀ ਬਾਣੀ ਨੇ ਲੋਕਾਂ ਨੂੰ ਹੌਸਲਾ, ਸੱਚਾਈ ਅਤੇ ਆਤਮਿਕ ਆਜ਼ਾਦੀ ਦਾ ਸੁਨੇਹਾ ਦਿੱਤਾ। ਗੁਰੂ ਸਾਹਿਬ ਨੇ ਆਪਣੀ ਵਿਚਾਰਧਾਰਾ ਦੇ ਸਨਮੁਖ ਹੁੰਦਿਆਂ ਹੋਇਆਂ ਅਤੇ ਗੁਰਮਤਿ ਦੇ ਸਿਧਾਂਤ ਨੂੰ ਵਿਹਾਰਕ ਜਾਮਾ ਪਹਿਨਾਉਂਦਿਆਂ ਧਰਮ ਅਤੇ ਮਨੁੱਖਤਾ ਦੀ ਰੱਖਿਆ ਲਈ ਆਪਣੀ ਸ਼ਹੀਦੀ ਦਿੱਤੀ ਜਿਸ ਦਾ ਆਪਣਾ ਵੱਖਰਾ ਅਤੇ ਲਾਸਾਨੀ ਇਤਿਹਾਸ ਹੈ ਤੇ ਜਿਸ ਕਰਕੇ ਗੁਰੂ ਸਾਹਿਬ ਨੂੰ 'ਸ੍ਰਿਸ਼ਟੀ ਦੀ ਚਾਦਰ' ਕਿਹਾ ਜਾਂਦਾ ਹੈ। ਗੁਰੂ ਸਾਹਿਬ ਦੀ ਬਾਣੀ ਦੇ ਅਨੇਕਾਂ ਸਰੋਕਾਰ ਸਾਡੇ ਸਨਮੁਖ ਹਨ। ਉਨ੍ਹਾਂ ਦੀ ਬਾਣੀ ਵਿਚਲੇ ਕਈ ਉਪਦੇਸ਼ ਹਨ ਜੋ ਕਿ ਮਨੁੱਖ ਨੂੰ ਇਸ ਸੰਸਾਰ ਦੀ ਅਸਲੀਅਤ ਸਮਝਾਉਂਦੇ ਹੋਏ ਪਰਮਾਤਮਾ ਨਾਲ ਜੁੜਨ ਦੀ ਤਾਕੀਦ ਕਰਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਦੇ ੫੭ ਸਲੋਕ ਅਤੇ ੫੯ ਸ਼ਬਦ ਹਨ। ਸਲੋਕਾਂ ਤੋਂ ਇਲਾਵਾ ਆਪ ਜੀ ਦੀ ਬਾਣੀ ੧੫ ਰਾਗਾਂ ਵਿਚ ਮਿਲਦੀ ਹੈ। ਆਪ ਜੀ ਦੇ ੫੭ ਸਲੋਕ ਰਾਗ-ਰਹਿਤ ਬਾਣੀ ਹੈ ਤੇ 'ਸਲੋਕ ਮਹਲਾ ੯' ਸਿਰਲੇਖ ਅਧੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ੧੪੨੬ ਤੋਂ ੧੪੨੯ ਤਕ ਅਖੀਰ ਵਿਚ ਦਰਜ ਹਨ। ਗੁਰੂ ਸਾਹਿਬ ਨੇ ਆਪਣੀ ਬਾਣੀ ਦੀ ਜਿੱਥੇ ੧੫ ਰਾਗਾਂ ਵਿਚ ਰਚਨਾ ਕੀਤੀ ਹੈ, ਉੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚਲਾ ਅੰਤਲਾ ਇਕੱਤੀਵਾਂ ਰਾਗ- 'ਜੈਜਾਵੰਤੀ' ਕੇਵਲ ਨੌਵੇਂ ਪਾਤਸ਼ਾਹ ਨੇ ਹੀ ਵਰਤ ਕੇ ਬਾਣੀ ਰਚਨਾ ਕੀਤੀ ਹੈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਨੂੰ ਪੜ੍ਹਦਿਆਂ, ਸੁਣਦਿਆਂ ਅਤੇ ਸਮਝਦਿਆਂ ਇਕ ਗੱਲ ਕਹੀ ਜਾ ਸਕਦੀ ਹੈ ਕਿ ਗੁਰੂ ਜੀ ਦੀ ਬਾਣੀ ਮਨੁੱਖ ਨੂੰ ਉਸ ਦੇ ਯਥਾਰਥ ਨਾਲ ਰੂਬਰੂ ਕਰਵਾਉਂਦੀ ਹੈ। ਉਂਝ ਤਾਂ ਸਮੁੱਚੀ ਗੁਰਬਾਣੀ ਹੀ ਯਥਾਰਥ ਦੇ ਧਰਾਤਲ 'ਤੇ ਸਿਰਜੀ ਗਈ ਹੈ ਪ੍ਰੰਤੂ ਨੌਵੇਂ ਪਾਤਸ਼ਾਹ ਜੀ ਨੇ ਆਪਣੀ ਬਾਣੀ ਵਿਚ ਜਿਸ ਵਿਸ਼ੇਸ਼ ਤੇ ਸਟੀਕ ਸ਼ੈਲੀ ਵਿਚ ਤੇ ਬੇਹੱਦ ਉਪਦੇਸ਼ਾਤਮਕ ਢੰਗ ਨਾਲ ਮਨੁੱਖ ਨੂੰ

* *ਸਹਾਇਕ ਸੰਪਾਦਕ, ਗੁਰਮਤਿ ਪ੍ਰਕਾਸ਼। ਮੋ. ੮੭੨੭੮-੦੦੩੭੨*

ਸਮਝਾਇਆ ਹੈ ਉਹ ਆਪਣੀ ਮਿਸਾਲ ਆਪ ਹੈ। ਗੁਰੂ ਜੀ ਦੀ ਬਾਣੀ ਵੈਰਾਗ ਦੀ ਭਾਵਨਾ ਨੂੰ ਇਸ ਸੁਹਜਾਤਮਿਕ ਢੰਗ ਨਾਲ ਪ੍ਰਬਲ ਕਰਦੀ ਹੈ ਕਿ ਮਨੁੱਖ ਨੂੰ ਉਸ ਦੇ ਭੂਤ ਤੇ ਵਰਤਮਾਨ ਤੋਂ ਜਾਣੂ ਕਰਵਾਉਂਦੀ ਹੋਈ ਭਵਿੱਖ ਲਈ ਸੁਚੇਤ ਕਰਦੀ ਹੈ। ਇੱਥੇ ਇਹ ਗੱਲ ਪਹਿਲਾਂ ਹੀ ਸਪੱਸ਼ਟ ਕਰਨੀ ਬਣਦੀ ਹੈ ਕਿ ਗੁਰੂ ਸਾਹਿਬ ਦੀ ਬਾਣੀ ਮਨੁੱਖੀ ਮਨ ਦੀ ਅਵਸਥਾ ਨੂੰ ਉਪਰਾਮ ਨਹੀਂ ਕਰਦੀ, ਸਗੋਂ ਜੀਵਨ ਦਾ ਯਥਾਰਥ ਸਮਝਾਉਂਦੇ ਹੋਏ ਮਨੁੱਖ ਨੂੰ ਚੜ੍ਹਦੀ ਕਲਾ ਵਿਚ ਵਿਚਰਦੇ ਹੋਏ ਪਰਮਾਤਮਾ ਦਾ ਨਾਮ ਜਪਣ ਲਈ ਪ੍ਰੇਰਦੀ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਦਾ ਉਪਦੇਸ਼ ਨਾ ਸਿਰਫ਼ ਦਾਰਸ਼ਨਿਕ ਹੈ, ਸਗੋਂ ਆਮ ਮਨੁੱਖ ਨੂੰ ਜੀਵਨ ਦੀ ਸਹੀ ਦਿਸ਼ਾ ਦਿੰਦਾ ਹੈ। ਇੰਜ ਵੀ ਕਿਹਾ ਜਾ ਸਕਦਾ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਅਧਿਆਤਮਿਕਤਾ ਅਤੇ ਅਡੋਲਤਾ ਦੀ ਪ੍ਰਤੀਕ ਹੈ। ਇਹ ਸਾਨੂੰ ਯਾਦ ਦਿਵਾਉਂਦੀ ਹੈ ਕਿ ਧਰਤੀ 'ਤੇ ਮਨੁੱਖੀ ਜੀਵਨ ਇਕ ਛੋਟੀ ਯਾਤਰਾ ਹੈ ਅਤੇ ਇਸ ਦਾ ਮਕਸਦ ਮਾਇਆ ਵਿਚ ਫਸਣਾ ਨਹੀਂ, ਸਗੋਂ ਵਾਹਿਗੁਰੂ ਨਾਲ ਜੁੜਨਾ ਹੈ। ਗੁਰੂ ਜੀ ਦੀ ਬਾਣੀ ਮਨੁੱਖ ਨੂੰ ਭੇਖ-ਰਹਿਤ ਜੀਵਨ ਜੀਊਣ ਦੀ ਪ੍ਰੇਰਣਾ ਦਿੰਦੀ ਹੈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਬੇਅੰਤ ਡੂੰਘੇ ਅਨੁਭਵਾਂ ਅਤੇ ਤੱਤਸਾਰੀ ਗੁਣਾਂ ਨਾਲ ਭਰਪੂਰ ਹੈ ਜੋ ਕਿ ਕਥਨ ਤੋਂ ਬਾਹਰ ਹੈ। "ਇਸ ਵਿੱਚੋਂ ਮਨੁੱਖਤਾ, ਭਾਈਚਾਰਾ, ਆਤਮਿਕ ਗਿਆਨ ਤੇ ਵੈਰਾਗ ਦਾ ਸੁਨੇਹਾ ਮਿਲਦਾ ਹੈ। ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਵਰਤੇ ਗਏ ਅਲੰਕਾਰ ਆਮ ਜੀਵਨ ਵਿੱਚੋਂ ਚੁਣੇ ਹਨ ਤੇ ਆਸ਼ਿਆਂ ਨੂੰ ਇਸ ਤਰ੍ਹਾਂ ਸਪੱਸ਼ਟ ਕੀਤਾ ਹੈ ਕਿ ਆਮ ਸੂਝ-ਬੂਝ ਵਾਲਾ ਇਨਸਾਨ ਬਾਣੀ ਦਾ ਪੂਰਾ-ਪੂਰਾ ਲਾਭ ਉਠਾ ਲੈਂਦਾ ਹੈ।"[੧] ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਫ਼ਲਸਫ਼ਾ ਤੇ ਵਿਚਾਰਧਾਰਕ ਪਹਿਲੂ ਗੁਰਮਤਿ ਵਿਚਾਰਧਾਰਾ ਦੀ ਸਿਖਰ ਕਹੇ ਜਾ ਸਕਦੇ ਹਨ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵਿਚ ਵੱਖ-ਵੱਖ ਸਰੋਕਾਰਾਂ ਬਾਰੇ ਦਿੱਤੇ ਗਏ ਉਪਦੇਸ਼ਾਂ ਨੂੰ ਅਸੀਂ ਇੱਥੇ ਸੰਖੇਪ ਵਿਚ ਸਮਝਣ ਦਾ ਯਤਨ ਕਰਾਂਗੇ।

ਗੁਰੂ ਸਾਹਿਬ ਨੇ ਸੰਬੋਧਨੀ ਸ਼ੈਲੀ ਵਿਚ ਮਨੁੱਖੀ ਮਨ ਨੂੰ ਅਨੇਕਾਂ ਥਾਵਾਂ 'ਤੇ ਸਮਝਾਉਣ ਦਾ ਯਤਨ ਕੀਤਾ ਹੈ, ਕਿਉਂਕਿ ਅਸਲ ਖੇਡ ਤਾਂ ਹੈ ਹੀ ਮਨ ਦੀ। ਜੇਕਰ ਮਨ ਸਮਝ ਵਿਚ ਆ ਜਾਵੇ ਤਾਂ ਤਮਾਮ ਸੰਸੇ ਤੇ ਭਰਮ-ਭੁਲੇਖੇ ਮਿਟ ਜਾਣਗੇ। ਗੁਰੂ ਸਾਹਿਬ ਦੀ ਬਾਣੀ ਅਨੁਸਾਰ ਮਨੁੱਖ ਦਾ ਮਨ ਲੋਭ, ਹੰਕਾਰ (ਅਭਿਮਾਨ), ਚੰਚਲਤਾ ਤੇ ਅਨੇਕਾਂ ਵਿਸ਼ੇ-ਵਿਕਾਰਾਂ ਵਿਚ ਗ੍ਰਸਤ ਹੈ ।

"ਚੰਗਿਆਈ, ਬੁਰਿਆਈ, ਵਿਕਾਰ, ਪਰਉਪਕਾਰ ਅਤੇ ਧਰਮ ਮਨੁੱਖ ਦੇ ਮਨ ਦਾ ਵਿਸ਼ਾ ਹਨ। ਚੰਗਾ ਜਾਂ ਬੁਰਾ, ਨੇਕੀ ਜਾਂ ਬਦੀ ਅਤੇ ਨਿਆਂ-ਅਨਿਆਂ ਅਮਲੀ ਤੌਰ 'ਤੇ ਕਰਨ ਤੋਂ ਪਹਿਲਾਂ ਮਨੁੱਖ ਦੇ ਮਨ ਵਿਚ ਹੀ ਸੰਕਲਪ ਉਪਜਦਾ ਹੈ।

ਗੁਰੂ ਸਾਹਿਬ ਜੀ ਨੇ ਇਕ ਪ੍ਰਬੀਨ ਮਨੋ-ਵਿਗਿਆਨੀ ਦੀ ਤਰ੍ਹਾਂ ਸਿੱਧੇ ਤੌਰ 'ਤੇ ਆਪਣੀ ਬਾਣੀ ਵਿਚ ਵਧੇਰੇ ਮਨੁੱਖੀ-ਮਨ ਨੂੰ ਹੀ ਸੰਬੋਧਨ ਕੀਤਾ ਹੈ। ਉਨ੍ਹਾਂ ਦੀ ਸਾਰੀ ਬਾਣੀ ਵਿੱਚੋਂ ੩੨ ਸ਼ਬਦਾਂ ਤੇ ਸਲੋਕਾਂ ਰਾਹੀਂ ਕੇਵਲ ਮਨੁੱਖ ਦੇ ਮਨ ਨੂੰ ਸੰਬੋਧਨ ਕੀਤਾ ਗਿਆ ਹੈ। ਇਸ ਤਰ੍ਹਾਂ ਮਨ ਉਤੇ ਪ੍ਰਭਾਵਸ਼ਾਲੀ ਤੇ ਸਾਰਥਕ ਅਸਰ ਪੈਂਦਾ ਹੈ।''[੨]

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸਲੋਕਾਂ ਅਤੇ ਸ਼ਬਦਾਂ ਵਿਚ 'ਮਨ' ਸਬੰਧੀ ਕਈ ਉਦਾਹਰਨਾਂ ਮਿਲਦੀਆਂ ਹਨ ਜਿਨ੍ਹਾਂ ਵਿਚ ਗੁਰੂ ਜੀ ਮਨ ਨੂੰ ਪਏ ਦੁਨਿਆਵੀ ਭੁਲੇਖਿਆਂ ਨੂੰ ਦੂਰ ਕਰਨ ਸਬੰਧੀ ਸੰਬੋਧਨ ਕਰ ਰਹੇ ਹਨ:

- ਰੇ ਮਨ ਓਟ ਲੇਹੁ ਹਰਿ ਨਾਮਾ॥
ਜਾ ਕੈ ਸਿਮਰਨਿ ਦੁਰਮਤਿ ਨਾਸੈ ਪਾਵਹਿ ਪਦੁ ਨਿਰਬਾਨਾ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੯੦੧)

- ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ॥
ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗਿ ਨ ਹੋਇਆ॥੧॥ਰਹਾਉ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੭੨੬)

- ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ॥
ਕਹੁ ਨਾਨਕ ਸੁਨਿ ਰੇ ਮਨਾ ਦੁਰਲਭ ਮਾਨੁਖ ਦੇਹ॥੨੭॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੭)

- ਜਤਨ ਬਹੁਤ ਸੁਖ ਕੇ ਕੀਏ ਦੁਖ ਕੋ ਕੀਓ ਨ ਕੋਇ॥
ਕਹੁ ਨਾਨਕ ਸੁਨਿ ਰੇ ਮਨਾ ਹਰਿ ਭਾਵੈ ਸੋ ਹੋਇ॥੩੯॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੮)

''ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵਿਚ ਪਰਮਾਤਮਾ ਦੇ ਗੁਣਾਂ ਦਾ ਵਰਣਨ, ਉਸ ਦੀ ਸਰਬ-ਵਿਆਪਕਤਾ ਅਤੇ ਮਨੁੱਖ ਨਾਲ ਉਸ ਦੇ ਰਿਸ਼ਤੇ ਨੂੰ ਬਹੁਤ ਹੀ ਗਹਿਰਾਈ ਨਾਲ ਸਮਝਾਇਆ ਗਿਆ ਹੈ। ਗੁਰੂ ਜੀ ਨੇ ਆਪਣੀ ਬਾਣੀ ਵਿਚ ਮਨੁੱਖ ਨੂੰ ਪਰਮਾਤਮਾ ਨਾਲ ਜੁੜਨ ਅਤੇ ਉਸ ਦਾ ਸਿਮਰਨ ਕਰਨ ਦੀ ਪ੍ਰੇਰਨਾ ਕੀਤੀ ਹੈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਆਪਣੀ ਪਾਵਨ ਬਾਣੀ ਅੰਦਰ ਪਰਮਾਤਮਾ ਨੂੰ ਕਈ ਨਾਵਾਂ ਜਿਵੇਂ ਕਿ- ਬ੍ਰਹਮ, ਹਰੀ, ਨਿਰੰਜਨ, ਗੋਬਿੰਦ, ਰਾਮੁ, ਪ੍ਰਭ, ਭਗਵਾਨ, ਨਾਰਾਇਣ, ਭਗਵੰਤ, ਸੁਆਮੀ, ਦੀਨਾਨਾਥ, ਚਿੰਤਾਮਨਿ, ਕਰੁਣਮੈ, ਠਾਕੁਰਿ, ਗੁਸਾਈਂ, ਰਘੁਨਾਥ, ਮੁਰਾਰੀ, ਨਾਲ ਸੰਬੋਧਿਤ ਕੀਤਾ ਹੈ। ਆਪ ਜੀ ਨੇ ਪਰਮਾਤਮਾ ਦੀ ਸਰਬ-ਵਿਆਪਕਤਾ ਦਾ ਅਤਿ ਸੁੰਦਰ ਚਿਤਰਨ ਕਰਦਿਆਂ ਕਿਹਾ ਹੈ ਕਿ ਜਿਸ ਤਰ੍ਹਾਂ ਫੁੱਲਾਂ ਵਿਚ ਸੁਗੰਧ ਵਿਦਮਾਨ ਰਹਿੰਦੀ ਹੈ ਅਤੇ ਸ਼ੀਸ਼ੇ ਵਿਚ ਛਾਇਆ (ਅਕਸ) ਮੌਜੂਦ ਹੁੰਦੀ ਹੈ ਉਸੇ ਤਰ੍ਹਾਂ ਹੀ ਪਰਮਾਤਮਾ ਸਾਰੇ ਜੀਵਾਂ ਦੇ ਅੰਦਰ

ਇਕ-ਰਸ ਵੱਸਦਾ ਹੈ।"[੩] ਗੁਰੂ ਸਾਹਿਬ ਨੇ ਪਰਮਾਤਮਾ ਨੂੰ ਜੰਗਲਾਂ ਆਦਿ ਵਿਚ ਢੂੰਢਣ ਦੀ ਥਾਂ ਆਪਣੇ ਹਿਰਦੇ ਵਿੱਚੋਂ ਹੀ ਲੱਭਣ ਦਾ ਉਪਦੇਸ਼ ਦਿੰਦੇ ਹਨ। ਗੁਰੂ ਸਾਹਿਬ ਫੁਰਮਾਉਂਦੇ ਹਨ:

ਕਾਹੇ ਰੇ ਬਨ ਖੋਜਨ ਜਾਈ॥
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥੧॥ਰਹਾਉ॥
ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥
ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੬੮੪)

ਨੌਵੇਂ ਪਾਤਸ਼ਾਹ ਦੀ ਬਾਣੀ ਦੇ ਉਪਦੇਸ਼ ਵਿਚ ਸੰਸਾਰ ਦੀ ਨਾਸ਼ਮਾਨਤਾ ਦਾ ਜ਼ਿਕਰ ਵੀ ਪ੍ਰਬਲ ਰੂਪ ਵਿਚ ਸਾਹਮਣੇ ਆਇਆ ਹੈ। ਇੱਥੇ ਇਹ ਗੱਲ ਵੀ ਜ਼ਿਕਰਯੋਗ ਅਤੇ ਧਿਆਨ ਵਿਚ ਰੱਖਣ ਵਾਲੀ ਹੈ ਕਿ ਗੁਰੂ ਸਾਹਿਬ ਵੱਲੋਂ ਦਰਸਾਈ ਗਈ ਨਾਸ਼ਮਾਨਤਾ ਨੂੰ ਸਮਝਾਉਣ ਵਾਲੀ ਵਿਚਾਰਧਾਰਾ ਭਾਂਜਵਾਦੀ ਨਹੀਂ। ਇਹ ਉਹੀ ਆਸ਼ਾ ਰੱਖਦੀ ਵਿਚਾਰਧਾਰਾ ਹੈ ਜਿਸ ਵਿਚ "ਅੰਜਨ ਮਾਹਿ ਨਿਰੰਜਨਿ ਰਹੀਐ" ਦਾ ਸੰਕਲਪ ਉਜਾਗਰ ਹੁੰਦਾ ਹੈ। ਗੁਰੂ ਸਾਹਿਬ ਆਪਣੀ ਬਾਣੀ ਵਿਚ ਸੰਸਾਰ ਨੂੰ ਸੁਪਨੇ ਦੀ ਨਿਆਈਂ ਦੱਸਦੇ ਹਨ। ਜਿਵੇਂ ਅੱਖ ਖੁੱਲਣ ਮਗਰੋਂ ਸੁਪਨਾ ਕਿਤੇ ਅਲੋਪ ਹੋ ਜਾਂਦਾ ਹੈ, ਸੰਸਾਰ ਵੀ ਉਸੇ ਤਰ੍ਹਾਂ ਨਾਸ਼ਮਾਨ ਹੈ। ਇੰਨਾ ਹੀ ਨਹੀਂ ਬਲਕਿ ਨੌਵੇਂ ਪਾਤਸ਼ਾਹ ਨੇ ਇਸ ਜਗਤ ਨੂੰ ਤਮਾਸ਼ੇ , ਧੂੰਏਂ ਦੇ ਪਹਾੜ, ਬਾਰੂ ਕੀ ਭੀਤਿ, ਮ੍ਰਿਗ ਤ੍ਰਿਸ਼ਨਾ, ਪਾਣੀ ਦਾ ਬੁਲਬੁਲਾ, ਬਾਦਰ ਕੀ ਛਾਹੀ ਆਦਿ ਦੇ ਅਲੰਕਾਰਾਂ ਅਤੇ ਦ੍ਰਿਸ਼ਟਾਂਤਾਂ ਰਾਹੀਂ ਆਪਣੀ ਬਾਣੀ ਵਿਚ ਤੁਲਨਾਇਆ ਹੈ। ਗੁਰੂ ਸਾਹਿਬ ਉਪਦੇਸ਼ ਦਿੰਦੇ ਹਨ:

-ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ॥
ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ॥੨੩॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੭)

-ਕਾਂ ਕੋ ਤਨੁ ਧਨੁ ਸੰਪਤਿ ਕਾਂ ਕੀ ਕਾ ਸਿਉ ਨੇਹੁ ਲਗਾਹੀ॥
ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਹੀ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੩੧)

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਅਨੁਸਾਰ ਮਨੁੱਖ ਨੂੰ ਸੰਸਾਰਕ ਫ਼ਰਜ਼ ਨਿਭਾਉਂਦੇ ਹੋਏ ਪਰਮਾਤਮਾ ਨਾਲ ਜੁੜੇ ਰਹਿਣਾ ਚਾਹੀਦਾ ਹੈ। ਗ੍ਰਿਹਸਥ ਵਿਚ ਰਹਿ ਕੇ ਹੀ ਮਨੁੱਖ ਸੱਚੇ ਆਦਰਸ਼ਾਂ ਤੇ ਧਰਮ ਦੀ ਰੱਖਿਆ ਕਰ ਸਕਦਾ ਹੈ, ਕਿਉਂਕਿ ਸੰਸਾਰ ਦੇ ਫ਼ਰਜ਼ਾਂ ਤੋਂ ਉਪਰਾਮ ਹੋਣ ਤੋਂ ਗੁਰਮਤਿ ਵਿਚਾਰਧਾਰਾ ਵਰਜਦੀ ਹੈ। ਗੁਰਬਾਣੀ ਅਨੁਸਾਰ ਤਾਂ ਇਹੀ ਸੰਸਾਰ ਦੇ ਫ਼ਰਜ਼ ਮਨੁੱਖ ਨੂੰ ਇਸ ਯੋਗ ਬਣਾਉਂਦੇ

ਹਨ ਕਿ ਉਨ੍ਹਾਂ ਨੂੰ ਨਿਭਾਉਂਦਿਆਂ ਹੀ ਮਨੁੱਖ ਜੀਵਨ-ਮੁਕਤ ਹੋ ਸਕਦਾ ਹੈ ਭਾਵ ਮੁਕਤੀ ਪ੍ਰਾਪਤ ਕਰ ਸਕਦਾ ਹੈ।

"ਭਾਰਤ ਦੇ ਕੁਝ ਧਰਮਾਂ, ਜੋਗ ਮੱਤ ਅਤੇ ਸੰਨਿਆਸ ਆਦਿ ਦੀ ਵਿਚਾਰਧਾਰਾ ਅਨੁਸਾਰ ਗ੍ਰਿਹਸਥ ਵਿਚ ਰਹਿੰਦਿਆਂ ਮੁਕਤੀ ਦੀ ਪ੍ਰਾਪਤੀ ਜਾਂ ਪ੍ਰਮੇਸ਼ਰ ਵਿਚ ਅਭੇਦਤਾ ਨੂੰ ਅਸੰਭਵ ਹੀ ਖਿਆਲ ਕੀਤਾ ਜਾਂਦਾ ਸੀ। ਉਨ੍ਹਾਂ ਦੇ ਪ੍ਰਚਾਰ ਅਨੁਸਾਰ ਗ੍ਰਿਹਸਤ ਇਕ ਜੰਜਾਲ ਹੈ। ਗ੍ਰਹਿਸਥੀ-ਜੀਵਨ ਮਨੁੱਖਤਾ ਦੀ ਪੂਰਨਤਾ ਤਕ ਪੁੱਜਣ ਲਈ ਇਕ ਭਾਰੀ ਰੁਕਾਵਟ ਹੀ ਸਮਝੀ ਜਾਂਦੀ ਸੀ। ਉਸ ਦੇ ਫਲ ਸਰੂਪ ਧਾਰਮਿਕ ਰੁਚੀ ਰੱਖਣ ਵਾਲੇ ਪੁਰਸ਼ ਘਰ-ਬਾਰ ਤਿਆਗ ਕੇ ਜੰਗਲਾਂ ਵਿਚ ਜਾ ਡੇਰੇ ਲਾਉਂਦੇ ਸਨ।"[੪] ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਸਪੱਸ਼ਟ ਰੂਪ ਵਿਚ ਸਮਝਾਇਆ ਕਿ ਜੰਗਲਾਂ-ਵਣਾਂ ਵਿਚ ਜਾਣ ਦੀ ਲੋੜ ਨਹੀਂ, ਪਰਮਾਤਮਾ ਘਟ-ਘਟ ਵਿਚ ਵਸਦਾ ਹੈ। ਹਰੇਕ ਜੀਵ ਅੰਦਰ ਉਸ ਦਾ ਨਿਵਾਸ ਹੈ, ਬਸ ਲੋੜ ਉਸ ਨੂੰ ਆਪਣੇ ਹਿਰਦੇ ਵਿੱਚੋਂ ਲੱਭਣ ਦੀ ਹੈ। ਮਨੁੱਖ ਉਸ ਅਕਾਲ ਪੁਰਖ ਪਰਮਾਤਮਾ ਦਾ ਸਿਮਰਨ ਕਰ ਕੇ ਹੀ ਮੁਕਤੀ ਪ੍ਰਾਪਤ ਕਰ ਸਕਦਾ ਹੈ। ਫੁਰਮਾਨ ਹੈ:

-ਬਾਹਰਿ ਭੀਤਰਿ ਏਕੋ ਜਾਨਹੁ
ਇਹੁ ਗੁਰ ਗਿਆਨੁ ਬਤਾਈ॥ *(ਸ੍ਰੀ ਗੁਰੂ ਗ੍ਰੰਥ ਸਾਹਿਬ, ੬੮੪)*
-ਸਭ ਸੁਖ ਦਾਤਾ ਰਾਮੁ ਹੈ ਦੂਸਰ ਨਾਹਿਨ ਕੋਇ॥
ਕਹੁ ਨਾਨਕ ਸੁਨਿ ਰੇ ਮਨਾ ਤਿਹ ਸਿਮਰਤ ਗਤਿ ਹੋਇ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੬)

ਗੁਰੂ ਸਾਹਿਬ ਨੇ ਜਿੱਥੇ ਸੰਸਾਰ ਦੀ ਨਾਸ਼ਮਾਨਤਾ ਸਬੰਧੀ ਆਪਣੀ ਬਾਣੀ ਵਿਚ ਮਨੁੱਖ ਨੂੰ ਉਪਦੇਸ਼ ਦਿੰਦਿਆਂ ਸਮਝਾਇਆ ਹੈ, ਉੱਥੇ ਸੰਸਾਰ ਵਿਚ ਵਿਚਰਨ ਵਾਲੇ ਇਨਸਾਨਾਂ ਅਤੇ ਉਨ੍ਹਾਂ ਦੇ ਆਪਸੀ ਰਿਸ਼ਤਿਆਂ ਸਬੰਧੀ ਵੀ ਭੁਲੇਖਾ ਦੂਰ ਕੀਤਾ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਇਸ ਜਗਤ ਵਿਚ ਕੋਈ ਵੀ ਵਿਅਕਤੀ ਕਿਸੇ ਦੂਸਰੇ ਦਾ ਸਾਥ ਤੋੜ ਤਕ ਨਿਭਾਉਣ ਵਾਲਾ ਮਿੱਤਰ ਨਹੀਂ ਹੈ। ਹਰ ਕੋਈ ਆਪੋ-ਆਪਣੇ ਸੁੱਖ ਵਿਚ ਬੱਝਾ ਹੋਇਆ ਹੈ। ਹਰੇਕ ਮਨੁੱਖ ਆਪਣੀ ਲੋੜ ਕਰਕੇ ਦੂਜੇ ਨਾਲ ਵਾਸਤਾ ਰੱਖਦਾ ਹੈ। ਸਾਰਾ ਸੰਸਾਰ ਹੀ ਆਪਣੇ ਸੁੱਖ ਦੀ ਲੋਚਾ ਕਰਦਾ ਹੈ ਪਰੰਤੂ ਦੁੱਖ ਵਿਚ ਕਿਸੇ ਦਾ ਸਾਥੀ ਨਹੀਂ ਬਣਦਾ। ਰਿਸ਼ਤਾ-ਨਾਤਾ ਪ੍ਰਣਾਲੀ ਸਿਰਫ ਮਾਇਆ, ਪੈਸੇ ਆਦਿ ਦੀ ਲੋੜ ਨਾਲ ਬੱਝੀ ਹੈ ਇਹ ਜਦੋਂ ਮਨੁੱਖ ਨੂੰ ਕੰਗਾਲ ਹੋਇਆ ਵੇਖਦੀ ਹੈ ਤਾਂ ਸਾਥ ਛੱਡ ਜਾਂਦੀ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ:

-ਇਹ ਜਗਿ ਮੀਤੁ ਨ ਦੇਖਿਓ ਕੋਈ॥
ਸਗਲ ਜਗਤੁ ਅਪਨੈ ਸੁਖਿ ਲਾਗਿਓ ਦੁਖ ਮੈ ਸੰਗਿ ਨ ਹੋਈ॥੧॥ਰਹਾਉ॥
ਦਾਰਾ ਮੀਤ ਪੂਤ ਸਨਬੰਧੀ ਸਗਰੇ ਧਨ ਸਿਉ ਲਾਗੇ॥

ਜਬ ਹੀ ਨਿਰਧਨ ਦੇਖਿਓ ਨਰ ਕਉ ਸੰਗੁ ਛਾਡਿ ਸਭ ਭਾਗੇ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੩)

-ਪ੍ਰੀਤਮ ਜਾਨਿ ਲੇਹੁ ਮਨ ਮਾਹੀ॥
ਅਪਨੇ ਸੁਖ ਸਿਉ ਜਗੁ ਫਾਂਧਿਓ ਕੋ ਕਾਹੂ ਕੋ ਨਾਹੀ॥੧॥ਰਹਾਉ॥
ਸੁਖ ਮੈ ਆਨਿ ਬਹੁਤੁ ਮਿਲਿ ਬੈਠਤ ਰਹਤ ਚਹੂ ਦਿਸਿ ਘੇਰੈ॥
ਬਿਪਤਿ ਪਰੀ ਸਭ ਹੀ ਸੰਗੁ ਛਾਡਿਤ ਕੋਊ ਨ ਆਵਤ ਨੇਰੈ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੪)

ਗੁਰਬਾਣੀ ਅਨੁਸਾਰ ਮਨੁੱਖੀ ਜੀਵਨ ਸਰਬ-ਸ੍ਰੇਸ਼ਟ ਮੰਨਿਆ ਗਿਆ ਹੈ। ਧਰਤੀ ਉੱਪਰ ਕੋਈ ਵੀ ਜੀਵ ਮਨੁੱਖ ਦੀ ਬਰਾਬਰੀ ਨਹੀਂ ਕਰ ਸਕਦਾ। ਮਨੁੱਖ ਹੀ ਆਪਣੀ ਜੀਭ ਨਾਲ ਪਰਮਾਤਮਾ ਦਾ ਨਾਮ ਜਪ ਸਕਦਾ ਹੈ। ਇਸ ਮਨੁੱਖੀ ਜਨਮ ਦੀ ਅਮੋਲਕਤਾ ਇਹ ਹੈ ਕਿ ਹੈ ਬਾਰ-ਬਾਰ ਨਹੀਂ ਮਿਲਦਾ। ਇਸੇ ਜੀਵਨ ਵਿਚ ਪਰਮਾਤਮਾ ਦੀ ਪ੍ਰਾਪਤੀ ਯਕੀਨੀ ਬਣਾਉਣੀ ਚਾਹੀਦੀ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਫੁਰਮਾਉਂਦੇ ਹਨ ਕਿ ਹੇ ਮਨੁੱਖ! ਜੇ ਤੂੰ ਪਰਮਾਤਮਾ ਦੇ ਗੁਣ ਕਦੇ ਨਹੀਂ ਗਾਏ ਤਾਂ ਆਪਣਾ ਮਨੁੱਖਾ ਜੀਵਨ ਵਿਅਰਥ ਗੁਆ ਲਿਆ, ਇਸ ਲਈ ਹੇ ਮਨ! ਪਰਮਾਤਮਾ ਦਾ ਭਜਨ ਕਰਿਆ ਕਰ ਤੇ ਉਸ ਨੂੰ ਜ਼ਿੰਦਗੀ ਦਾ ਇਉਂ ਆਸਰਾ ਬਣਾ ਜਿਵੇਂ ਪਾਣੀ ਨੂੰ ਮੱਛੀ ਆਪਣਾ ਆਸਰਾ ਬਣਾਈ ਰੱਖਦੀ ਹੈ। ਗੁਰੂ ਸਾਹਿਬ ਆਪਣੇ ਸਲੋਕ ਵਿਚ ਫੁਰਮਾਉਂਦੇ ਹਨ:

ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ॥
ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੬)

ਸੋ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵਿਚਲੇ ਉਪਰੋਕਤ ਕੁਝ ਉਪਦੇਸ਼ਾਂ ਦੀ ਸੰਖੇਪ ਵਿਚਾਰ-ਚਰਚਾ ਤੋਂ ਇਹ ਪਤਾ ਲਗਦਾ ਹੈ ਕਿ ਮਨੁੱਖ ਨੂੰ ਸੰਸਾਰਿਕ ਕਾਰਜ ਨਿਭਾਉਂਦਿਆਂ ਹੋਇਆਂ, ਆਪਣੇ ਮਨ ਨੂੰ ਵਿਸ਼ੇ-ਵਿਕਾਰਾਂ ਤੋਂ ਹੋੜ ਕੇ ਪਰਮਾਤਮਾ ਦੀ ਬੰਦਗੀ ਵਿਚ ਲਗਾਉਣਾ ਹੀ ਮਨੁੱਖੀ ਜੀਵਨ ਦਾ ਅਸਲ ਮਕਸਦ ਹੈ ਜਿਸ ਨੂੰ ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਪ੍ਰਗਟ ਕੀਤਾ ਹੈ।

ਹਵਾਲੇ:

੧. *ਨਿਰਭਉ ਨਿਰੰਕਾਰ: ਮੁੱਖ ਸੰਪਾ. ਡਾ. ਰੂਪ ਸਿੰਘ, ਧਰਮ ਪ੍ਰਚਾਰ ਕਮੇਟੀ,* ਸ੍ਰੀ ਅੰਮ੍ਰਿਤਸਰ, ਪੰਨਾ ੨੯੩

੨. *ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਵਿਸ਼ਲੇਸ਼ਨਾਤਮਿਕ ਅਧਿਐਨ:* ਡਾ ਮਹਿੰਦਰ ਸਿੰਘ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਜੂਨ ੨੦੨੫, ਪੰਨਾ ੫

੩. *ਨਿਰਭਉ ਨਿਰੰਕਾਰ: ਮੁੱਖ ਸੰਪਾ. ਡਾ. ਰੂਪ ਸਿੰਘ, ਧਰਮ ਪ੍ਰਚਾਰ ਕਮੇਟੀ,* ਸ੍ਰੀ ਅੰਮ੍ਰਿਤਸਰ, ਸਤੰਬਰ ੨੦੧੮, ਪੰਨਾ ੨੮੫

੪. *ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਵਿਸ਼ਲੇਸ਼ਨਾਤਮਿਕ ਅਧਿਐਨ:* ਡਾ ਮਹਿੰਦਰ ਸਿੰਘ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਜੂਨ ੨੦੨੫, ਪੰਨਾ ੧੮

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਰਚਿਤ ਸਲੋਕ: ਇਕ ਅਧਿਐਨ

*-ਡਾ. ਰਣਜੀਤ ਕੌਰ ਪੰਨਵਾਂ**

ਧਰਮ ਦੀ ਅਜ਼ਾਦੀ ਲਈ ਸ਼ਹਾਦਤ ਦੇਣ ਵਾਲੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ (੧੬੨੧-੧੬੭੫ ਈ.) ਗੁਰੂ ਸਾਹਿਬ ਦੀ ਸਲੋਕ ਰਚਨਾ ਵਿਸ਼ੇਸ਼ ਹੈ। ਕਾਲਕ੍ਰਮ ਅਨੁਸਾਰ ਗੁਰੂ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੀਰਲੇ ਅਤੇ ਜੈਜਾਵੰਤੀ ਰਾਗ ਵਿਚ ਰਚਨਾ ਕਰਨ ਵਾਲੇ ਇੱਕੋ ਇਕ ਬਾਣੀਕਾਰ ਹਨ। ਉਨ੍ਹਾਂ ਦੀ ਰਚਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋਣ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨਤਾ ਹੁੰਦੀ ਹੈ। ਕਾਵਿ ਵਿਚ ਰਚਿਤ ੧੫ ਰਾਗਾਂ ਵਿਚ ੫੯ ਸ਼ਬਦ ਅਤੇ ੫੭ ਸਲੋਕ ਹਨ। ਸੋ, ਗੁਰੂ ਜੀ ਨੇ ਕੇਵਲ ਦੋ ਕਾਵਿ-ਰੂਪਾਂ ਸ਼ਬਦ ਅਤੇ ਸਲੋਕ ਨੂੰ ਦੈਵੀ ਭਾਵਾਂ ਦੀ ਪ੍ਰਸਤੁਤੀ ਲਈ ਵਰਤਿਆ ਹੈ। ਡਾ. ਤਾਰਨ ਸਿੰਘ ਗੁਰੂ ਜੀ ਰਚਿਤ ਬਾਣੀ ਬਾਰੇ ਲਿਖਦੇ ਹਨ:

‘‘ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਦਾ ਆਕਾਰ ਇੰਨਾ ਹੀ ਹੈ। ਸਲੋਕ ਸਾਰੇ ੫੭ ਹਨ ਅਤੇ ਪਦੇ ੫੯ ਹਨ। ਦੋਹਾਂ ਵਿਚ ਵਿਸ਼ਾ-ਵਸਤੂ ਤੇ ਵਿਚਾਰਧਾਰਾ ਇੱਕੋ ਹੈ ਅਤੇ ਸ਼ੈਲੀ ਸਮਾਨ ਹੈ। ਤਿੰਨ-ਚਾਰ ਮੁੱਖ ਖਿਆਲ ਮੁੜ-ਮੁੜ ਦੁਹਰਾਏ ਹਨ, ਪਰ ਹਰ ਪਦਾ ਆਪਣੇ ਆਪ ਵਿਚ ਸੰਪੂਰਨ, ਸਜਰਾ ਤੇ ਚਮਤਕਾਰੀ ਹੈ। ਰਾਗ-ਪ੍ਰਬੰਧ ਅਨੁਸਾਰ ਪਦਿਆਂ ਵਿਚ ਵਰਤੀ ਸ਼ਬਦਾਵਲੀ ਬਿੰਬਾਵਲੀ ਤੇ ਸ਼ੈਲੀ ਵਿਚ ਸੂਖਮ ਅੰਤਰ ਹੈ ਭਾਵੇਂ ਚਿੰਤਨ ਤੇ ਭਾਵਨਾ ਵਿਚ ਫਰਕ ਨਹੀਂ ਹੈ।’’[੧]

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸਲੋਕਾਂ ਦਾ, ਦੂਜੇ ਗੁਰੂ ਸਾਹਿਬਾਨ ਦੇ ਸਲੋਕਾਂ ਨਾਲੋਂ ਫਰਕ ਇਹ ਹੈ ਕਿ ਇਨ੍ਹਾਂ ਦੇ ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ਨੰ: ੧੪੨੬ ਤੋਂ ਲੈ ਕੇ ੧੪੨੯ ਉੱਪਰ ਇਕੋ ਹੀ ਥਾਂ ’ਤੇ ਸੁਭਾਇਮਾਨ ਹਨ, ਜਦ ਕਿ ਹੋਰ ਗੁਰੂ ਸਾਹਿਬ ਦੇ ਸਲੋਕ ਅਲੱਗ-ਅਲੱਗ ਬਾਣੀਆਂ, ਵਾਰਾਂ ਆਦਿ ਵਿਚ ਅੰਕਿਤ ਹਨ। ਸਲੋਕ ਮਹਲਾ ੯ ਸਿਰਲੇਖ ਹੇਠ ੫੨ ਸਲੋਕ ਅਤੇ ੫ ਦੋਹਰੇ ਦਰਜ ਹਨ, ਪਰ ਦੋਹਰਿਆਂ ਦੀ ਗਿਣਤੀ ਸਲੋਕਾਂ ਨਾਲ ਕਰਕੇ ਕੁੱਲ ਸੰਖਿਆ ੫੭ ਹੀ ਲਿਖੀ ਗਈ ਹੈ। ਉਂਵ ਸਾਰੇ ੫੭ ਸਲੋਕ ਦੋਹਰੇ ਛੰਦ ਦੇ ਤੋਲ ਵਾਲੇ ਹਨ। ਆਮ ਤੌਰ ’ਤੇ ਇਨ੍ਹਾਂ ਸਲੋਕਾਂ ਨੂੰ ‘ਭੋਗ ਦੇ ਸਲੋਕ’ ਵੀ ਕਿਹਾ ਜਾਂਦਾ ਹੈ। ਇਸ ਦਾ ਕਾਰਨ ਇਹ ਹੈ ਕਿ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨਤਾ/ਭੋਗ ਸਮੇਂ ਪੜ੍ਹੇ ਜਾਂਦੇ ਹਨ। ਇਨ੍ਹਾਂ ਸਲੋਕਾਂ ਤੋਂ ਬਾਅਦ ਕੇਵਲ ਮੁੰਦਾਵਣੀ ਮਹਲਾ ੫, ਸਲੋਕ ਮ: ੫ ਤੇਰਾ ਕੀਤਾ

* *ਇੰਚਾਰਜ, ਧਾਰਮਿਕ ਪ੍ਰੀਖਿਆ ਬ੍ਰਾਂਚ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ। ਮੋ. ੯੮੧੪੮-੫੧੫੧੩*

ਜਾਤੋ ਨਾਹੀ...॥ ਅਤੇ ਰਾਗਮਾਲਾ ਹੀ ਅੰਕਿਤ ਹਨ।

ਗੁਰੂ ਜੀ ਰਚਿਤ ਸਾਰੇ ਸਲੋਕ ਮਾਤ੍ਰਿਕ ਵਿਧਾਨ ਤੋਂ ਦੋਹਰੇ ਛੰਦ ਦੇ ਨੇਮ ਨੂੰ ਪਾਲਦੇ ਹਨ। ਕੁਝ ਸਲੋਕਾਂ ਵਿਚ ਮਾਤਰਾ ਘੱਟ ਜਾਂ ਵੱਧ ਹਨ ਅਤੇ ਕਿਤੇ-ਕਿਤੇ ਸੋਰਠੇ ਛੰਦ ਦੇ ਨੇਮ ਵੀ ਢੁਕਦੇ ਹਨ। ਗੁਰੂ ਜੀ ਰਚਿਤ ਸਲੋਕ ਕਾਵਿ ਪੱਖੋਂ ਵਿਸ਼ੇਸ ਮਹੱਤਤਾ ਰੱਖਦੇ ਹਨ। ਸਲੋਕਾਂ ਵਿਚ ਉਪਦੇਸ਼ਆਤਮਕ, ਸੰਬੋਧਨਮਈ, ਪ੍ਰਸ਼ਨੋਤਰੀ, ਦਲੀਲਯੁਕਤ ਸ਼ੈਲੀ ਨੂੰ ਅਪਣਾਇਆ ਹੈ। ਪ੍ਰਾਣੀਮਾਤਰ ਨੂੰ ਉਪਦੇਸ਼ ਦੇਣ ਲਈ ਪ੍ਰਮੁੱਖ ਰੂਪ ਵਿਚ ਸੰਬੋਧਨੀ ਸ਼ੈਲੀ ਅਪਣਾਈ ਹੈ। ਸੰਬੋਧਨੀ ਸ਼ਬਦ ਨਰ, ਪ੍ਰਾਣੀ, ਸਾਧੋ, ਮੀਤ, ਰੇ ਮਨਾ ਆਦਿ ਕਈ ਵਾਰ ਵਰਤੇ ਗਏ ਹਨ। ਉਦਾਹਰਨ ਲਈ:

-ਕਹੁ ਨਾਨਕ ਨਰ ਬਾਵਰੇ ਕਿਉ ਨ ਭਜੈ ਭਗਵਾਨੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੬)

-ਕਹੁ ਨਾਨਕ ਸੁਨੁ ਰੇ ਮਨਾ ਸਿਮਰਤ ਕਾਹਿ ਨ ਰਾਮੁ॥(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੬)

ਪ੍ਰਸ਼ਨੋਤਰੀ ਸ਼ੈਲੀ ਦੀਆਂ ਉਦਾਹਰਨਾਂ ਸਲੋਕਾਂ ਵਿਚ ਕਈ ਮਿਲਦੀਆਂ ਹਨ। ਪ੍ਰਾਣੀ ਮਾਤਰ ਨੂੰ ਉਪਦੇਸ਼ ਦੇਣ ਲਈ ਪ੍ਰਸ਼ਨ ਕੀਤਾ ਗਿਆ ਅਤੇ ਫਿਰ ਉਸ ਦਾ ਜਵਾਬ ਵੀ ਉਸੇ ਸਲੋਕ ਵਿਚ ਦਿੱਤਾ ਹੈ, ਉਦਾਹਰਨ ਲਈ:

ਬਿਖਿਅਨ ਸਿਉ ਕਾਹੇ ਰਚਿਓ ਨਿਮਖ ਨ ਹੋਹਿ ਉਦਾਸੁ॥

ਕਹੁ ਨਾਨਕ ਭਜੁ ਹਰਿ ਮਨਾ ਪਰੈ ਨ ਜਮ ਕੀ ਫਾਸ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੬)

ਇਸ ਸਲੋਕ ਵਿਚ ਪ੍ਰਸ਼ਨ ਕੀਤਾ ਹੈ ਕਿ ਜੀਵ ਵਿਸ਼ੇ ਵਿਕਾਰਾਂ ਵਿਚ ਕਿਉਂ ਇਤਨਾ ਮਸਤ, ਰਚਿਆ-ਮਿਚਿਆ ਰਹਿੰਦਾ ਹੈ, ਅੱਖ ਝਮਕਣ ਜਿੰਨਾ ਛਿਣ ਵੀ, ਇਨ੍ਹਾਂ ਵਿਕਾਰਾਂ ਤੋਂ ਮਨ ਨਹੀਂ ਹਟਾਉਂਦਾ। ਫਿਰ ਜੀਵ ਨੂੰ ਸਮਝਾਇਆ ਹੈ ਕਿ ਪਰਮਾਤਮਾ ਦਾ ਭਜਨ ਕਰਨਾ ਚਾਹੀਦਾ ਹੈ। ਪ੍ਰਭੂ ਨਾਮ ਨਾਲ ਹੀ ਜਮਾਂ ਦੀ ਫਾਹੀ ਤੋਂ ਖਲਾਸੀ ਮਿਲਦੀ ਹੈ। ਸਲੋਕਾਂ ਵਿਚ ਇੰਦਰਾਵੀਂ ਬਿੰਬ, ਰੂਪ ਬਿੰਬ, ਪ੍ਰਕ੍ਰਿਤਿਕ ਬਿੰਬ, ਸਮਾਜਿਕ ਬਿੰਬ ਅਤੇ ਦ੍ਰਿਸ਼ ਬਿੰਬਾਂ ਦੀ ਸਿਰਜਣਾ ਕੀਤੀ ਗਈ ਹੈ। ਗੁਰੂ ਜੀ ਨੇ ਮਨੁੱਖੀ ਜੀਵਨ ਦੀ ਨਾਸ਼ਵਾਨਤਾ ਨੂੰ ਦਰਸਾਉਣ ਲਈ ਕਈ ਬਿੰਬ ਵਰਤੇ ਹਨ, ਜਿਵੇਂ ਮਨੁੱਖੀ ਜੀਵਨ ਦੀ ਤੁਲਨਾ ਪਾਣੀ ਦੇ ਬੁਲਬੁਲੇ ਅਤੇ ਰੇਤ ਦੀ ਕੰਧ ਨਾਲ ਕੀਤੀ ਗਈ ਹੈ:

-ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ॥

ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੭)

-ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ ॥

ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੯)

ਗੁਰੂ ਜੀ ਦੁਆਰਾ ਜਗਤ ਲਈ 'ਭਿਖਾਰੀ' ਅਤੇ ਪ੍ਰਭੂ ਪਰਮਾਤਮਾ ਲਈ 'ਦਾਤਾ' ਰੂਪਕ ਬਿੰਬ ਆਮ ਵਰਤਿਆ ਹੈ। ਪ੍ਰਾਣੀ ਮਾਤਰ ਨੂੰ ਸਮਝਾਉਣ ਲਈ ਅਤੇ ਮਾਇਆ ਦੇ ਪ੍ਰਭਾਵ ਤੋਂ ਨਿਰਲੇਪ ਰਹਿਣ ਲਈ ਕਈ ਥਾਵਾਂ ਉੱਪਰ ਮਾਇਆ ਨੂੰ 'ਮਦਿ-ਮਾਇਆ' ਦੇ ਬਿੰਬ ਰਾਹੀਂ ਪ੍ਰਗਟਾਇਆ ਹੈ ਕਿ ਮਾਇਆ ਨਸ਼ੇ ਵਾਲਾ ਤੱਤ

ਹੈ। ਜਿਵੇਂ ਨਸ਼ੇ ਦਾ ਕੁਝ ਸਮੇਂ ਬਾਅਦ ਅਸਰ ਖ਼ਤਮ ਹੋ ਜਾਂਦਾ ਹੈ। ਇਸੇ ਤਰ੍ਹਾਂ ਮਾਇਆ ਵੀ ਆਪਣਾ ਆਧਾਰ ਬਦਲਦੀ ਰਹਿੰਦੀ ਹੈ। ਇਸ ਕਰਕੇ ਮਾਇਆ ਦੇ ਚੱਕਰਾਂ 'ਚ ਨਹੀਂ ਫਸਣਾ ਚਾਹੀਦਾ। ਦੁਨਿਆਵੀ/ਸੰਸਾਰਕ ਪਦਾਰਥਾਂ ਦੇ ਮੋਹ-ਜਾਲ ਨੂੰ ਗੁਰੂ ਜੀ 'ਮਾਇਆ' ਦੇ ਬਿੰਬ ਰਾਹੀਂ ਦਰਸਾਉਂਦੇ ਹਨ:

ਮਨੁ ਮਾਇਆ ਮੈ ਫਧਿ ਰਹਿਓ ਬਿਸਰਿਓ ਗੋਬਿੰਦ ਨਾਮੁ॥
ਕਹੁ ਨਾਨਕ ਬਿਨੁ ਹਰਿ ਭਜਨ ਜੀਵਨ ਕਉਨੇ ਕਾਮ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੮)

ਬਿੰਬਾਂ ਦੀ ਸੁਯੋਗ ਵਰਤੋਂ ਦੇ ਨਾਲ-ਨਾਲ ਪ੍ਰਤੀਕਾਂ ਦੀ ਵੀ ਤਰਜਮਾਨੀ ਖ਼ੂਬ ਹੋਈ ਹੈ। ਡਾ. ਰਤਨ ਸਿੰਘ ਜੱਗੀ ਅਨੁਸਾਰ ਗੁਰੂ ਜੀ ਦੁਆਰਾ ਤਿੰਨ ਤਰ੍ਹਾਂ ਦੇ ਪ੍ਰਤੀਕ ਪਰੰਪਰਾਗਤ ਪ੍ਰਤੀਕ ਜਿਵੇਂ 'ਹੰਸ' ਆਤਮਾ ਲਈ ਵਰਤਿਆ ਪਰੰਪਰਾਗਤ ਪ੍ਰਤੀਕ ਹੈ। ਮਾਨਸਿਕ ਪ੍ਰਤੀਕ ਅਤੇ ਪ੍ਰਕ੍ਰਿਤਕ ਪ੍ਰਤੀਕ ਵਰਤੇ ਗਏ ਹਨ।[੨] ਸਲੋਕਾਂ ਵਿਚ ਹੰਸ, ਬਿਖ (ਜਹਿਰ), ਕੰਚਨ (ਸੋਨਾ), ਮਿੱਟੀ, ਕੁੰਚਰ (ਹਾਥੀ), ਬਾਲੂ (ਰੇਤ), ਸੁਆਨ (ਕੁੱਤਾ) ਰਾਮ, ਰਾਵਣ ਆਦਿ ਪ੍ਰਤੀਕ ਵਰਤੇ ਗਏ ਹਨ। ਸਲੋਕਾਂ ਵਿਚ ਸੰਸਾਰਿਕ/ਦੁਨਿਆਵੀਂ ਪਦਾਰਥਾਂ, ਮਾਇਆ ਆਦਿ ਲਈ ਬਿਖ (ਜ਼ਹਿਰ) ਦਾ ਪ੍ਰਤੀਕ ਵਰਤਿਆ ਹੈ:

ਜਿਹਿ ਬਿਖਿਆ ਸਗਲੀ ਤਜੀ ਲੀਓ ਭੇਖ ਬੈਰਾਗ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੭)

ਇਸੇ ਤਰ੍ਹਾਂ ਹੀ ਸੁਆਨ (ਕੁੱਤੇ) ਦਾ ਪ੍ਰਤੀਕ ਵਰਤ ਕੇ ਮਨੁੱਖੀ ਜੀਵ ਨੂੰ ਸਮਝਾਇਆ ਹੈ ਕਿ ਜਿਵੇਂ ਕੁੱਤਾ ਆਪਣੇ ਮਾਲਕ ਦਾ ਦੁਆਰ (ਬੂਹਾ) ਸਦਾ ਮੱਲੀ ਰੱਖਦਾ ਹੈ, ਕਦੇ ਵੀ ਛੱਡਦਾ ਨਹੀਂ, ਵਫਾਦਾਰ ਰਹਿ ਕੇ ਰਾਖੀ ਕਰਦਾ ਹੈ ਅਤੇ ਉਸ ਦਾ ਹੋ ਕੇ ਰਹਿੰਦਾ ਹੈ। ਇਸੇ ਤਰ੍ਹਾਂ ਜੀਵ ਨੂੰ ਇਕ ਮਨ ਇਕ ਚਿੱਤ ਹੋ ਕੇ ਪਰਮਾਤਮਾ ਦਾ ਭਜਨ ਕਰਨਾ ਚਾਹੀਦਾ ਹੈ। ਉਸ ਦਾ ਦਰ ਛੱਡ ਕੇ ਹੋਰ ਦਰਾਂ 'ਤੇ ਭਟਕਣਾ ਨਹੀਂ ਚਾਹੀਦਾ। ਲਗਭਗ ਤਿੰਨ-ਚਾਰ ਸਲੋਕਾਂ ਵਿਚ ਨੌਵੇਂ ਪਾਤਸ਼ਾਹ ਜੀ ਨੇ ਕੁੱਤੇ ਦਾ ਪ੍ਰਤੀਕ ਵਰਤਿਆ ਹੈ:

ਏਕ ਭਗਤਿ ਭਗਵਾਨ ਜਿਹ ਪ੍ਰਾਨੀ ਕੈ ਨਾਹਿ ਮਨਿ॥
ਜੈਸੇ ਸੂਕਰ ਸੁਆਨ ਨਾਨਕ ਮਾਨੋ ਤਾਹਿ ਤਨੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੮)

ਸਲੋਕਾਂ ਵਿਚ ਅਲੰਕਾਰ (ਰੂਪਕ, ਉਪਮਾ, ਦ੍ਰਿਸ਼ਟਾਂਤ, ਅਰਥਾਲੰਕਾਰ) ਦੀ ਵਰਤੋਂ ਉਚੇਚ ਨਾਲ ਨਹੀਂ ਸਗੋਂ ਸਹਿਜ-ਸੁਭਾ ਹੀ ਹੋਈ ਮਿਲਦੀ ਹੈ। ਗੁਰੂ ਜੀ ਰਚਿਤ ਸਲੋਕਾਂ ਵਿਚ ਰਸ ਸਿਧਾਂਤ ਦਾ ਵਿਸ਼ੇਸ਼ ਮਹੱਤਵ ਹੈ। ਗੁਰੂ ਜੀ ਰਚਿਤ ਸਲੋਕਾਂ ਵਿਚ ਸ਼ਾਂਤ ਰਸ, ਭਿਆਨਕ ਰਸ, ਕਰੁਣਾ ਰਸ ਅਤੇ ਵੈਰਾਗ ਦੇ ਕਈ ਨਮੂਨੇ ਮਿਲਦੇ ਹਨ। ਕਿਸੇ ਪਿਆਰੇ ਜਾਂ ਨਜ਼ਦੀਕੀ ਦੇ ਵਿਛੋੜੇ ਨੂੰ ਵਰਣਨ ਕਰਕੇ ਕਰੁਣਾ ਰਸ ਨੂੰ ਉਪਜਾਇਆ ਹੈ, ਇਹੋ ਜਿਹੇ ਭਾਵ ਨਿਮਨਅੰਕਿਤ ਸਲੋਕ ਵਿੱਚੋਂ ਉਜਾਗਰ ਹੁੰਦਾ ਹੈ:

ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ॥
ਕਹੁ ਨਾਨਕ ਇਹ ਬਿਪਤਿ ਮੈ ਟੇਕ ਏਕ ਰਘੁਨਾਥ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੯)

ਗੁਰੂ ਜੀ ਰਚਿਤ ਸਲੋਕਾਂ ਦੀ ਭਾਸ਼ਾ ਸਰਲਭਾਵੀ ਹੈ। ਜੋ ਆਮ ਪਾਠਕ ਨੂੰ ਸਹਿਜੇ

ਹੀ ਸਮਝ ਆ ਜਾਂਦੀ ਹੈ। ਇਸੇ ਕਰਕੇ ਬਹੁਤ ਸਾਰੇ ਸਲੋਕਾਂ ਦੀਆਂ ਪੰਕਤੀਆਂ/ਤੁਕਾਂ ਲੋਕ ਜੁਬਾਨ ਦਾ ਹਿੱਸਾ ਅਖਾਣਾਂ ਅਤੇ ਮੁਹਾਵਰਿਆਂ ਦੇ ਰੂਪ ਵਿਚ ਬਣ ਗਈਆਂ ਹਨ; ਜਿਵੇਂ:

-ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੭)

-ਮਨੁ ਮਾਇਆ ਮੈ ਫਧਿ ਰਹਿਓ ਬਿਸਰਿਓ ਗੋਬਿੰਦ ਨਾਮੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੯)

-ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੭)

-ਸੁਖ ਮੈ ਬਹੁ ਸੰਗੀ ਭਏ ਦੁਖ ਮੈ ਸੰਗਿ ਨ ਕੋਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੯)

ਗੁਰੂ ਜੀ ਦੇ ਸਲੋਕਾਂ ਦੀ ਭਾਸ਼ਾ ਸਰਲ ਬ੍ਰਜ ਹੈ। ਬਾਣੀ ਵਿਚ ਹਿੰਦੀ ਅਤੇ ਪੰਜਾਬੀ ਦੇ ਬਹੁਤ ਸ਼ਬਦ ਮਿਲਦੇ ਹਨ। ਗੁਰੂ ਜੀ ਨੇ ਸਰਲ ਭਾਸ਼ਾ ਨੂੰ ਆਪਣਾ ਸੁਨੇਹਾ ਆਮ ਲੋਕਾਂ ਤਕ ਪਹੁੰਚਾਉਣ ਦਾ ਸਾਧਨ ਵਰਤਿਆ ਹੈ। ਡਾ. ਕਾਲਾ ਸਿੰਘ ਬੇਦੀ ਗੁਰੂ ਜੀ ਰਚਿਤ ਗੁਰਬਾਣੀ ਦੀ ਬੋਲੀ ਅਤੇ ਭਾਸ਼ਾ ਬਾਰੇ ਲਿਖਦੇ ਹਨ: ''ਗੁਰੂ ਜੀ ਦੀ ਸਾਰੀ ਦੀ ਸਾਰੀ ਰਚਨਾ ਹਿੰਦੀ ਵਿਚ ਹੈ, ਪਰ ਕਮਾਲ ਦੀ ਗੱਲ ਇਹ ਹੈ ਕਿ ਫ਼ਾਰਸੀ-ਅਰਬੀ ਦਾ ਇਕ ਸ਼ਬਦ ਵੀ ਬਾਣੀ ਵਿਚ ਦਾਖ਼ਲ ਨਹੀਂ ਹੋਇਆ। ਸੋ ਬੋਲੀ ਦੇ ਪੱਖੋਂ ਇਹ ਬਾਣੀ ਬੇਮਿਸਾਲ ਅਤੇ ਬੇਨਜ਼ੀਰ ਹੈ। ਬੋਲੀ ਅਤੇ ਭਾਸ਼ਾ ਸਰਲਤਾ ਤੇ ਨਵੀਨਤਾ ਨਾਲ ਭਰਪੂਰ ਹੈ। ਬੋਲੀ ਭਾਵੇਂ ਸਰਲ ਹਿੰਦੀ ਹੈ, ਪਰ ਡੂੰਘੇ ਤੋਂ ਡੂੰਘੇ ਰੂਹਾਨੀ ਵਿਚਾਰ ਹਲ ਕਰਨ ਵਿਚ ਕਮਾਲ ਕਰ ਦਿਖਾਇਆ ਹੈ।[੩] ਗੁਰੂ ਜੀ ਨੇ ਸਥਿਤੀ ਦੇ ਪਰਿਪੇਖ ਅਨੁਸਾਰ ਵਿਰੋਧੀ ਸ਼ਬਦਾਂ ਦੀ ਬਹੁਤ ਵਰਤੋਂ ਕੀਤੀ ਹੈ। ਸੁਖ-ਦੁਖ, ਉਸਤਤਿ-ਨਿੰਦਾ, ਹਰਖ-ਸੋਗ, ਸੁਰਗ-ਨਰਕ, ਬੈਰੀ-ਮੀਤ ਆਦਿ ਸ਼ਬਦਾਂ ਦੀ ਵਰਤੋਂ ਹੋਈ ਹੈ। ਇਨ੍ਹਾਂ ਸ਼ਬਦ-ਜੁੱਟਾਂ ਵਿਚ ਵਿਰੋਧੀ ਭਾਵ ਨਹੀਂ ਸਗੋਂ ਸਮਦ੍ਰਿਸ਼ਟੀ ਦੀ ਗੱਲ ਕੀਤੀ ਹੈ। ਉਸ ਮਨੁੱਖ ਨੂੰ ਉਸਤਤਿ (ਸਿਫ਼ਤ) ਅਤੇ ਨਿੰਦਿਆ (ਚੁਗਲੀ) ਨਹੀਂ ਡੁਲਾ ਸਕਦੀ, ਜੋ ਪਰਮਾਤਮਾ ਦੀ ਰਜ਼ਾ ਵਿਚ ਰਹਿੰਦਾ ਹੈ। ਜੇਕਰ ਉਸਤਤਿ ਤਿਆਗਣੀ ਹੈ ਤਾਂ ਨਿੰਦਾ ਦਾ ਤਿਆਗ ਕਰਨਾ ਵੀ ਜ਼ਰੂਰੀ ਹੈ, ਅਜਿਹੇ ਮਨੁੱਖ ਨੂੰ ਸੋਨਾ ਅਤੇ ਲੋਹਾ ਇਕੋ ਜਿਹਾ ਦਿੱਸਦਾ ਹੈ:

ਉਸਤਤਿ ਨਿੰਦਿਆ ਨਾਹਿ ਜਿਹਿ ਕੰਚਨ ਲੋਹ ਸਮਾਨਿ॥

ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ॥(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੭)

ਗੁਰੂ ਜੀ ਨੇ ਸਰਲ ਅਤੇ ਸੰਬੋਧਨੀ ਭਾਸ਼ਾਈ ਜੁਗਤਾਂ ਰਾਹੀਂ ਕਈ ਵਿਸ਼ਿਆਂ (ਨਾਸ਼ਵਾਨਤਾ, ਵੈਰਾਗ, ਨਿਰਭੈ ਪਦ, ਜਗਤ ਰਚਨਾ, ਨਿਰਲੇਪਤਾ, ਨੈਤਿਕਤਾ) ਦੀ ਪ੍ਰਸਤੁਤੀ ਕੀਤੀ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸਲੋਕ ਰਚਨਾ ਆਕਾਰ, ਕਾਵਿ-ਕਲਾ ਅਤੇ ਵਿਸ਼ੇ ਪੱਖੋਂ ਬਹੁਤ ਅਮੀਰ ਹੈ।

ਹਵਾਲੇ:

੧. ਡਾ. ਤਾਰਨ ਸਿੰਘ, *ਗੁਰੂ ਤੇਗ ਬਹਾਦਰ ਜੀਵਨ ਤੇ ਸਿੱਖਿਆ*, ਪੰਨਾ ੩੩.

੨. ਡਾ. ਰਤਨ ਸਿੰਘ ਜੱਗੀ, *ਗੁਰੂ ਗ੍ਰੰਥ ਵਿਸ਼ਵ ਕੋਸ਼ ਭਾਗ-੨*, ਪੰਨਾ ੮੫.

੩. ਡਾ. ਕਾਲਾ ਸਿੰਘ ਬੇਦੀ, *'ਗੁਰੂ ਤੇਗ ਬਹਾਦਰ ਬਾਣੀ ਦੀ ਬੋਲੀ ਅਤੇ ਭਾਸ਼ਾ'* ਗੁਰੂ ਤੇਗ ਬਹਾਦਰ ਜੀਵਨ, ਸੰਦੇਸ਼ ਤੇ ਸ਼ਹਾਦਤ, ਡਾ. ਤਾਰਨ ਸਿੰਘ (ਸੰਪਾ.), ਪੰਨਾ ੯੯

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ

*-ਡਾ. ਸ਼ਿਆਮ ਸੁੰਦਰ ਦੀਪਤੀ**

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਉਪਰੋਕਤ ਸਿਰਲੇਖ ਵਾਲੀ ਪੰਕਤੀ ਸਦੀਵੀ ਗਿਆਨ ਦੀ ਕਥਨੀ ਵਜੋਂ ਕਈ ਅਰਥ ਦੱਸਦੀ ਹੈ। ਇਸ ਪਿੱਛੇ ਮੁੱਖ ਤੌਰ 'ਤੇ ਮਨੋਵਿਗਿਆਨਕ ਫ਼ਲਸਫ਼ਾ ਛੁਪਿਆ ਹੈ। ਵੈਸੇ ਤਾਂ ਗੁਰਬਾਣੀ ਦੇ ਸਾਰੇ ਵਾਕ ਹੀ ਕਿਸੇ ਨਾ ਕਿਸੇ ਮਨੋਕਥਨੀ ਦੇ ਪ੍ਰਗਟਾਵੇ ਨੂੰ ਪੇਸ਼ ਕਰਦੇ ਹਨ। ਭੈ ਉਹ ਹਥਿਆਰ ਹੈ ਜਿਸ ਨੂੰ ਵਰਤ ਕੇ ਰਾਜੇ-ਮਹਾਰਾਜਿਆਂ ਨੇ ਆਪਣੀ ਸੱਤਾ ਬਣਾਈ ਰੱਖੀ ਹੈ। ਬਹੁਤ ਨਾਂ ਗਿਣੇ ਜਾ ਸਕਦੇ ਹਨ, ਪਰ ਮਸੋਲਨੀ ਅਤੇ ਹਿਟਲਰ ਦੋ ਅਜਿਹੇ ਨਾਂ ਹਨ ਜਿਹੜੇ ਸਾਰੀ ਦੁਨੀਆ ਵਿਚ ਪ੍ਰਚਲਿਤ ਹਨ। ਇਨ੍ਹਾਂ ਨੇ ਭੈ ਦਾ ਹਥਿਆਰ ਵਰਤ ਕੇ ਦੁਨੀਆ ਦੇ ਲੋਕਾਂ 'ਤੇ ਬੇਇੰਤਹਾ ਤਸ਼ੱਦਦ ਕੀਤਾ ਹੈ, ਇੱਥੋਂ ਤਕ ਕਿ ਕਈ ਕੌਮਾਂ ਦੀਆਂ ਨਸਲਾਂ ਨੂੰ ਵੀ ਖ਼ਤਮ ਕਰਨ ਦੀ ਕੋਸ਼ਿਸ਼ ਹੋਈ ਹੈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸਮੇਂ ਮੁਗ਼ਲ ਰਾਜਿਆਂ ਦੇ ਜੁਲਮਾਂ ਕਰਕੇ ਲੋਕ ਪ੍ਰੇਸ਼ਾਨ ਸਨ। ਜੁਲਮਾਂ ਦਾ ਕਾਰਨ ਸੀ, ਧਰਮ ਤਬਦੀਲੀ। ਇਹਦੇ ਵਿਚ ਕੁਝ ਮੁਗ਼ਲ ਰਾਜੇ ਉਦਾਰ ਨੀਤੀ ਵਾਲੇ ਵੀ ਸਨ, ਪਰ ਕਈ ਨਾਮ ਜੁਲਮ ਕਰਨ ਦੇ ਪੱਖ ਤੋਂ ਅੱਜ ਤਕ ਚਰਚਿਤ ਹਨ। ਗੁਰੂ ਨਾਨਕ ਸਾਹਿਬ ਤੋਂ ਲੈ ਕੇ ਸਿੱਖ ਪਰੰਪਰਾ ਵਿਚ ਪਿਆਰ, ਸਹਿਯੋਗ ਅਤੇ ਭਾਈਚਾਰਾ ਮੁੱਖ ਰਹੇ ਹਨ। ਵੈਸੇ ਤਾਂ ਸਾਰੇ ਗੁਰੂ ਸਾਹਿਬਾਨ ਨੇ ਮਾਨਵਤਾ ਦਾ ਸੰਦੇਸ਼ ਦਿੱਤਾ ਹੈ। ਗੁਰਬਾਣੀ ਆਪਣੇ ਆਪ ਵਿਚ ਉਦਾਰਹਨ ਹੈ। ਇਸ ਵਿਚ ਭਗਤ ਕਬੀਰ ਦੀ ਬਾਣੀ ਵੀ ਸ਼ਾਮਲ ਹੈ ਅਤੇ ਭਗਤ ਸ਼ੇਖ ਫਰੀਦ ਜੀ ਦੇ ਬੋਲ ਵੀ।*ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ* ਦੀ ਗੱਲ ਨੂੰ ਲੋਕਾਂ ਵਿਚ ਲਿਜਾਣ ਵਾਲੀ ਬਾਣੀ ਇਸ ਗੱਲ ਦੀ ਸੂਚਕ ਹੈ ਕਿ ਸਾਰੇ ਮਨੁੱਖ ਬਰਾਬਰ ਹਨ। ਭਗਤ ਕਬੀਰ ਜੀ ਨੇ ਵੀ ਇਸ ਬਾਰੇ ਲਿਖਿਆ ਹੈ: *ਜਹ ਅਨਭਉ ਤਹ ਭੈ ਨਹੀ ਜਹ ਭਉ ਤਹ ਹਰਿ ਨਾਹਿ॥ ਕਹਿਓ ਕਬੀਰ ਬਿਚਾਰਿ ਕੈ ਸੰਤ ਸੁਨਹੁ ਮਨ ਮਾਹਿ॥*

ਡਰ ਇਕ ਪ੍ਰਮੁੱਖ ਜਜ਼ਬਾਤ ਹੈ ਜੋ ਕਿ ਮਨੁੱਖੀ ਸਰੀਰ 'ਤੇ ਨਕਾਰਾਤਮਕ ਅਸਰ ਪਾਉਂਦਾ ਹੈ। ਸਭ ਨੇ ਮਹਿਸੂਸ ਕੀਤਾ ਹੋਵੇਗਾ ਕਿ ਡਰ ਦੇ ਸਮੇਂ ਵਿਅਕਤੀ ਥਰ-ਥਰ ਕੰਬਣ ਲੱਗਦਾ ਹੈ। ਅਸੀਂ ਸੱਪ ਦੀ ਉਦਾਹਰਨ ਲੈ ਸਕਦੇ ਹਾਂ, ਜੋ ਕਿ ਵਿਅਕਤੀ ਨੂੰ ਡਰ ਨਾਲ ਕੰਬਣ ਲਗਾ ਦੇਂਦਾ ਹੈ। ਡਰ ਵੇਲੇ ਮਨੁੱਖ ਵਿਚ ਡਰ ਦਾ ਹਾਰਮੋਨ 'ਕੋਟੀ ਸੋਲ' ਪੈਦਾ ਹੁੰਦਾ ਹੈ ਤੇ ਨਤੀਜੇ ਵਜੋਂ ਵਿਅਕਤੀ ਨਕਾਰਾ ਹੋ ਜਾਂਦਾ ਹੈ। ਉਸ ਨੂੰ ਕੋਈ ਸੋਝੀ ਨਹੀਂ ਰਹਿੰਦੀ ਜਿਵੇਂ ਅਕਲ 'ਤੇ ਪਰਦਾ ਪੈ ਗਿਆ ਹੋਵੇ। ਗੁਰਬਾਣੀ ਦਾ ਫੁਰਮਾਨ ਹੈ: *ਭੈ ਪਇਐ ਤਨੁ ਖੀਣੁ ਹੋਇ ਲੋਭੁ ਰਤੁ ਵਿਚਹੁ ਜਾਇ॥ ਜਿਉ ਬੈਸੰਤਰਿ ਧਾਤੁ ਸੁਧੁ ਹੋਇ ਤਿਉ ਹਰਿ ਕਾ ਭਉ ਦੁਰਮਤਿ*

**ਈ-ਗੁਰੂ ਨਾਨਕ ਐਵੀਨਿਊ, ਮਜੀਠਾ ਰੋਡ, ਸ੍ਰੀ ਅੰਮ੍ਰਿਤਸਰ-੧੪੩੦੦੧; ਮੋ. ੯੮੧੫੮-੦੮੫੦੬*

ਮੈਲੁ ਗਵਾਇ॥ ਡਰ ਸਹੀ ਮਆਨਿਆਂ ਵਿਚ ਮਨੁੱਖ ਦੀ ਹਸਤੀ ਉੱਪਰ ਹਮਲਾ ਹੈ। ਸਰੀਰ ਤਾਂ ਸਰੀਰ; ਮਨੁੱਖ ਦੇ ਮਨ ਅਤੇ ਬੁੱਧੀ ਦੋਵੇਂ ਹੀ ਪ੍ਰਭਾਵਿਤ ਹੁੰਦੇ ਹਨ ਅਤੇ ਆਪਣੀ ਲੀਹ ਤੋਂ ਥੱਲੇ ਉਤਰ ਜਾਂਦੇ ਹਨ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਇਸ ਭਾਵ ਨੂੰ ਬੜੇ ਸਪੱਸ਼ਟ ਸ਼ਬਦਾਂ ਵਿਚ ਬਿਆਨ ਕੀਤਾ ਹੈ ਕਿ ਜਿਹੜਾ ਮਨੁੱਖ ਡਰਾਉਂਦਾ ਨਹੀਂ ਹੈ ਅਤੇ ਕਿਸੇ ਦਾ ਡਰ ਨਹੀਂ ਮੰਨਦਾ ਤੇ ਕਿਸੇ ਤੋਂ ਘਬਰਾਉਂਦਾ ਨਹੀਂ ਹੈ ਉਸ ਨੂੰ ਆਤਮਿਕ ਸੂਝ ਵਾਲਾ ਵਿਅਕਤੀ ਸਮਝਣਾ ਚਾਹੀਦਾ ਹੈ। ਗੁਰੂ ਜੀ ਅਨੁਸਾਰ ਡਰ-ਰਹਿਤ ਜੀਵਨ ਜੀਉਣ ਵਾਲਾ ਵਿਅਕਤੀ ਚੰਗੇ ਵਿਚਾਰਾਂ ਵੱਲ ਆਪਣੇ-ਆਪ ਨੂੰ ਲੈ ਜਾਂਦਾ ਹੈ ਤੇ ਵਧੀਆ ਜੀਵਨ ਜਿਊਂਦਾ ਹੈ:*ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥ ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਨਿ॥* ਗੁਰੂ ਜੀ ਦੇ ਬੋਲ ਉਨ੍ਹਾਂ ਦੀ ਆਪਣੀ ਜੀਵਨ-ਜਾਚ ਵਿੱਚੋਂ, ਸਾਫ-ਸਪੱਸ਼ਟ ਤੌਰ 'ਤੇ ਨਜ਼ਰ ਆਉਂਦੇ ਹਨ। ਉਨ੍ਹਾਂ ਨੇ ਇਕ ਸਾਫ ਅਤੇ ਸਵਛ ਜੀਵਨ ਜੀਵਿਆ। ਸੱਚ ਦੇ ਰਾਹ 'ਤੇ ਚਲਦੇ ਉਹ ਕਦੇ ਨਹੀਂ ਘਬਰਾਏ, ਚਾਹੇ ਉਨ੍ਹਾਂ ਨੂੰ ਆਪਣੀ ਜਾਨ ਦੀ ਬਾਜੀ ਲਾਉਣੀ ਪਈ। ਅੱਜ ਜਦੋਂ ਵੀ ਅਸੀਂ ਦੇਖਦੇ ਹਾਂ ਕਿ ਸੱਤਾ ਕੋਲ ਇੱਕੋ-ਇਕ ਹਥਿਆਰ ਪ੍ਰਭਾਵਿਤ ਤੌਰ 'ਤੇ ਡਰ ਹੀ ਹੈ ਜੋ ਉਹ ਆਪਣੀ ਸੱਤਾ ਬਣਾਈ ਰੱਖਣ ਲਈ ਵਰਤ ਰਹੇ ਹਨ। ਵੈਸੇ ਤਾਂ ਰਾਜੇ-ਮਹਾਰਾਜਿਆਂ ਨੇ ਇਸ ਨੂੰ ਰੱਜ ਕੇ ਵਰਤਿਆ ਹੈ। ਮਸੋਲਨੀ ਤੋਂ ਹਿਟਲਰ ਤਕ ਕਿੰਨੇ ਹੀ ਨਾਂ ਗਿਣੇ ਜਾ ਸਕਦੇ ਹਨ ਜਿਨ੍ਹਾਂ ਨੇ ਕਈ ਕੌਮਾਂ ਤਕ ਨੂੰ ਬਰਬਾਦ ਕਰਨ ਬਾਰੇ ਸੋਚਿਆ ਅਤੇ ਆਪਣੇ ਟੀਚੇ ਪੂਰੇ ਵੀ ਕੀਤੇ। "ਸਾਮ, ਦਾਮ, ਦੰਡ, ਭੇਦ" ਉਹ ਸਾਰੇ ਤਰੀਕੇ ਵਰਤੇ ਜਾ ਸਕਦੇ ਹਨ ਜਿਸ ਨਾਲ ਕੋਈ ਵੀ ਡਰਾਇਆ-ਧਮਕਾਇਆ ਜਾ ਸਕਦਾ ਹੈ। ਉਹ ਤਰੀਕੇ ਮਾਰ-ਕੁੱਟ, ਤਸੀਹੇ ਤੋਂ ਲੈ ਕੇ ਉਸ ਦੇ ਕਿਸੇ ਗੁੱਝੇ ਰਹੱਸ ਨੂੰ ਉਜਾਗਰ ਕਰ ਕੇ ਹੋ ਸਕਦਾ ਹੈ। ਧਮਕਾਅ-ਦਬਾ ਕੇ ਵਿਅਕਤੀ ਨੂੰ ਆਪਣੇ ਥੱਲੇ ਲਾਉਣਾ ਆਦਿ ਇਕ ਤਰ੍ਹਾਂ ਦਾ ਅਜਿਹਾ ਤਰੀਕਾ ਉੱਭਰ ਰਿਹਾ ਹੈ ਕਿ ਵਿਅਕਤੀ ਆਪਣੀਆਂ ਸੂਖਮ ਮਨੁੱਖੀ ਕਲਾਵਾਂ ਤੋਂ ਵਾਂਝਾ ਰਹਿ ਜਾਵੇ ਤੇ ਉਹ ਜਿਸ ਸਮਾਜ ਵਿਚ ਪੈਦਾ ਹੋਇਆ ਹੈ ਉਸ ਲਈ ਕੁਝ ਵੀ ਨਾ ਕਰ ਸਕੇ, ਜਾਂ ਉਸ ਨੂੰ ਇਸ ਯੋਗ ਛੱਡਿਆ ਹੀ ਨਾ ਜਾਵੇ। ਪਿਆਰ ਅਤੇ ਮਿਲਜੁਲ ਕੇ ਰਹਿਣਾ ਇਕ ਅਜਿਹੀ ਮਨੁੱਖੀ ਫਿਤਰਤ ਹੈ ਜੋ ਮਨੁੱਖਾਂ ਦੇ ਹਿੱਸੇ ਆਈ ਹੈ। ਡਰ; ਪਿਆਰ ਦਾ ਪਹਿਲਾ ਦੁਸ਼ਮਣ ਹੈ। ਭੈ ਦੀ ਪ੍ਰਵਿਰਤੀ ਨੂੰ ਸਮਝੀਏ ਤਾਂ ਸਾਰੀ ਕਾਇਨਾਤ ਸਹਿਜੇ ਆਪਣੀ ਚਾਲੇ ਆਪਣੇ ਕਾਰਜ ਨਿਭਾ ਰਹੀ ਹੈ। ਕਦੇ-ਕਦੇ ਸਮਾਜ ਵਿਚ ਕੁਦਰਤੀ ਜੀਵਨ ਨੂੰ ਢਾਅ ਲਾਉਣ ਲਈ ਕੁਝ ਲੋਕਾਂ ਦੀ ਬੁੱਧੀ ਪੁੱਠੇ ਪਾਸੇ ਚੱਲ ਪੈਂਦੀ ਹੈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਬਦ ਵਿਚ 'ਨਾ ਡਰਾਉਣਾ' ਤੇ 'ਨਾ ਡਰਨਾ' ਅਸਲ ਵਿਚ ਕੁਦਰਤ ਦਾ ਹੀ ਸੁਨੇਹਾ ਹੈ। ਜਿਸ ਦੇ ਚਲਦਿਆਂ ਇਕ ਵਧੀਆ ਸੂਝਵਾਨ ਲੋਕਾਂ ਦਾ ਸਮਾਜ ਬਣਾਇਆ ਜਾ ਸਕਦਾ ਹੈ। ਕੁਦਰਤ ਦੀਆਂ ਬਣਾਈਆਂ ਰਸਮਾਂ/ ਨੀਤੀਆਂ ਨੂੰ ਨਾਲ ਲੈ ਕੇ ਚੱਲਣਾ ਗੁਰੂ ਨਾਨਕ ਸਾਹਿਬ ਅਨੁਸਾਰ ਉਸ ਦੀ ਰਜ਼ਾ ਵਿਚ ਰਹਿਣ ਦੇ ਤੁਲ ਹੈ, ਜਿਸ ਨਾਲ ਇਕ ਸਚਿਆਰ ਜੀਵਨ ਬਣਾਇਆ ਜਾ ਸਕਦਾ ਹੈ। ■

ਅਕਤੂਬਰ ੨੦੨੫ ਦਾ ਬਾਕੀ:

ਗੁਰਮਤਿ ਦੇ ਅਨਮੋਲ ਵਿਚਾਰ

*-ਭਾਈ ਰੇਸ਼ਮ ਸਿੰਘ ਸੁਖਮਨੀ ਸੇਵਾ ਵਾਲੇ**

੬੩. ਪਿਆਰ ਇਕ ਐਸਾ ਹਥਿਆਰ ਹੈ, ਜੋ ਨਫਰਤ ਨੂੰ ਜੜ੍ਹੋਂ ਵੱਢ ਦਿੰਦਾ ਹੈ।

੬੪. ਭਗਤੀ ਵਿੱਚੋਂ ਪ੍ਰਗਟ ਹੋਈ ਸ਼ਕਤੀ ਸ਼ਾਂਤੀ ਨੂੰ ਜਨਮ ਦਿੰਦੀ ਹੈ ਅਤੇ ਕ੍ਰੋਧ ਵਿੱਚੋਂ ਪ੍ਰਗਟ ਹੋਈ ਸ਼ਕਤੀ ਜ਼ੁਲਮ ਨੂੰ ਜਨਮ ਦਿੰਦੀ ਹੈ।

੬੫. ਮਰੀ ਹੋਈ ਜ਼ਮੀਰ ਵਾਲੇ ਮਨੁੱਖ ਦਾ ਖਾਧਾ ਹੋਇਆ ਭੋਜਨ ਵੀ ਹਰਾਮ ਬਣ ਜਾਂਦਾ ਹੈ।

੬੬. ਰਾਜਾ ਰੰਕ ਸਿਰਫ ਇਸ ਧਰਤੀ 'ਤੇ ਹੀ ਹਨ, ਰੱਬੀ ਦਰਗਾਹ ਵਿਚ ਰਾਜੇ ਰੰਕ ਦੀ ਬਰਾਬਰ ਹੀ ਪੁੱਛ-ਗਿਛ ਹੁੰਦੀ ਹੈ।

੬੭. ਗ਼ਰੀਬ ਦਾ ਮੂੰਹ ਅਤੇ ਗੁਰੂ ਦੀ ਗੋਲਕ ਇਕ ਸਮਾਨ ਹੁੰਦੀ ਹੈ।

੬੮. ਜਿਸ ਤਰ੍ਹਾਂ ਸੋਨੇ ਨੂੰ ਸ਼ੁੱਧ ਕਰਨ ਲਈ ਅੱਗ ਦੀ ਕੁਠਾਲੀ ਵਿਚ ਪਾਉਣਾ ਪੈਂਦਾ ਹੈ, ਇਸੇ ਤਰ੍ਹਾਂ ਸਿੱਖ ਰੱਬ ਦੇ ਡਰ ਦੀ ਕੁਠਾਲੀ ਵਿਚ ਪੈ ਕੇ ਹੀ ਸ਼ੁੱਧ ਹੁੰਦਾ ਹੈ।

੬੯. ਹਿਰਦੇ ਵਿਚ ਮਨ ਦੇ ਕੱਪੜੇ ਨੂੰ ਸੱਚ ਦੇ ਸਾਬਣ ਨਾਲ ਧੋਂਦੇ ਰਹੀਏ ਤਾਂ ਪਾਪਾਂ ਦੀ ਮੈਲ ਦੂਰ ਹੋ ਜਾਂਦੀ ਹੈ।

੭੦. ਜਦੋਂ ਮਨੁੱਖ ਦਾ ਮਨ ਘਬਰਾ ਜਾਂਦਾ ਹੈ ਤਾਂ ਤਨ ਉਸੇ ਵਕਤ ਮਨ ਦਾ ਸਾਥ ਛੱਡ ਜਾਂਦਾ ਹੈ।

੭੧. ਜਿਹੜਾ ਸਿੱਖ ਹਰ ਰੋਜ਼ ਭੋਜਨ ਛਕਣ ਤੋਂ ਪਹਿਲਾਂ ਰੱਬ ਦਾ ਸ਼ੁਕਰ ਕਰਨ ਦਾ ਆਦੀ ਹੋ ਜਾਂਦਾ ਹੈ, ਰਿਜਕ ਐਸੇ ਸਿੱਖ ਦੇ ਸਦਾ ਬਰੂਹਾਂ 'ਤੇ ਹੀ ਖੜਾ ਰਹਿੰਦਾ ਹੈ।

੭੨. ਜਿਸ ਸਿੱਖ ਦੇ ਸੁਆਸ ਹੀ ਮਾਲਾ ਬਣ ਜਾਂਦੇ ਹਨ, ਐਸੇ ਸਿੱਖ ਦੇ ਬੋਲ ਵੀ ਰੱਬ ਦੇ ਹੋ ਜਾਂਦੇ ਹਨ।

੭੩. ਦੁਨੀਆ ਨੂੰ ਲੁੱਟਣ ਵਾਲਾ ਲੁਟੇਰਾ ਨਰਕਾਂ ਨੂੰ ਜਾਂਦਾ ਹੈ ਪਰ ਰੱਬੀ ਨਾਮ ਦਾ ਲੁਟੇਰਾ ਸੱਚਖੰਡ ਨੂੰ ਚਲਾ ਜਾਂਦਾ ਹੈ।

੭੪. ਜਿਸ ਘਰ ਵਿਚ ਸਿੱਖਾਂ ਸਾਧੂਆਂ ਦੀ ਸੇਵਾ ਨਹੀਂ ਹੁੰਦੀ, ਐਸਾ ਘਰ ਮੜ੍ਹੀਆਂ ਦੇ ਨਿਆਂਈਂ ਅਤੇ ਉਸ ਵਿਚ ਵਸਣ ਵਾਲੇ ਭੂਤਾਂ ਦੇ ਨਿਆਂਈ ਹੁੰਦੇ ਹਨ।

੭੫. ਮਨੁੱਖ ਦੀ ਰੂਹ ਨੂੰ ਕੀਤੇ ਹੋਏ ਪਾਪ ਜਨਮਾਂ ਜਨਮਾਂ ਤਕ ਭੁੰਡਾਂ ਵਾਂਗੂੰ ਚਿੰਬੜੇ ਰਹਿੰਦੇ ਹਨ।

੭੬. ਗਹਿਰੀ ਨੀਂਦ ਵਿਚ ਸੁੱਤਾ ਹੋਇਆ ਮਨੁੱਖ ਪਰਵਾਰ ਅਤੇ ਸੰਸਾਰ ਨਾਲੋਂ ਟੁੱਟ ਜਾਂਦਾ ਹੈ।

---

* *#੨ ਸਰਦਾਰ ਐਵੀਨਿਊ, ਮਜੀਠਾ ਰੋਡ, ਸ੍ਰੀ ਅੰਮ੍ਰਿਤਸਰ-੧੪੩੦੦੧; ਮੋ. ੯੮੧੫੧-੪੩੫੨੬*

੭੭. ਜਿਸ ਸਿੱਖ ਨੂੰ ਸੁਆਸਾਂ ਦੀ ਪੂੰਜੀ ਰੱਬ ਦੇ ਸਿਮਰਨ ਰਾਹੀਂ ਸਾਂਭਣੀ ਆ ਜਾਂਦੀ ਹੈ, ਐਸਾ ਸਿੱਖ ਕਿਸੇ ਵੀ ਜੂਨ ਵਿਚ ਦੁਬਾਰਾ ਸੁਆਸ ਨਹੀਂ ਲੈਂਦਾ।

੭੮. ਕਿਸੇ ਪੂਰਨ ਸੰਤ, ਸਿੱਖ, ਸਾਧੂ ਦੇ ਇਕ ਘੜੀ ਦੇ ਮੇਲੇ ਨਾਲ ਹੀ, ਮਨੁੱਖ ਦਾ ਜੀਵਨ ਬਦਲ ਜਾਂਦਾ ਹੈ।

੭੯. ਮਨਮੁਖ ਦੀ ਮਾਂ ਨਾਲੋਂ, ਭਗਤ ਦੀ ਕੁੱਤੀ ਵੀ ਚੰਗੀ ਹੁੰਦੀ ਹੈ।

੮੦. ਜਿਹੜਾ ਸਿੱਖ ਦੂਰ ਅੰਦੇਸ਼, ਸਿਆਣਾ ਅਤੇ ਵਿਸ਼ਾਲ ਹਿਰਦੇ ਵਾਲਾ ਹੁੰਦਾ ਹੈ, ਮਿੱਤਰ ਉਸ ਨੂੰ ਭਾਲ ਕੇ ਵੀ ਮਿੱਤਰ ਬਣਾ ਲੈਂਦੇ ਹਨ।

੮੧. ਬਾਣੀ ਅਤੇ ਸਿਮਰਨ ਦੇ ਅਭਿਆਸੀ ਸਿੱਖ ਕੋਲੋਂ ਮੌਤ ਵੀ ਕੰਬਦੀ ਹੈ।

੮੨. ਜਿਹੜਾ ਮਨੁੱਖ ਬੱਜਰ ਕੁਰਹਿਤਾਂ ਕਰ ਕੇ ਵੀ ਸਿੱਖੀ ਦੇ ਪੰਜੇ ਕਕਾਰਾਂ ਨੂੰ ਪਾਈ ਰੱਖਦਾ ਹੈ, ਸਤਿਗੁਰੂ ਜੀ ਦੀਆਂ ਨਜ਼ਰਾਂ ਵਿਚ ਐਸਾ ਮਨੁੱਖ ਮਹਾਂ ਧੋਖੇਬਾਜ਼ ਹੁੰਦਾ ਹੈ।

੮੩. ਸੰਸਾਰ ਵਿਚ ਸਭ ਤੋਂ ਕੌੜੀ ਚੀਜ਼, ਕੌੜੇ ਬੋਲ ਹੀ ਹੁੰਦੇ ਹਨ।

੮੪. ਅਕ੍ਰਿਤਘਣ ਮਨੁੱਖ ਸੱਪ ਦੇ ਨਿਆਂਈਂ ਹੁੰਦਾ ਹੈ, ਜੋ ਦੁੱਧ ਪਿਲਾਉਣ 'ਤੇ ਵੀ ਡੰਗ ਮਾਰ ਦਿੰਦਾ ਹੈ।

੮੫. ਚੰਗੇ ਕਰਮ ਕਰਨ ਵਾਲਾ ਦਰਗਾਹ ਵਿਚ ਸਤਿਕਾਰਿਆ ਜਾਂਦਾ ਹੈ ਅਤੇ ਮਾੜੇ ਕਰਮ ਕਰਨ ਵਾਲਾ ਦਰਗਾਹ ਵਿਚ ਫਿਟਕਾਰਿਆ ਜਾਂਦਾ।

੮੬. ਆਪਣੇ ਜੀਵਨ ਨੂੰ ਸੰਵਾਰਨ ਵਾਲਾ ਮਨੁੱਖ ਹੀ, ਹੋਰਨਾਂ ਦੇ ਜੀਵਨ ਨੂੰ ਸੰਵਾਰ ਸਕਦਾ ਹੈ।

੮੭. ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮ ਨੂੰ ਮੰਨਣਾ ਹੀ, ਸਤਿਗੁਰੂ ਦੀ ਸੇਵਾ ਅਤੇ ਸਤਿਗੁਰੂ ਜੀ ਦੇ ਦਰਸ਼ਨ ਹੁੰਦੇ ਹਨ।

੮੮. ਜਿਸ ਤਰ੍ਹਾਂ ਪਾਣੀ ਤੋਂ ਬਗੈਰ ਫ਼ਸਲ ਸੁੱਕ ਜਾਂਦੀ ਹੈ, ਇਸੇ ਤਰ੍ਹਾਂ ਬਾਣੀ ਤੋਂ ਬਗੈਰ ਜੀਵਨ ਸੁੱਕ ਜਾਂਦਾ ਹੈ।

੮੯. ਜਿਵੇਂ ਬਿਮਾਰ ਨੂੰ ਚੰਗੇ ਡਾਕਟਰ, ਚੰਗੀ ਦਵਾਈ ਅਤੇ ਪੂਰੇ ਪ੍ਰਹੇਜ਼ ਦੀ ਲੋੜ ਹੁੰਦੀ ਹੈ, ਇਸੇ ਤਰ੍ਹਾਂ ਸਿੱਖ ਲਈ ਪੂਰੇ ਗੁਰੂ, ਪੂਰੇ ਉਪਦੇਸ਼ ਅਤੇ ਪੂਰੇ ਵਿਕਾਰਾਂ ਦੇ ਪ੍ਰਹੇਜ਼ ਦੀ ਲੋੜ ਹੁੰਦੀ ਹੈ।

੯੦. ਮਨ ਨੂੰ ਛੱਡ ਕੇ ਆਤਮਾ ਨਾਲ ਖਲੋਣ ਵਾਲਾ ਸਿੱਖ, ਆਪਣੇ ਹਿਰਦੇ ਅੰਦਰ ਸਦਾ ਧਰਮੀ ਰਾਜ ਹੀ ਬਣਾਈ ਰੱਖਦਾ ਹੈ।

੯੧. ਅਸਲੀ ਧਰਮ ਉਹ ਹੁੰਦਾ ਹੈ, ਜਿਸ ਨੂੰ ਮਿਟਾਉਣ ਵਾਲੇ ਹੀ ਮਿਟ ਜਾਂਦੇ ਹਨ।

੯੨. ਸੋਚਿਆ ਹੋਇਆ ਬੁਰਾ ਪਾਪ ਬਣ ਜਾਂਦਾ ਹੈ ਅਤੇ ਕੀਤਾ ਹੋਇਆ ਬੁਰਾ ਅਪਰਾਧ ਬਣ ਜਾਂਦਾ ਹੈ।

੯੩. ਗੁਰਬਾਣੀ ਸਿੱਖ ਦੇ ਹਿਰਦੇ ਅੰਦਰ ਸੂਰਜ ਵਾਂਗੂ ਪ੍ਰਕਾਸ਼ ਕਰ ਦਿੰਦੀ ਹੈ।

ਚਲਦਾ...

ਨਵੰਬਰ ਅਤੇ ਦਸੰਬਰ ੨੦੨੫ ਈ. ਦੇ ਗੁਰਪੁਰਬ ਅਤੇ ਇਤਿਹਾਸਿਕ ਦਿਹਾੜੇ

ਪੰਜਾਬੀ ਸੂਬਾ ਦਿਵਸ ੧੬ ਕੱਤਕ ੦੧ ਨਵੰਬਰ
ਜਨਮ ਦਿਹਾੜਾ ਭਗਤ ਨਾਮਦੇਵ ਜੀ ੧੭ ਕੱਤਕ ੦੨ ਨਵੰਬਰ
ਜਨਮ ਦਿਹਾੜਾ ਮਾਤਾ ਸਾਹਿਬ ਕੌਰ ਜੀ ੧੮ ਕੱਤਕ ੦੩ ਨਵੰਬਰ
ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ ੨੦ ਕੱਤਕ ੦੫ ਨਵੰਬਰ
ਸ਼ਹੀਦੀ ਦਿਹਾੜਾ ਬਾਬਾ ਦੀਪ ਸਿੰਘ ਜੀ ੩੦ ਕੱਤਕ ੧੫ ਨਵੰਬਰ
ਸਥਾਪਨਾ ਦਿਵਸ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ੩੦ ਕੱਤਕ ੧੫ ਨਵੰਬਰ
ਗੁਰਿਆਈ ਦਿਵਸ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ (੩੫੦ ਸਾਲਾ)
੦੮ ਮੱਘਰ ੨੩ ਨਵੰਬਰ
ਸ਼ਹੀਦੀ ਦਿਹਾੜਾ ਭਾਈ ਦਿਆਲਾ ਜੀ, ਭਾਈ ਮਤੀ ਦਾਸ ਜੀ ਤੇ
ਭਾਈ ਸਤੀ ਦਾਸ ਜੀ (੩੫੦ ਸਾਲਾ) ੦੯ ਮੱਘਰ ੨੪ ਨਵੰਬਰ
ਸ਼ਹੀਦੀ ਦਿਵਸ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ (੩੫੦ ਸਾਲਾ)
੧੦ ਮੱਘਰ ੨੫ ਨਵੰਬਰ
ਅਕਾਲ ਚਲਾਣਾ ਭਾਈ ਮਰਦਾਨਾ ਜੀ ੧੩ ਮੱਘਰ ੨੮ ਨਵੰਬਰ
ਜਨਮ ਦਿਹਾੜਾ ਸਾਹਿਬਜ਼ਾਦਾ ਬਾਬਾ ਜੋਰਾਵਾਰ ਸਿੰਘ ਜੀ ੧੫ ਮੱਘਰ ੩੦ ਨਵੰਬਰ
ਸ਼ਹੀਦੀ ਦਿਹਾੜਾ ਬਾਬਾ ਗੁਰਬਖਸ਼ ਸਿੰਘ ਜੀ ੧੯ ਮੱਘਰ ੦੪ ਦਸੰਬਰ
ਜਨਮ ਦਿਹਾੜਾ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਜੀ ੨੯ ਮੱਘਰ ੧੪ ਦਸੰਬਰ
ਸਥਾਪਨਾ ਦਿਵਸ ਸ਼੍ਰੋਮਣੀ ਅਕਾਲੀ ਦਲ ੨੯ ਮੱਘਰ ੧੪ ਦਸੰਬਰ
ਕਿਲ੍ਹਾ ਸ੍ਰੀ ਅਨੰਦਗੜ੍ਹ ਸਾਹਿਬ ਛੱਡਣਾ ੦੬ ਪੋਹ ੨੦ ਦਸੰਬਰ
ਪਰਿਵਾਰ ਵਿਛੋੜਾ ਸਰਸਾ ਨੰਗਲ ੦੭ ਪੋਹ ੨੧ ਦਸੰਬਰ
ਸ਼ਹੀਦੀ ਦਿਹਾੜਾ ਬਾਬਾ ਜੀਵਨ ਸਿੰਘ (ਭਾਈ ਜੈਤਾ ਜੀ) ੦੭ ਪੋਹ ੨੧ ਦਸੰਬਰ
ਸ਼ਹੀਦੀ ਵੱਡੇ ਸਾਹਿਬਜ਼ਾਦੇ ਤੇ ਚਮਕੌਰ ਸਾਹਿਬ ਦੇ ਹੋਰ ਸ਼ਹੀਦ ੦੮ ਪੋਹ ੨੨ ਦਸੰਬਰ
ਸ਼ਹੀਦੀ ਦਿਹਾੜਾ ਭਾਈ ਸੰਗਤ ਸਿੰਘ ਜੀ ੦੯ ਪੋਹ ੨੩ ਦਸੰਬਰ
ਸ਼ਹੀਦੀ ਦਿਹਾੜਾ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ੧੩ ਪੋਹ ੨੭ ਦਸੰਬਰ
ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ੧੩ ਪੋਹ ੨੭ ਦਸੰਬਰ

ਪੂਰਨਮਾਸੀ ੨੦ ਕੱਤਕ ੦੫ ਨਵੰਬਰ, **ਸੰਗਰਾਂਦ** ੦੧ ਮੱਘਰ ੧੬ ਨਵੰਬਰ
ਮੱਸਿਆ ੦੫ ਮੱਘਰ ੨੦ ਨਵੰਬਰ, **ਪੂਰਨਮਾਸੀ** ੧੯ ਮੱਘਰ ੦੪ ਦਸੰਬਰ
ਸੰਗਰਾਂਦ ੦੧ ਪੋਹ ੧੫ ਦਸੰਬਰ, **ਮੱਸਿਆ** ੦੫ ਪੋਹ ੧੯ ਦਸੰਬਰ

ਖ਼ਬਰਨਾਮਾ

ਰਾਜਸਥਾਨ ਦੇ ਮੰਡੀ ਗੋਲੂਵਾਲਾ 'ਚ ਗੁਰਦੁਆਰਾ ਸਾਹਿਬ 'ਤੇ ਹੋਏ ਹਮਲੇ ਦਾ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਲਿਆ ਸਖ਼ਤ ਨੋਟਿਸ

ਸ੍ਰੀ ਅੰਮ੍ਰਿਤਸਰ, ੩ ਅਕਤੂਬਰ– ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਰਾਜਸਥਾਨ ਦੇ ਜ਼ਿਲ੍ਹਾ ਹਨੂਮਾਨਗੜ੍ਹ ਦੇ ਗੁਰਦੁਆਰਾ ਮਹਿਤਾਬਗੜ੍ਹ ਸਾਹਿਬ, ਮੰਡੀ ਗੋਲੂਵਾਲਾ ਵਿਖੇ ਕੁਝ ਲੋਕਾਂ ਵੱਲੋਂ ਹਮਲਾ ਕਰਨ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਸਰਕਾਰ ਨੂੰ ਹਮਲਾਵਰ ਲੋਕਾਂ ਖ਼ਿਲਾਫ਼ ਤੁਰੰਤ ਸਖ਼ਤ ਕਾਰਵਾਈ ਕਰਨ ਲਈ ਆਖਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਮਿਲੀ ਜਾਣਕਾਰੀ ਅਨੁਸਾਰ ਇਹ ਮਿੱਥ ਕੇ ਕੀਤਾ ਗਿਆ ਹਮਲਾ ਹੈ, ਜਿਸ ਨੂੰ ਸਿੱਖ ਕੌਮ ਕਦੇ ਵੀ ਬਰਦਾਸ਼ਤ ਨਹੀਂ ਕਰੇਗੀ। ਉਨ੍ਹਾਂ ਕਿਹਾ ਕਿ ਬੜੇ ਹੀ ਵਹਿਸ਼ੀਆਨਾ ਤਰੀਕੇ ਨਾਲ ਗੁਰਦੁਆਰਾ ਸਾਹਿਬ ਅੰਦਰ ਸੁੱਤੇ ਸਿੰਘਾਂ 'ਤੇ ਹਮਲਾ ਕਰ ਕੇ ਸਿੰਘਾਂ ਸਮੇਤ ਛੋਟੇ-ਛੋਟੇ ਬੱਚਿਆਂ ਨੂੰ ਵੀ ਗੰਭੀਰ ਜ਼ਖ਼ਮੀ ਕੀਤਾ ਗਿਆ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਦੁੱਖ ਦੀ ਗੱਲ ਹੈ ਕਿ ਇਹ ਸਭ ਕੁਝ ਪੁਲਿਸ ਦੀ ਮੌਜੂਦਗੀ ਵਿਚ ਹੋਇਆ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਸਿੱਖਾਂ ਨੇ ਜਿੱਥੇ ਦੇਸ਼ ਦੀ ਰੱਖਿਆ ਲਈ ਹਮੇਸ਼ਾ ਮੋਹਰੀ ਰੋਲ ਅਦਾ ਕੀਤਾ ਹੈ, ਉੱਥੇ ਜਿਸ ਵੀ ਖਿੱਤੇ ਵਿਚ ਵੱਸੇ ਹਨ, ਉੱਥੋਂ ਦੀ ਤਰੱਕੀ ਵਿਚ ਵੀ ਵੱਡਾ ਯੋਗਦਾਨ ਪਾਇਆ ਹੈ। ਉਨ੍ਹਾਂ ਕਿਹਾ ਕਿ ਦੁੱਖ ਦੀ ਗੱਲ ਹੈ ਕਿ ਇਸ ਦੇ ਬਾਵਜੂਦ ਵੀ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਰਾਜਸਥਾਨ ਅੰਦਰ ਸਿੱਖਾਂ ਨੂੰ ਪਹਿਲਾਂ ਵੀ ਕਈ ਵਾਰ ਕਕਾਰਾਂ ਕਰਕੇ ਵੱਡੀਆਂ ਮੁਸ਼ਕਲਾਂ 'ਚੋਂ ਲੰਘਣਾ ਪਿਆ ਹੈ। ਇਸ ਦੇ ਵਿਰੁੱਧ ਜਿੱਥੇ ਸਿੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਵਾਜ਼ ਉਠਾਈ, ਉੱਥੇ ਹੀ ਸਥਾਨਕ ਸਿੱਖਾਂ ਨੇ ਸਰਕਾਰ ਨੂੰ ਆਪਣੇ ਫੈਸਲੇ ਬਦਲਣ ਲਈ ਮਜ਼ਬੂਰ ਕੀਤਾ। ਉਨ੍ਹਾਂ ਕਿਹਾ ਕਿ ਬਹੁਤ ਸਾਰੇ ਲੋਕ ਸਮਾਜ ਵਿਚ ਵੰਡੀਆਂ ਪਾ ਕੇ ਆਪਣੀ ਸਿਆਸਤ ਚਮਕਾਉਣੀ ਚਾਹੁੰਦੇ ਹਨ, ਜੋ ਦੇਸ਼ ਹਿੱਤ ਵਿਚ ਨਹੀਂ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਅਜਿਹੀ ਖੁਲ੍ਹ ਨਹੀਂ ਦਿੱਤੀ ਜਾ ਸਕਦੀ ਕਿ ਉਹ ਅਜਿਹੀਆਂ ਹਰਕਤਾਂ ਕਰੇ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਰਾਜਸਥਾਨ ਦੇ ਮੁੱਖ ਮੰਤਰੀ ਨੂੰ ਇਸ ਮਾਮਲੇ 'ਤੇ ਤੁਰੰਤ ਕਾਰਵਾਈ ਕਰਦਿਆਂ ਦੋਸ਼ੀਆਂ ਨੂੰ ਮਿਸਾਲੀ ਸਜ਼ਾਵਾਂ ਦਿਵਾਉਣ ਲਈ ਆਖਿਆ।

ਅਮਰੀਕੀ ਫੌਜ 'ਚ ਸਿੱਖਾਂ ਨੂੰ ਦਾੜ੍ਹੀ ਰੱਖਣ ਤੋਂ ਰੋਕਣਾ ਧਾਰਮਿਕ ਅਜ਼ਾਦੀ ਦਾ ਉਲੰਘਣ- ਐਡਵੋਕੇਟ ਹਰਜਿੰਦਰ ਸਿੰਘ ਧਾਮੀ

ਸ੍ਰੀ ਅੰਮ੍ਰਿਤਸਰ, ੬ ਅਕਤੂਬਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅਮਰੀਕਾ ਦੇ ਰੱਖਿਆ ਸਕੱਤਰ ਦੇ ਅਮਰੀਕੀ ਰੱਖਿਆ ਬਲਾਂ 'ਚ ਸਿੱਖਾਂ ਨੂੰ ਦਾੜ੍ਹੀ ਰੱਖਣ ਤੋਂ ਰੋਕਣ ਵਾਲੇ ਬਿਆਨ ਬਾਰੇ ਭਾਰਤ ਦੇ ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਨੂੰ ਪੱਤਰ ਲਿਖ ਕੇ ਅਮਰੀਕਾ ਸਰਕਾਰ ਕੋਲ ਮਾਮਲਾ ਉਠਾ ਕੇ ਇਸ 'ਤੇ ਰੋਕ ਲਗਾਉਣ ਲਈ ਆਖਿਆ ਹੈ। ਪੱਤਰ ਵਿਚ ਲਿਖਿਆ ਗਿਆ ਕਿ ਇਸ ਫੈਸਲੇ ਨਾਲ ਸਿੱਖਾਂ ਦੀਆਂ ਧਾਰਮਿਕ ਮਾਨਤਾਵਾਂ ਨੂੰ ਸੱਟ ਵੱਜੀ ਹੈ, ਇਸ ਨੂੰ ਰੋਕਿਆ ਜਾਵੇ ਅਤੇ ਸਿੱਖਾਂ ਨੂੰ ਪਹਿਲਾਂ ਵਾਂਗ ਅਮਰੀਕਾ ਦੀ ਆਰਮੀ ਵਿਚ ਆਪਣੇ ਧਰਮ ਦਾ ਪਾਲਣ ਕਰਦਿਆਂ ਸੇਵਾਵਾਂ ਦੀ ਇਜਾਜ਼ਤ ਹੋਵੇ।

ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਅਮਰੀਕਾ ਸਰਕਾਰ ਦੇ ਅਧਿਕਾਰੀ ਦਾ ਅਜਿਹਾ ਬਿਆਨ ਸਿੱਖਾਂ ਦੀਆਂ ਪਰੰਪਰਾਵਾਂ ਅਤੇ ਮੌਲਿਕ ਅਧਿਕਾਰਾਂ ਨੂੰ ਅੱਖੋ-ਪਰੋਖੇ ਕਰਨ ਵਾਲਾ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਨੇ ਆਪਣੀ ਕਾਬਲੀਅਤ ਨਾਲ ਜਿੱਥੇ ਪੂਰੀ ਦੁਨੀਆ ਵਿਚ ਚੰਗੇ ਮੁਕਾਮ ਹਾਸਲ ਕੀਤੇ ਹਨ, ਉੱਥੇ ਅਮਰੀਕਾ ਦੇ ਵਿਕਾਸ ਵਿਚ ਵੀ ਆਪਣਾ ਯੋਗਦਾਨ ਪਾਇਆ ਹੈ ਅਤੇ ਅਮਰੀਕਾ ਦੀਆਂ ਸੈਨਾਵਾਂ ਵਿਚ ਵੀ ਸਿੱਖ ਆਪਣੀ ਡਿਊਟੀ ਪੂਰੀ ਲਗਨ ਨਾਲ ਕਰ ਰਹੇ ਹਨ। ਅਜਿਹੇ ਵਿਚ ਫੌਜ ਦੀ ਡਿਊਟੀ ਦੌਰਾਨ ਸਿੱਖਾਂ ਨੂੰ ਦਾੜ੍ਹੀ ਰੱਖਣ ਤੋਂ ਰੋਕਣ ਦਾ ਫੈਸਲਾ ਤਰਕਸੰਗਤ ਨਹੀਂ ਹੈ।

ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖਾਂ ਵੱਲੋਂ ਆਪਣੇ ਕੇਸ ਨਾ ਕੱਟਣੇ ਆਪਣੇ ਗੁਰੂ ਸਾਹਿਬਾਨ ਅਤੇ ਧਰਮ ਪ੍ਰਤੀ ਵਚਨਬੱਧਤਾ ਹੈ ਅਤੇ ਅਮਰੀਕਾ ਦੇ ਰੱਖਿਆ ਮੰਤਰੀ ਵੱਲੋਂ ਸਿੱਖਾਂ ਨੂੰ ਦਾੜ੍ਹੀ ਰੱਖਣ ਤੋਂ ਰੋਕਣ ਦਾ ਕਾਨੂੰਨ ਸਿੱਖਾਂ ਦੀ ਧਾਰਮਿਕ ਅਜ਼ਾਦੀ 'ਤੇ ਹਮਲਾ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਵਰਗੇ ਲੋਕਤੰਤਰੀ ਦੇਸ਼ ਵਿਚ ਸਿੱਖ ਭਾਈਚਾਰੇ ਨਾਲ ਅਜਿਹਾ ਵਿਤਕਰਾ ਠੀਕ ਨਹੀਂ ਹੈ। ਉਨ੍ਹਾਂ ਇਹ ਵੀ ਆਖਿਆ ਕਿ ਅਮਰੀਕਾ ਦੇ ਸਰਬਪੱਖੀ ਵਿਕਾਸ ਵਿਚ ਸਿੱਖਾਂ ਦੇ ਯੋਗਦਾਨ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਸਿੱਖਾਂ ਨੇ ਉੱਥੇ ਰਹਿੰਦਿਆਂ ਬੇਹੱਦ ਸਖ਼ਤ ਮਿਹਨਤ ਕਰ ਕੇ ਦੇਸ਼ ਦੀ ਖੁਸ਼ਹਾਲੀ ਲਈ ਕੰਮ ਕੀਤਾ ਹੈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਦੇ ਰੀਤੀ-ਰਿਵਾਜ ਦੁਨੀਆ ਦੇ ਕਿਸੇ ਹਿੱਸੇ ਵਿਚ ਵੀ ਜਾਣ-ਪਛਾਣ ਦੇ ਮੁਥਾਜ ਨਹੀਂ ਹਨ, ਕਿਉਂਕਿ ਪੂਰੀ ਦੁਨੀਆ ਵਿਚ ਸਿੱਖਾਂ ਨੇ ਆਪਣੀ ਪਛਾਣ ਸਥਾਪਿਤ ਕੀਤੀ ਹੋਈ ਹੈ। ਅਮਰੀਕਾ ਦੇਸ਼ ਜਿਹੜਾ ਕਿ ਸਿੱਖਾਂ ਦੇ ਰਹਿਣ-ਸਹਿਣ, ਪਛਾਣ ਅਤੇ ਮਰਯਾਦਾ ਨੂੰ ਨੇੜਿਓਂ ਸਮਝਦਾ ਹੈ, ਉੱਥੇ ਸਿੱਖਾਂ ਦੀ ਧਾਰਮਿਕ ਅਜ਼ਾਦੀ ਨੂੰ ਸੱਟ ਮਾਰਨੀ ਠੀਕ ਨਹੀਂ ਹੈ। ਉਨ੍ਹਾਂ ਅਮਰੀਕਾ ਸਰਕਾਰ ਨੂੰ ਅਜਿਹਾ ਕੋਈ ਵੀ ਫੈਸਲਾ ਨਾ ਕਰਨ ਦੀ ਅਪੀਲ ਕਰਨ ਦੇ ਨਾਲ ਭਾਰਤ ਦੇ ਵਿਦੇਸ਼ ਮੰਤਰੀ ਨੂੰ ਵੀ ਅਪੀਲ ਕੀਤੀ ਕਿ ਉਹ ਇਹ ਮਾਮਲਾ ਤੁਰੰਤ ਅਮਰੀਕਾ ਦੀ ਸਰਕਾਰ ਕੋਲ ਉਠਾ ਕੇ ਇਸ ਦਾ ਹੱਲ ਕਰਨ।

ਜੰਮੂ-ਕਸ਼ਮੀਰ ਦੇ ਪਿੰਡ ਕੌਲਪੁਰ ’ਚ ਸਰੂਪਾਂ ਦੀ ਬੇਅਦਬੀ ਦੀ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਸਖ਼ਤ ਨਿੰਦਾ

ਸ੍ਰੀ ਅੰਮ੍ਰਿਤਸਰ, ੮ ਅਕਤੂਬਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਜੰਮੂ-ਕਸ਼ਮੀਰ ਅੰਦਰ ਸਾਂਬਾ ਜ਼ਿਲ੍ਹੇ ਦੇ ਪਿੰਡ ਕੌਲਪੁਰ ’ਚ ਇਕ ਵਿਅਕਤੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਕੀਤੀ ਬੇਅਦਬੀ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਦੋਸ਼ੀ ਵਿਰੁੱਧ ਕਰੜੀ ਕਾਰਵਾਈ ਕਰਨ ਲਈ ਕਿਹਾ ਹੈ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਖਿਆ ਕਿ ਇਹ ਬੇਹੱਦ ਦੁਖਦ ਮਾਮਲਾ ਹੈ, ਜਿਸ ਨੇ ਸਿੱਖ ਭਾਵਨਾਵਾਂ ਨੂੰ ਗਹਿਰੀ ਸੱਟ ਮਾਰੀ ਹੈ। ਉਨ੍ਹਾਂ ਕਿਹਾ ਕਿ ਜਦੋਂ ਸਮੁੱਚਾ ਪੰਥ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਸਾਕੇ ਦੀ ੩੫੦ ਸਾਲਾ ਸ਼ਤਾਬਦੀ ਮਨਾ ਰਿਹਾ ਹੈ, ਤਾਂ ਅਜਿਹੀਆਂ ਘਟਨਾਵਾਂ ਦਾ ਵਾਪਰਨਾ ਗਹਿਰੀ ਸਾਜ਼ਿਸ਼ ਦਾ ਹਿੱਸਾ ਲਗਦੀਆਂ ਹਨ। ਉਨ੍ਹਾਂ ਕਿਹਾ ਕਿ ਸਰਕਾਰ ਤੁਰੰਤ ਇਸ ਸਾਜ਼ਿਸ਼ ਦਾ ਪਤਾ ਲਗਾਏ ਅਤੇ ਦੋਸ਼ੀਆਂ ਨੂੰ ਮਿਸਾਲੀ ਸਜ਼ਾ ਦੇਵੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਮਿੱਥ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨਾ ਕੌਮ ਦੀਆਂ ਭਾਵਨਾਵਾਂ ’ਤੇ ਸਿੱਧਾ ਹਮਲਾ ਹੈ, ਜਿਸ ਨੂੰ ਕੌਮ ਬਰਦਾਸ਼ਤ ਨਹੀਂ ਕਰ ਸਕਦੀ। ਅਜਿਹੀਆਂ ਘਟਨਾਵਾਂ ਸਰਕਾਰਾਂ ਦੀ ਢਿੱਲ ਅਤੇ ਅਜਿਹੇ ਪੰਥ-ਵਿਰੋਧੀਆਂ ਖ਼ਿਲਾਫ਼ ਢਿੱਲੀ ਕਾਰਵਾਈ ਦਾ ਨਤੀਜਾ ਹੈ। ਕਿਉਂਕਿ ਜਦੋਂ ਵੀ ਅਜਿਹੀ ਮੰਦਭਾਗੀ ਹਰਕਤ ਸਾਹਮਣੇ ਆਉਂਦੀ ਹੈ ਤਾਂ ਦੋਸ਼ੀ ਸਹਿਜੇ ਹੀ ਬਚ ਨਿਕਲਦੇ ਹਨ। ਜੇਕਰ ਮਿਸਾਲੀ ਕਾਰਵਾਈ ਤੇ ਸਜ਼ਾ ਹੋਵੇ ਤਾਂ ਕੋਈ ਵੀ ਅਜਿਹੀ ਹਰਕਤ ਦਾ ਹੀਆ ਨਾ ਕਰੇ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਭਾਰਤ ਸਰਕਾਰ ਨੂੰ ਦੇਸ਼ ਦੇ ਕਾਨੂੰਨ ਵਿਚ ਸੋਧ ਕਰਕੇ ਬੇਅਦਬੀਆਂ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਦਾ ਪ੍ਰਬੰਧ ਕਰਨ ਲਈ ਢੁੱਕਵੇਂ ਕਦਮ ਚੁੱਕਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਭਾਵੇਂ ਪਹਿਲਾਂ ਵੀ ਸਰਕਾਰਾਂ ਨੇ ਸਖ਼ਤ ਕਾਨੂੰਨ ਲਿਆਉਣ ਦੀ ਕਈ ਵਾਰ ਗੱਲਾਂ ਕੀਤੀਆਂ ਹਨ, ਪ੍ਰੰਤੂ ਕੋਈ ਠੋਸ ਨਤੀਜੇ ਸਾਹਮਣੇ ਨਹੀਂ ਆਏ।

ਇਸੇ ਦੌਰਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਜੰਮੂ-ਕਸ਼ਮੀਰ ਵਿਖੇ ਘਟਨਾ ਸਥਾਨ ’ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮੈਂਬਰ ਸ. ਗੁਰਮੀਤ ਸਿੰਘ ਬੂਹ, ਭਾਈ ਅਜੈਬ ਸਿੰਘ ਅਭਿਆਸੀ, ਸਕੱਤਰ ਸ. ਪ੍ਰਤਾਪ ਸਿੰਘ ਅਤੇ ਸਿੱਖ ਮਿਸ਼ਨ ਜੰਮੂ ਕਸ਼ਮੀਰ ਦੇ ਇੰਚਾਰਜ ਸ. ਹਰਭਿੰਦਰ ਸਿੰਘ ਨੂੰ ਭੇਜ ਕੇ ਮੁਕੰਮਲ ਰਿਪੋਰਟ ਮੰਗੀ ਹੈ। ਉਨ੍ਹਾਂ ਇਹ ਵੀ ਨਿਰਦੇਸ਼ ਦਿੱਤੇ ਹਨ ਕਿ ਪ੍ਰਭਾਵਿਤ ਪਾਵਨ ਸਰੂਪ ਸੰਭਾਲੇ ਜਾਣ ਦੀ ਕਾਰਵਾਈ ਕੀਤੀ ਜਾਵੇ ਅਤੇ ਨਾਲ ਹੀ ਕਾਨੂੰਨੀ ਕਾਰਵਾਈ ਲਈ ਵੀ ਜ਼ਿੰਮੇਵਾਰੀ ਨਿਭਾਈ ਜਾਵੇ।

ਗੁਰਦੁਆਰਾ ਸ੍ਰੀ ਦਮਦਮਾ ਸਾਹਿਬ, ਸ੍ਰੀ ਅਨੰਦਪੁਰ ਸਾਹਿਬ
(ਗੁਰਿਆਈ ਅਸਥਾਨ ਪਾ: ਦਸਵੀਂ)

Press Registrar General of India at No.354

Postal Regd.No.L-I/PB-ASR/007/2025-2027 Without Pre-payment of Postage under License no. PB/0370/2025-2027

GURMAT PARKASH

November 2025

Dharam Parchar Committee, Shiromani Gurdwara Parbandhak Committee, Sri Amritsar Sahib

ਗੁਰਦੁਆਰਾ ਸੀਸ ਗੰਜ ਸਾਹਿਬ, ਸ੍ਰੀ ਅਨੰਦਪੁਰ ਸਾਹਿਬ
(ਸੀਸ ਸਸਕਾਰ ਅਸਥਾਨ ਪਾ: ਨੌਵੀਂ)

Owner : Shiromani Gurdwara Parbandhak Committee. Publisher : S. Balwinder Singh, Printer : S. Partap Singh, Printed at Golden Offset Press, Gurdwara Sri Ramsar Sahib, Sri Amritsar Sahib. Published from : SGPC Office, Teja Singh Samundri Hall, Sri Amritsar Sahib. Editor : Satwinder Singh. Date: 2-11-2025